


**ਵੈੱਬਸਾਈਟ**
ਪੰਜਾਬ ਸਟਾਰ ਇੰਟਰਨੈੱਟ 'ਤੇ ਵੀ ਹਰ ਰੋਜ਼ ਪੜ੍ਹ ਸਕਦੇ ਹੋ
www.punjabstar.com
PUNJAB STAR TV





**ਅੰਦਰਲੀ ਖ਼ਬਰ**
ਪ੍ਰਦਰਸ਼ਨ ਮਗਰੋਂ ਕਿਸਾਨ ਆਗੂਆਂ ਦੀ ਜ਼ਮਾਨਤ ਮਨਜ਼ੂਰ 05

**ਅੰਦਰਲੀ ਖ਼ਬਰ**
ਪੀ.ਸੀ.ਐੱਚ.ਐੱਸ. ਕਮਿਊਨਿਟੀ ਸਰਵਿਸਿਜ਼ ਦੇ ਸ਼ੁੱਕਰਵਾਰ ਗਰੁੱਪ ਨੇ ਮਨਾਇਆ 'ਵੈਲਨਟਾਈਨ-ਡੇਅ' 07





ਪੰਨਾ ਨੰ.:6 **ਲੇਖ**
ਪੰਜਾਬੀਓ ਕਦੋਂ ਤੱਕ ਉਜੜਨਾ ਏ...?





PUNJABSTAR.COM

# ਪੰਜਾਬ ਸਟਾਰ

Phone: 905-673-7666 , Fax: 1-289-206-8611
19 ਫਰਵਰੀ ਤੋਂ 25 ਫਰਵਰੀ, 2026
Email :- editor@punjabstar.com, Vo. 20. Issue:1225


## ਪ੍ਰਧਾਨ ਮੰਤਰੀ ਨੇ ਕੈਨੇਡਾ ਦੀ ਪਹਿਲੀ ਰੱਖਿਆ ਉਦਯੋਗਿਕ ਰਣਨੀਤੀ ਕੀਤੀ ਲਾਂਚ




ਓਟਵਾ (ਪੰਜਾਬ ਸਟਾਰ ਬਿਊਰੋ) : ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਅੱਜ ਮੌਂਟਰੀਅਲ ਤੋਂ ਕੈਨੇਡਾ ਦੀ ਪਹਿਲੀ ਰੱਖਿਆ ਉਦਯੋਗਿਕ ਰਣਨੀਤੀ ਲਾਂਚ ਕੀਤੀ, ਜਿਸ ਵਿਚ ਕੈਨੇਡਾ ਵਿਚ ਹੀ ਰੱਖਿਆ ਉਪਾਦਨ ਕਰਨ 'ਤੇ ਜ਼ੋਰ ਦੇਣਾ ਸ਼ਾਮਲ ਹੈ। ਕਾਰਨੀ ਨੇ ਕਿਹਾ ਹੈ ਕਿ ਕੈਨੇਡਾ ਨੂੰ ਆਪਣੀ ਸੁਰੱਖਿਆ ਲਈ ਕਦੇ ਵੀ ਕਿਸੇ ਹੋਰ ਦੇਸ਼ ਦੇ ਹੱਥ ਮਜਬੂਰ ਨਹੀਂ ਬਣਨਾ ਚਾਹੀਦਾ। ਉਨ੍ਹਾਂ ਕਿਹਾ ਕਿ ਕੈਨੇਡਾ ਲੰਮੇ ਸਮੇਂ ਤੋਂ ਆਪਣੀ ਭੂਗੋਲਿਕ ਸਥਿਤੀ ਅਤੇ ਸਾਥੀ ਦੇਸ਼ਾਂ 'ਤੇ ਸੁਰੱਖਿਆ ਲਈ ਬਹੁਤ ਜ਼ਿਆਦਾ ਨਿਰਭਰ * ਬਾਕੀ ਸਫ਼ਾ 2 'ਤੇ

## ਭਾਰਤ-ਕੈਨੇਡਾ ਵਪਾਰ ਸਮਝੌਤੇ ਬਾਰੇ ਸ਼ਰਤਾਂ ਅਗਲੇ ਮਹੀਨੇ

### ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਦੇ ਭਾਰਤ ਦੌਰੇ ਦੌਰਾਨ ਸਮਝੌਤੇ 'ਤੇ ਚਰਚਾ ਦੀ ਸੰਭਾਵਨਾ

(ਪੰਜਾਬ ਸਟਾਰ ਬਿਊਰੋ)

ਭਾਰਤ ਅਤੇ ਕੈਨੇਡਾ ਵੱਲੋਂ ਅਗਲੇ ਮਹੀਨੇ ਕੈਨੇਡਿਆਈ ਪ੍ਰਧਾਨ ਮੰਤਰੀ ਮਾਰਕ ਕਾਰਨੀ ਦੇ ਭਾਰਤ ਦੌਰੇ ਦੌਰਾਨ ਮੁਕਤ ਵਪਾਰ ਸਮਝੌਤੇ (ਐੱਫ ਟੀ ਏ) ਲਈ ਗੱਲਬਾਤ ਸ਼ੁਰੂ ਕਰਨ ਬਾਰੇ ਹਵਾਲਾ ਸ਼ਰਤਾਂ ਨੂੰ ਅੰਤਿਮ ਰੂਪ ਦੇਣ ਦੀ ਉਮੀਦ ਹੈ। ਇਹ ਸ਼ਰਤਾਂ ਪ੍ਰਸਤਾਵਿਤ ਵਪਾਰ ਸਮਝੌਤੇ ਦੇ ਦਾਇਰੇ ਅਤੇ ਰੂਪ-ਰੇਖਾ ਨੂੰ ਦਰਸਾਉਂਦੀਆਂ ਹਨ। * ਬਾਕੀ ਸਫ਼ਾ 2 'ਤੇ

# ਪਾਕਿ 'ਚ ਅੱਤਵਾਦੀ ਹਮਲੇ 'ਚ 11 ਜਵਾਨ ਤੇ ਬੱਚੀ ਹਲਾਕ



ਪਾਕਿਸਤਾਨ ਦੇ ਉੱਤਰ-ਪੱਛਮੀ ਸੂਬੇ ਖ਼ੈਬਰ ਪਖਤੂਨਖਵਾ ਵਿੱਚ ਪਾਬੰਦੀਸ਼ੁਦਾ ਜਥੇਬੰਦੀ ਤਹਿਰੀਕ-ਏ-ਤਾਲਿਬਾਨ ਪਾਕਿਸਤਾਨ ਦੇ ਅੱਤਵਾਦੀਆਂ ਨੇ ਧਮਾਕਾਖੇਜ਼ ਸਮੱਗਰੀ ਨਾਲ ਲੱਦੇ ਵਾਹਨ ਦੀ ਸੁਰੱਖਿਆ ਚੌਕੀ ਨਾਲ ਟੱਕਰ ਮਾਰ ਦਿੱਤੀ, ਜਿਸ ਵਿੱਚ 11 ਜਵਾਨਾਂ ਅਤੇ ਇੱਕ ਬੱਚੀ ਦੀ ਮੌਤ ਹੋ ਗਈ। ਇਹ ਹਮਲਾ ਅਫਗਾਨਿਸਤਾਨ ਦੀ ਸਰਹੱਦ ਨਾਲ ਲੱਗਦੇ ਬਾਜੌਰ ਜ਼ਿਲ੍ਹੇ ਵਿੱਚ ਐੱਫ ਸੀ ਚੌਕੀ 'ਤੇ ਕੀਤਾ ਗਿਆ। ਟੀ ਟੀ ਪੀ ਨੇ ਇਸ ਆਤਮਘਾਤੀ ਹਮਲੇ ਦੀ ਜ਼ਿੰਮੇਵਾਰੀ ਲਈ ਹੈ। ਇੰਟਰ-ਸਰਵਿਸਿਜ਼ ਪਬਲਿਕ ਰਿਲੇਸ਼ਨਜ਼ (ਆਈ ਐੱਸ ਪੀ ਆਰ) ਅਨੁਸਾਰ, ''ਫਿਤਨਾ ਅਲ ਖਵਾਰਿਜ ਨਾਲ ਜੁੜੇ ਖਵਾਰਿਜਾਂ ਨੇ ਬਾਜੌਰ ਜ਼ਿਲ੍ਹੇ ਵਿੱਚ 16 ਫਰਵਰੀ ਨੂੰ ਸੁਰੱਖਿਆ ਬਲਾਂ ਅਤੇ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਦੀ ਸਾਂਝੀ ਚੌਕੀ 'ਤੇ ਕਾਇਰਾਨਾ ਅੱਤਵਾਦੀ ਹਮਲੇ ਦੀ ਕੋਸ਼ਿਸ਼ ਕੀਤੀ।'' ਜ਼ਿਕਰਯੋਗ ਹੈ ਕਿ ਪਾਕਿਸਤਾਨੀ ਸਰਕਾਰ 'ਫਿਤਨਾ-ਅਲ-ਖਵਾਰਿਜ' ਸ਼ਬਦ ਟੀ ਟੀ ਪੀ ਲਈ ਵਰਤਦੀ ਹੈ। ਆਈ ਐੱਸ ਪੀ ਆਰ ਦੇ ਬਿਆਨ ਵਿੱਚ ਕਿਹਾ ਗਿਆ ਹੈ ਕਿ ਸੁਰੱਖਿਆ ਬਲਾਂ ਦੀ ਜਵਾਬੀ ਕਾਰਵਾਈ ਮਗਰੋਂ 12 ਅੱਤਵਾਦੀ ਮਾਰੇ ਗਏ ਹਨ।

## ਕੈਨੇਡਾ ਦੇ ਹਵਾਈ ਅੱਡਿਆਂ ਤੋਂ ਮੋੜੇ 2800 ਪੰਜਾਬੀ

* 40 ਹਜ਼ਾਰ ਤੋਂ ਵੱਧ ਵਿਦੇਸ਼ੀ ਨਾਗਰਿਕ ਮੁਲਕ 'ਚ ਦਾਖਲ ਨਾ ਹੋ ਸਕੇ
* 74 ਹਜ਼ਾਰ ਤੋਂ ਵੱਧ ਲੋਕਾਂ ਵੱਲੋਂ ਪਨਾਹ ਦੇ ਦਾਅਵੇ ਦਾਖਲ



ਟੋਰਾਂਟੋ (ਪੰਜਾਬ ਸਟਾਰ ਬਿਊਰੋ): ਕੈਨੇਡਾ ਦੇ ਹਵਾਈ ਅੱਡਿਆਂ ਤੋਂ ਪੁੱਠੇ ਪੈਰੀਂ ਮੋੜੇ ਲੋਕਾਂ ਦਾ ਨਵਾਂ ਅੰਕੜਾ ਜਾਰੀ ਕਰਦਿਆਂ ਸੀ.ਬੀ.ਐਸ.ਏ. ਨੇ ਦੱਸਿਆ ਹੈ ਕਿ 40 ਹਜ਼ਾਰ ਤੋਂ ਵੱਧ ਵਿਦੇਸ਼ੀ ਨਾਗਰਿਕਾਂ ਨੂੰ ਮੁਲਕ ਵਿਚ ਦਾਖਲ ਹੋਣ ਦੀ ਇਜਾਜ਼ਤ ਨਾ ਦਿਤੀ ਗਈ ਅਤੇ ਬਿਨਾਂ ਸ਼ੱਕ ਇਨ੍ਹਾਂ ਵਿਚ ਸੈਂਕੜੇ ਪੰਜਾਬੀ ਸ਼ਾਮਲ ਹਨ। 1 ਜਨਵਰੀ 2025 ਤੋਂ 31 ਦਸੰਬਰ 2025 ਤੱਕ ਦੇ ਅੰਕੜਿਆਂ ਮੁਤਾਬਕ ਬੇਰੰਗ ਚਿੱਠੀ ਵਾਂਗ ਮੋੜੇ ਲੋਕਾਂ ਵਿਚੋਂ ਜ਼ਿਆਦਾਤਰ ਕੋਲ ਵਿਜ਼ਟਰ ਵੀਜ਼ਾ, ਸਟੱਡੀ ਵੀਜ਼ਾ ਜਾਂ * ਬਾਕੀ ਸਫ਼ਾ 2 'ਤੇ

## ਨਿਊਯਾਰਕ ਦੇ ਚਰਚ 'ਚ ਜ਼ਬਰਦਸਤ ਧਮਾਕਾ, ਪਾਦਰੀ ਅਤੇ ਚਾਰ ਫਾਇਰਫਾਈਟਰ ਝੁਲਸੇ



(ਪੰਜਾਬ ਸਟਾਰ ਬਿਊਰੋ)

ਅਮਰੀਕਾ ਦੇ ਨਿਊਯਾਰਕ ਵਿਚ ਇਕ ਵੱਡਾ ਹਾਦਸਾ ਵਾਪਰਿਆ ਹੈ। ਚਰਚ ਵਿੱਚ ਹੋਏ ਜ਼ੋਰਦਾਰ ਧਮਾਕੇ ਨਾਲ ਚਰਚ ਦੇ ਪਾਦਰੀ ਅਤੇ ਇੱਕ ਫਾਇਰ ਫਾਈਟਰ ਸਮੇਤ ਪੰਜ ਲੋਕ ਗੰਭੀਰ ਜ਼ਖ਼ਮੀ ਹੋ ਗਏ। ਗੈਸ ਦੀ ਬਦਬੂ ਆਉਣ ਦੀ ਰਿਪੋਰਟ ਮਿਲਣ ਤੋਂ ਬਾਅਦ ਫਾਇਰਫਾਈਟਰਜ਼ ਚਰਚ ਦੀ ਇਮਾਰਤ ਵਿੱਚ ਪਹੁੰਚੇ ਹੀ ਸਨ ਕਿ ਉਦੋਂ ਹੀ ਧਮਾਕਾ ਹੋ ਗਿਆ। ਜ਼ਖ਼ਮੀਆਂ ਵਿੱਚ ਇੱਕ * ਬਾਕੀ ਸਫ਼ਾ 2 'ਤੇ

## ਕੈਨੇਡਾ ਛੱਡ ਕੇ ਫ਼ਰਾਰ ਹੋਏ ਸੈਂਕੜੇ ਭਾਰਤੀ

* ਅਮਰੀਕਾ ਦੇ ਬਾਰਡਰ ਏਜੰਟਾਂ ਨੇ ਘੇਰੀਆਂ 2 ਟੋਲੀਆਂ
* ਅਮਰੀਕਾ 'ਚ ਕਿਸਮਤ ਅਜ਼ਮਾਉਣਾ ਚਾਹੁੰਦੇ ਨੇ ਹਜ਼ਾਰਾਂ ਪੰਜਾਬੀ



ਨਿਊਯਾਰਕ, (ਪੰਜਾਬ ਸਟਾਰ ਬਿਊਰੋ) : ਕੈਨੇਡਾ ਰੱਖਣ ਨੂੰ ਤਿਆਰ ਨਹੀਂ ਅਤੇ ਡੌਨਲਡ ਟਰੰਪ ਧੜਾ-ਡਿਪੋਰਟ ਕਰ ਰਹੇ ਹਨ ਪਰ ਚੱਕੀ ਦੇ ਦੋ ਪੁੜਾਂ ਵਿਚਾਲੇ ਫਸੇ ਲੱਖਾਂ ਭਾਰਤੀ ਨੌਜਵਾਨ ਆਪਣੀ ਕਿਸਮਤ ਮੁੜ ਅਜ਼ਮਾਉਣਾ ਚਾਹੁੰਦੇ ਹਨ। ਜੀ ਹਾਂ, ਰਾਤ ਦੇ ਹਨੇਰੇ ਵਿਚ ਅਮਰੀਕਾ ਦਾ ਬਾਰਡਰ ਪਾਰ ਕਰਦਿਆਂ ਫੜੇ ਜਾਣ ਦਾ ਖ਼ਤਰਾ ਘੱਟ ਹੁੰਦਾ ਹੈ, ਸ਼ਾਇਦ ਇਹੋ ਸੋਚ ਕੇ ਭਾਰਤੀ ਨੌਜਵਾਨਾਂ ਦੀਆਂ ਦੋ ਟੋਲੀਆਂ ਕੈਨੇਡਾ ਤੋਂ ਰਵਾਨਾ ਹੋਈਆਂ ਜਿਨ੍ਹਾਂ ਵਿਚੋਂ ਇਕ ਟੋਲੀ ਬਾਰਡਰ ਏਜੰਟਾਂ ਦੇ ਅੜਿੱਕੇ ਆ ਗਈ। ਵਰਮੌਂਟ ਸੂਬੇ ਦੇ ਐਲਬਰਗ ਕਸਬੇ ਨੇੜੇ ਤਿੰਨ ਭਾਰਤੀ ਨਾਗਰਿਕਾਂ ਨੂੰ ਕਾਬੂ ਕਰਦਿਆਂ ਕਸਟਮਜ਼ ਅਤੇ ਬਾਰਡਰ ਪੈਟਰੋਲ ਏਜੰਟਾਂ ਨੇ ਦੱਸਿਆ ਕਿ ਕਿਊਬੈਕ ਸੂਬੇ ਰਾਹੀਂ ਕੁਝ ਲੋਕਾਂ ਦੇ ਅਮਰੀਕਾ ਦਾਖਲ ਹੋਣ ਦੀ ਸੂਹ ਮਿਲੀ। ਘੁੱਪ ਹਨੇਰੇ ਵਿਚ ਭਾਲ ਆਰੰਭੀ ਗਈ ਤਾਂ ਤਿੰਨ ਜਣੇ ਇਕ ਸੂਏ ਵਿਚ ਲੁਕੇ ਹੋਏ ਮਿਲੇ ਜਿਨ੍ਹਾਂ ਵਿਰੁੱਧ ਅਪਰਾਧਕ ਦੋਸ਼ ਆਇਦ ਕਰਦਿਆਂ ਆਈਸ * ਬਾਕੀ ਸਫ਼ਾ 2 'ਤੇ

## ਰਾਸ਼ਟਰਪਤੀ ਟਰੰਪ ਨੇ ਈਰਾਨ-ਅਮਰੀਕਾ ਗੱਲਬਾਤ 'ਤੇ ਚੇਤਾਵਨੀ ਦਿੱਤੀ

### ਕਿਹਾ -ਜੇਕਰ ਸਮਝੌਤਾ ਨਹੀਂ ਹੋਇਆ ਤਾਂ ਗੰਭੀਰ ਨਤੀਜੇ ਭੁਗਤਣੇ ਪੈਣਗੇ



ਵਾਸ਼ਿੰਗਟਨ, (ਪੰਜਾਬ ਸਟਾਰ ਬਿਊਰੋ): ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਹੈ ਕਿ ਉਹ ਜੇਨੇਵਾ ਵਿੱਚ ਅਮਰੀਕਾ ਅਤੇ ਈਰਾਨ ਵਿਚਕਾਰ ਹੋਣ ਵਾਲੀ ਗੱਲਬਾਤ ਦਾ ਸਮਰਥਨ ਕਰਦੇ ਹਨ ਅਤੇ ਖੁਦ ਇਸ ਵਿੱਚ ਅਸਿੱਧੇ ਤੌਰ 'ਤੇ ਸ਼ਾਮਿਲ ਰਹਿਣਗੇ। ਉਨ੍ਹਾਂ ਉਮੀਦ ਪ੍ਰਗਟਾਈ ਕਿ ਇਸ ਵਾਰ ਦੋਵੇਂ ਦੇਸ਼ ਕਿਸੇ ਸਮਝੌਤੇ 'ਤੇ ਪਹੁੰਚ ਸਕਦੇ ਹਨ।

ਰਾਸ਼ਟਰਪਤੀ ਟਰੰਪ ਨੇ ਕਿਹਾ ਕਿ ਈਰਾਨ ਗੱਲਬਾਤ ਕਰਨ ਵਾਲਾ ਬਹੁਤ ਔਖਾ ਦੇਸ਼ ਹੈ, ਪਰ ਉਨ੍ਹਾਂ ਨੂੰ ਉਮੀਦ ਹੈ * ਬਾਕੀ ਸਫ਼ਾ 2 'ਤੇ

## ਕੈਨੇਡਾ ਨੇ ਹਵਾਈ ਸਫ਼ਰ ਰਾਹੀਂ ਅਸਥੀਆਂ ਲਿਜਾਣ ਸਬੰਧੀ ਕੀਤੀ ਵੱਡੀ ਤਬਦੀਲੀ, ਨਵੇਂ ਹੁਕਮ ਜਾਰੀ



ਟੋਰਾਂਟੋ, (ਪੰਜਾਬ ਸਟਾਰ ਬਿਊਰੋ): ਕੈਨੇਡਾ ਨੇ ਹਵਾਈ ਸਫ਼ਰ ਦੌਰਾਨ ਸਸਕਾਰ ਤੋਂ ਬਾਅਦ ਮ੍ਰਿਤਕ ਦੀਆਂ ਅਸਥੀਆਂ (ਫੁੱਲ) ਨਾਲ ਲੈ ਕੇ ਜਾਣ ਸੰਬੰਧੀ ਅੱਜ ਤੋਂ ਨਿਯਮਾਂ ਵਿੱਚ ਵੱਡੀ ਤਬਦੀਲੀ ਕੀਤੀ ਗਈ ਹੈ। ਮਿਲੀ ਜਾਣਕਾਰੀ ਅਨੁਸਾਰ, ਸੁਰੱਖਿਆ ਕਾਰਨਾਂ ਅਤੇ ਸਕੈਨਿੰਗ ਦੀਆਂ ਸੀਮਾਵਾਂ ਕਰਕੇ ਹੁਣ ਜਹਾਜ਼ ਵਿੱਚ ਅਸਥੀਆਂ ਲਿਜਾਣ 'ਤੇ ਕੁਝ ਖਾਸ ਰੋਕਾਂ ਲਗਾਈਆਂ ਗਈਆਂ ਹਨ।

ਨਵੇਂ ਸੁਰੱਖਿਆ ਨਿਯਮਾਂ (CATSA) ਅਨੁਸਾਰ, ਜੇਕਰ ਅਸਥੀਆਂ ਵਾਲਾ ਬਰਤਨ (Urn) ਅਜਿਹੀ ਧਾਤ ਜਾਂ ਸਮੱਗਰੀ ਦਾ ਬਣਿਆ ਹੈ ਜਿਸ ਦੇ ਆਰ-ਪਾਰ ਐਕਸ-ਰੇਅ (X-ray) ਨਹੀਂ ਦੇਖ ਸਕਦਾ, ਤਾਂ ਉਸ ਨੂੰ ਜਹਾਜ਼ ਵਿੱਚ ਲਿਜਾਣ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ।

ਕਈ ਏਅਰਲਾਈਨਾਂ (ਜਿਵੇਂ ਕਿ ਏਅਰ ਕੈਨੇਡਾ) ਨੇ ਸੁਝਾਅ ਦਿੱਤਾ ਹੈ ਕਿ ਅਸਥੀਆਂ ਨੂੰ ਹੁਣ ਸਿਰਫ਼ 'ਕਾਰਗੋ' (Cargo) ਰਾਹੀਂ ਹੀ ਭੇਜਿਆ ਜਾਵੇ, ਤਾਂ ਜੋ ਸੁਰੱਖਿਆ ਜਾਂਚ ਵਿੱਚ ਕੋਈ ਦਿੱਕਤ ਨਾ ਆਵੇ। ਅਸਥੀਆਂ ਲਿਜਾਣ ਸਮੇਂ ਮੌਤ ਦਾ ਸਰਟੀਫਿਕੇਟ (Death Certificate) ਅਤੇ ਸਸਕਾਰ ਦਾ ਸਰਟੀਫਿਕੇਟ (Cremation Certificate) ਹੋਣਾ ਲਾਜ਼ਮੀ ਹੈ। ਯਾਤਰੀਆਂ ਨੂੰ ਸਲਾਹ ਦਿੱਤੀ ਗਈ ਹੈ * ਬਾਕੀ ਸਫ਼ਾ 2 'ਤੇ

## ਅਮਰੀਕਾ 'ਚ ਹੋਏ ਹਾਦਸਿਆਂ ਤੋਂ ਬਾਅਦ ਅੰਗਰੇਜ਼ੀ 'ਚ ਮੁਹਾਰਤ ਰੱਖਣ ਵਾਲੇ ਟਰੱਕ ਡਰਾਈਵਰਾਂ ਨੂੰ ਮੁੱਖ ਤਰਜੀਹ, ਨਿਯਮ ਸਖ਼ਤ



ਅਮਰੀਕਾ (ਪੰਜਾਬ ਸਟਾਰ ਬਿਊਰੋ): ਟਰੰਪ ਪ੍ਰਸ਼ਾਸਨ ਨੇ ਨਵੇਂ ਸੰਘੀ ਨਿਯਮਾਂ ਦਾ ਖੁਲਾਸਾ ਕੀਤਾ ਹੈ, ਜੋ ਅਮਰੀਕਾ ਵਿੱਚ ਕਮਰਸ਼ੀਅਲ ਡਰਾਈਵਰ ਲਾਇਸੈਂਸ (CDL) ਪ੍ਰਾਪਤ ਕਰਨ ਦੀ ਕੋਸ਼ਿਸ਼ ਕਰਨ ਵਾਲੇ ਵਿਦੇਸ਼ੀ ਨਾਗਰਿਕਾਂ ਦੀ ਯੋਗਤਾ ਨੂੰ ਖਾਸ ਤੌਰ 'ਤੇ ਸੀਮਤ ਕਰਦੇ ਹਨ। ਇਹ ਕਦਮ ਹਾਲ ਹੀ ਦੇ ਸਾਲਾਂ ਵਿੱਚ ਇਸ ਪ੍ਰੋਗਰਾਮ ਦੇ ਸਭ ਤੋਂ ਸਖ਼ਤ ਸੁਧਾਰਾਂ ਵਿੱਚੋਂ ਇੱਕ ਹੈ।

ਸੋਧੇ ਹੋਏ ਢਾਂਚੇ ਦੇ ਤਹਿਤ ਸਿਰਫ਼ H-2A (ਆਰਜ਼ੀ ਖੇਤੀਬਾੜੀ ਕਾਮੇ), H-2B (ਆਰਜ਼ੀ ਗੈਰ-ਖੇਤੀਬਾੜੀ ਕਾਮੇ), ਅਤੇ E-2 (ਸੰਧੀ ਨਿਵੇਸ਼ਕ) ਗੈਰ-ਪ੍ਰਵਾਸੀ ਵੀਜ਼ਾ ਰੱਖਣ ਵਾਲੇ ਵਿਦੇਸ਼ੀ ਨਾਗਰਿਕ ਹੀ CDL ਲਈ ਅਪਲਾਈ ਕਰਨ ਦੇ ਯੋਗ ਹੋਣਗੇ। ਨਵੇਂ ਨਿਯਮ ਰੁਜ਼ਗਾਰ ਅਧਿਕਾਰ ਦਸਤਾਵੇਜ਼ (EAD) ਵਾਲੇ ਗੈਰ-ਨਾਗਰਿਕਾਂ ਨੂੰ ਵਪਾਰਕ ਡਰਾਈਵਿੰਗ ਦੇ ਵਿਸ਼ੇਸ਼ ਅਧਿਕਾਰ ਪ੍ਰਾਪਤ ਕਰਨ ਦੀ ਇਜਾਜ਼ਤ ਦੇਣ ਪ੍ਰਥਾ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਖਤਮ ਕਰਦੇ ਹਨ। ਇਸ ਤੋਂ ਪਹਿਲਾਂ ਵੈਧ ਕੰਮ ਦੇ * ਬਾਕੀ ਸਫ਼ਾ 2 'ਤੇ

## ਅਮਰੀਕਾ 'ਚ ਹਾਈ ਸਕੂਲ ਹਾਕੀ ਮੈਚ ਦੌਰਾਨ ਗੋਲੀਬਾਰੀ ਹਮਲਾਵਰ ਸਣੇ ਤਿੰਨ ਦੀ ਮੌਤ !



ਵਾਸ਼ਿੰਗਟਨ ਡੀ.ਸੀ, (ਪੰਜਾਬ ਸਟਾਰ ਬਿਊਰੋ): ਅਮਰੀਕਾ ਦੇ ਰੋਡ ਆਈਲੈਂਡ ਵਿੱਚ ਇੱਕ ਹਾਈ ਸਕੂਲ ਹਾਕੀ ਮੈਚ ਦੌਰਾਨ ਗੋਲੀਬਾਰੀ ਹੋਈ। ਪੁਲਿਸ ਦਾ ਕਹਿਣਾ ਹੈ ਕਿ ਇਸ ਹਮਲੇ ਵਿੱਚ ਤਿੰਨ ਲੋਕ ਮਾਰੇ ਗਏ ਹਨ, ਜਿਨ੍ਹਾਂ ਵਿੱਚ ਬੰਦੂਕਧਾਰੀ ਵੀ ਸ਼ਾਮਲ ਹੈ। ਮ੍ਰਿਤਕਾਂ ਵਿੱਚ ਇੱਕ ਨੌਜਵਾਨ ਔਰਤ ਵੀ ਸ਼ਾਮਲ ਹੈ। ਅਧਿਕਾਰੀਆਂ ਨੇ ਦੱਸਿਆ ਹੈ ਕਿ ਹਮਲਾਵਰ ਨੇ ਘਟਨਾ ਤੋਂ ਬਾਅਦ ਆਪਣੇ ਆਪ ਨੂੰ ਗੋਲੀ ਮਾਰ ਲਈ ਜਿਸ ਕਾਰਨ ਉਸਦੀ ਮੌਤ ਹੋ ਗਈ।

ਦੱਸ ਦਈਏ ਕਿ ਇਹ ਘਟਨਾ ਪਾਵਟਕੇਟ ਦੇ ਡੈਨਿਸ ਐਮ. ਲਿੰਚ ਅਰੇਨਾ ਵਿੱਚ ਵਾਪਰੀ, ਜਿੱਥੇ ਦੋ ਹਾਈ ਸਕੂਲ ਟੀਮਾਂ ਵਿਚਕਾਰ * ਬਾਕੀ ਸਫ਼ਾ 2 'ਤੇ





ਟੈਲੀਵਿਜ਼ਨ ਚੈਨਲ ਲਈ ਐਂਕਰ/ਮਾਰਕੀਟਿੰਗ ਸਟਾਫ਼ ਦੀ ਲੋੜ ਹੈ
ਮਿਸੀਸਾਗਾ ਸਥਿਤ ਟੈਲੀਵਿਜ਼ਨ ਚੈਨਲ ਨੂੰ ਐਂਕਰ (ਹੋਸਟ) ਅਤੇ ਮਾਰਕੀਟਿੰਗ ਲਈ ਲੜਕੇ/ਲੜਕੀਆਂ ਦੀ ਲੋੜ ਹੈ, ਵਧੇਰੇ ਜਾਣਕਾਰੀ ਲਈ
905-673-7666 'ਤੇ ਸੰਪਰਕ ਕਰ ਸਕਦੇ ਹਨ। ਤੁਸੀਂ ਚੰਗੇ ਪੈਸੇ ਬਣਾ ਸਕਦੇ ਹੋ।

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ




- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?

ਮੁਫਤ ਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਸਿੰਘ ਹੁੰਦਲ ਨੂੰ ਕਾਲ ਕਰੋ
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
Late Evening and Weekends Appointments Available



Jasbir Singh Hundal
Registered Credit Counsellor
www.MakeMeDebtFree.ca
416-502-3100
1888-864-3131
Unit #20 - 7015 Tranmere Drive, Mississauga, ON, L5S 1T7



BRAR TAMBER RIGBY
PERSONAL INJURY LAWYERS
We Help Get You the Compensation You Deserve
Book a free consultation:
1-833-BRAR-LAW

PERSONAL INJURY
- Auto Accident
- Pedestrian Hit Accident
- Slip & Fall
- Bicycle Accident
- Family Member Claims
- Short & Long-Term Disability
- CPP Disability
- Wrongful Death & Fata accidents

FOR ALL YOUR REAL ESTATE NEEDS



Harjit Brar
Sales Representative
416-417-6010



ਕਿਸੇ ਤਰ੍ਹਾਂ ਦੀ ਵੀ ਪ੍ਰੌਪਰਟੀ ਖਰੀਦਣ ਜਾਂ ਵੇਚਣ ਲਈ ਜ਼ਰੂਰ ਸੰਪਰਕ ਕਰੋ
HOMELIFE
HIGHER STANDARDS
HOMELIFE MAPLE LEAF REALTY LTD., BROKERAGE
Independently Owned and Operated
Ph: 905-456-9090



Vik Mehmi
Broker
416-500-6262

# ਪੇਜ ਇੱਕ ਦੀ ਬਾਕੀ

## ਪ੍ਰਧਾਨ ਮੰਤਰੀ ਨੇ ਕੈਨੇਡਾ...

ਕਰਦਾ ਆ ਰਿਹਾ ਹੈ, ਜੋ ਠੀਕ ਨਹੀਂ ਹੈ। ਇਸ ਯੋਜਨਾ ਦਾ ਮਕਸਦ ਆਉਂਦੇ ਦਹਾਕੇ ਵਿੱਚ ਫੈਡਰਲ ਡਿਫੈਂਸ ਠੇਕਿਆਂ ਵਿੱਚ ਕੈਨੇਡੀਅਨ ਕੰਪਨੀਆਂ ਦੀ ਹਿੱਸੇਦਾਰੀ 70 ਫ਼ੀਸਦੀ ਤੱਕ ਵਧਾਉਣਾ ਹੈ। ਇਸ ਦੇ ਨਾਲ ਨਾਲ ਕੈਨੇਡਾ ਦੇ ਰੱਖਿਆ ਨਿਰਯਾਤ ਨੂੰ 50 ਫ਼ੀਸਦੀ ਵਧਾਉਣ ਦਾ ਵੀ ਟੀਚਾ ਰੱਖਿਆ ਗਿਆ ਹੈ। 6.6 ਬਿਲੀਅਨ ਡਾਲਰ ਦੀ ਇਸ ਯੋਜਨਾ ਵਿੱਚ ਸਰਕਾਰ ਨੇ ਬਿਲਡ, ਪਾਰਟਨਰ, ਬਾਏ ਮਾਡਲ ਦੀ ਗੱਲ ਕੀਤੀ ਹੈ, ਜਿਸ ਦਾ ਮਤਲਬ ਹੈ ਕਿ ਫੌਜੀ ਸਾਮਾਨ ਕੈਨੇਡਾ ਦੇ ਅੰਦਰ ਹੀ ਤਿਆਰ ਕੀਤਾ ਜਾਵੇ, ਖਾਸ ਕਰਕੇ ਉਹ ਸਮਰੱਥਾਵਾਂ ਜੋ ਦੇਸ਼ ਦੀ ਖੁਦਮੁਖਤਿਆਰ ਸੁਰੱਖਿਆ ਜਾਂ ਸਾਥੀ ਦੇਸ਼ਾਂ ਨਾਲ ਕੀਤੇ ਵਾਅਦਿਆਂ ਲਈ ਬਹੁਤ ਜ਼ਰੂਰੀ ਹਨ। ਇਸ ਤੋਂ ਇਲਾਵਾ ਜਿੱਥੇ ਲੋੜ ਹੋਵੇ, ਉੱਥੇ ਹੋਰ ਦੇਸ਼ਾਂ ਨਾਲ ਮਿਲ ਕੇ ਸਾਜ਼ੋ-ਸਾਮਾਨ ਖਰੀਦਿਆ ਜਾਵੇਗਾ ਜਾਂ ਸਿੱਧਾ ਤਿਆਰ ਸਮਾਨ ਖਰੀਦਿਆ ਜਾਵੇਗਾ, ਪਰ ਇਸ ਤਰ੍ਹਾਂ ਕਿ ਉਸਦਾ ਲਾਭ ਕੈਨੇਡਾ ਦੀ ਘਰੇਲੂ ਉਦਯੋਗਿਕ ਪ੍ਰਣਾਲੀ ਨੂੰ ਵੀ ਮਿਲੇ। ਇਸ ਯੋਜਨਾ ’ਤੇ ਕੰਜ਼ਰਵੇਟਿਵ ਲੀਡਰ ਪੀਅਰ ਪੌਲੀਐਵ ਨੇ ਤਿੱਖੀ ਆਲੋਚਨਾ ਕੀਤੀ ਹੈ। ਉਨ੍ਹਾਂ ਨੇ ਮੰਗ ਕੀਤੀ ਹੈ ਕਿ ਸਰਕਾਰ ਨੌਕਰਸ਼ਾਹੀ ਕਟੌਤੀ ਅਤੇ ਖਰੀਦ ਪ੍ਰਕਿਰਿਆ ਨੂੰ ਸੌਖਾ ਤੇ ਤੇਜ਼ ਬਣਾਵੇ, ਤਾਂ ਜੋ ਫੌਜੀ ਸਾਜ਼ੋ-ਸਾਮਾਨ ਦੀ ਖਰੀਦ ਵਿੱਚ ਦੇਰੀ ਨਾ ਹੋਵੇ।

## ਭਾਰਤ-ਕੈਨੇਡਾ ਵਪਾਰ...

ਦੋਵੇਂ ਦੇਸ਼ ਪਹਿਲਾਂ ਵਪਾਰ ਸਮਝੌਤੇ ’ਤੇ ਗੱਲਬਾਤ ਕਰ ਰਹੇ ਸਨ ਪਰ ਇਸ ਨੂੰ 2023 ਵਿੱਚ ਕੈਨੇਡਾ ਵੱਲੋਂ ਰੋਕ ਦਿੱਤਾ ਗਿਆ ਸੀ। ਹੁਣ ਉਨ੍ਹਾਂ ਨਵੇਂ ਸਿਰੇ ਤੋਂ ਗੱਲਬਾਤ ਸ਼ੁਰੂ ਕਰਨ ਦਾ ਫ਼ੈਸਲਾ ਕੀਤਾ ਹੈ ਕਿਉਂਕਿ ਇਨ੍ਹਾਂ ਦੋ ਸਾਲਾਂ ਦੌਰਾਨ ਵਿਸ਼ਵ ਵਪਾਰ ਫਰੰਟ ’ਤੇ ਬਹੁਤ ਕੁਝ ਬਦਲ ਗਿਆ ਹੈ। ਅਧਿਕਾਰੀ ਨੇ ਕਿਹਾ ਕਿ ਦੋਵੇਂ ਧਿਰਾਂ ਆਪਸੀ ਲਾਭਕਾਰੀ ਵਪਾਰ ਸਮਝੌਤੇ ਲਈ ਹਵਾਲਾ ਸ਼ਰਤਾਂ ਨੂੰ ਅੰਤਿਮ ਰੂਪ ਦੇਣ ਵਿੱਚ ਰੁੱਝੀਆਂ ਹੋਈਆਂ ਹਨ। ਉਨ੍ਹਾਂ ਕਿਹਾ, ‘‘ਇਸ ਨੂੰ ਕੈਨੇਡਾ ਦੇ ਪ੍ਰਧਾਨ ਮੰਤਰੀ ਦੀ ਫੇਰੀ ਦੌਰਾਨ ਅੰਤਿਮ ਰੂਪ ਦਿੱਤੇ ਜਾਣ ਦੀ ਸੰਭਾਵਨਾ ਹੈ।’’ ਦੋਵਾਂ ਧਿਰਾਂ ਨੇ ਵਪਾਰ ਸਮਝੌਤੇ ਦੀ ਗੱਲਬਾਤ ਲਈ ਆਪਣੇ ਮੁੱਖ ਵਾਰਤਾਕਾਰ ਨਿਯੁਕਤ ਕੀਤੇ ਹਨ। ਵਣਜ ਵਿਭਾਗ ਵਿੱਚ ਸੰਯੁਕਤ ਸਕੱਤਰ ਬ੍ਰਿਜ ਮੋਹਨ ਮਿਸ਼ਰਾ ਭਾਰਤੀ ਧਿਰ ਵੱਲੋਂ ਅਤੇ ਬਰੂਸ ਕ੍ਰਿਸਟੀ ਕੈਨੇਡਾ ਦੇ ਮੁੱਖ ਵਾਰਤਾਕਾਰ ਹਨ। ਭਾਰਤ ਦਾ ਕੈਨੇਡਾ ਨੂੰ ਬਰਾਮਦ 2024-25 ਵਿੱਚ 9.8 ਫ਼ੀਸਦੀ ਵਧ ਕੇ 4.22 ਅਰਬ ਅਮਰੀਕੀ ਡਾਲਰ ਹੋ ਗਈ, ਜੋ 2023-24 ਵਿੱਚ 3.84 ਅਰਬ ਅਮਰੀਕੀ ਡਾਲਰ ਸੀ। ਪਿਛਲੇ ਵਿੱਤੀ ਵਰ੍ਹੇ ਵਿੱਚ ਦਰਾਮਦ 2.33 ਫ਼ੀਸਦੀ ਘਟ ਕੇ 4.44 ਅਰਬ ਅਮਰੀਕੀ ਡਾਲਰ ਹੋ ਗਈ ਸੀ, ਜੋ 2023-24 ਵਿੱਚ 4.45 ਅਰਬ ਅਮਰੀਕੀ ਡਾਲਰ ਸੀ।

## ਕੈਨੇਡਾ ਦੇ ਹਵਾਈ...

ਵਰਕ ਪਰਮਿਟ ਮੌਜੂਦ ਸਨ ਜਦਕਿ ਕੁਝ ਲੋਕਾਂ ਨੇ ਅਮਰੀਕਾ ਦੇ ਬਾਰਡਰ ਰਾਹੀਂ ਨਾਜਾਇਜ਼ ਤਰੀਕੇ ਨਾਲ ਦਾਖਲ ਹੋਣ ਦਾ ਯਤਨ ਕੀਤਾ। ਸਿਰਫ਼ ਐਨਾ ਹੀ ਨਹੀਂ ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ ਨੂੰ 74,690 ਅਸਾਇਲਮ ਕਲੇਮਜ਼ ਨਾਲ ਵੀ ਨਜਿੱਠਣਾ ਪਿਆ। ਦੂਜੇ ਪਾਸੇ ਬਾਰਡਰ ਏਜੰਟਾਂ ਵੱਲੋਂ 22 ਹਜ਼ਾਰ ਤੋਂ ਵੱਧ ਵਿਦੇਸ਼ੀ ਨਾਗਰਿਕਾਂ ਨੂੰ ਡਿਪੋਰਟ ਕਰਨ ਦਾ ਖ਼ਾਸ ਤੌਰ ’ਤੇ ਜ਼ਿਕਰ ਕੀਤਾ ਗਿਆ ਹੈ।

ਬਾਰਡਰ ਏਜੰਸੀ ਦਾ ਕਹਿਣਾ ਹੈ ਕਿ 2025 ਦੌਰਾਨ 8 ਕਰੋੜ 23 ਲੱਖ ਮੁਸਾਫ਼ਰਾਂ ਨੇ ਕੈਨੇਡਾ ਦੀ ਧਰਤੀ ’ਤੇ ਕਦਮ ਰੱਖਿਆ ਜਿਨ੍ਹਾਂ ਵਿਚੋਂ 3 ਕਰੋੜ 67 ਲੱਖ ਹਵਾਈ ਜਹਾਜ਼ ਰਾਹੀਂ ਅਤੇ 4 ਕਰੋੜ 20 ਲੱਖ ਅਮਰੀਕਾ ਦੇ ਬਾਰਡਰ ਰਾਹੀਂ ਦਾਖਲ ਹੋਏ ਜਿਨ੍ਹਾਂ ਵਿਚ 55 ਲੱਖ ਤੋਂ ਵੱਧ ਟਰੱਕ ਡਰਾਈਵਰ ਸ਼ਾਮਲ ਹਨ। ਹਵਾਈ ਅੱਡਿਆਂ ਜਾਂ ਐਂਟਰੀ ਪੋਰਟਸ ਤੋਂ ਵਿਦੇਸ਼ੀ ਨਾਗਰਿਕਾਂ ਨੂੰ ਮੋੜਨ ਦਾ ਸਿਲਸਿਲਾ 2024 ਦੌਰਾਨ ਤੇਜ਼ ਹੋਇਆ ਜਦੋਂ ਇਕੱਲੇ ਜੁਲਾਈ ਮਹੀਨੇ ਦੌਰਾਨ 5,800 ਤੋਂ ਵੱਧ ਲੋਕਾਂ ਨੂੰ ਕੈਨੇਡਾ ਵਿਚ ਦਾਖਲ ਹੋਣ ਦੀ ਇਜਾਜ਼ਤ ਨਾ ਦਿਤੀ ਗਈ। ਹਵਾਈਆਂ ਅੱਡਿਆਂ ਸਣੇ ਜ਼ਮੀਨੀ ਰਸਤੇ ਅਮਰੀਕਾ ਤੋਂ ਆਉਣ ਵਾਲਿਆਂ ਦੇ ਯਾਤਰਾ ਦਸਤਾਵੇਜ਼ ਬਾਰੀਕੀ ਨਾਲ ਦੇਖੇ ਜਾ ਰਹੇ ਹਨ। ਇੰਮੀਗ੍ਰੇਸ਼ਨ ਵਕੀਲਾਂ ਦਾ ਕਹਿਣਾ ਹੈ ਕਿ ਸਿਆਸਤਦਾਨਾਂ ਵੱਲੋਂ ਬਾਰਡਰ ਅਫਸਰਾਂ ਦੇ ਕੰਨ ਵਿਚ ਫੂਕ ਮਾਰ ਦਿਤੀ ਗਈ ਹੈ ਕਿ ਵਿਦੇਸ਼ਾਂ ਤੋਂ ਆਉਣ ਵਾਲੇ ਕਈ ਲੋਕ ਸਾਡੇ ਮੁਲਕ ਦਾ ਨੁਕਸਾਨ ਕਰ ਰਹੇ ਹਨ ਜਿਸ ਦੇ ਮੱਦੇਨਜ਼ਰ ਜਾਇਜ਼ ਵੀਜ਼ਾ ਹੋਣ ’ਤੇ ਵੀ ਉਨ੍ਹਾਂ ਨੂੰ ਲੰਘਣ ਨਹੀਂ ਦਿਤਾ ਜਾਂਦਾ। ਇਸੇ ਦੌਰਾਨ ਇੰਮੀਗ੍ਰੇਸ਼ਨ ਮਹਿਕਮੇ ਵੱਲੋਂ ਵਿਜ਼ਟਰ ਵੀਜ਼ਾ, ਸਟੱਡੀ ਵੀਜ਼ਾ ਅਤੇ ਵਰਕ ਪਰਮਿਟ ਜਾਰੀ ਕਰਨ ਦੀ ਰਫ਼ਤਾਰ ਵੀ ਘਟਾ ਦਿਤੀ ਗਈ ਹੈ ਅਤੇ ਪਹਿਲਾਂ ਦੇ ਮੁਕਾਬਲੇ ਬਹੁਤ ਥੋੜ੍ਹੇ ਵੀਜ਼ੇ ਜਾਰੀ ਕੀਤੇ ਜਾ ਰਹੇ ਹਨ। ਇਥੋਂ ਤੱਕ ਕਿ ਵਿਜ਼ਟਰ ਵੀਜ਼ਾ ਦੀਆਂ ਜ਼ਿਆਦਾਤਰ ਅਰਜ਼ੀਆਂ ਸਿੱਧੇ ਤੌਰ ’ਤੇ ਰੱਦ ਕੀਤੀਆਂ ਜਾ ਰਹੀਆਂ ਹਨ ਜਦਕਿ ਸਟੱਡੀ ਵੀਜ਼ਿਆਂ ਦੀ ਗਿਣਤੀ 2024 ਦੇ ਮੁਕਾਬਲੇ ਬਹੁਤ ਜ਼ਿਆਦਾ ਘਟਾ ਦਿਤੀ ਗਈ ਹੈ। ਜਿਥੇ ਕੁਝ ਲੋਕ ਵਾਪਸ ਚਲੇ ਜਾਂਦੇ ਹਨ ਤਾਂ ਕੁਝ ਅਸਾਇਲਮ ਦਾ ਦਾਅਵਾ ਵੀ ਕਰ ਦਿੰਦੇ ਹਨ। ਕੈਨੇਡਾ ਵਿਚ ਰਿਹਾਇਸ਼ ਦੇ ਸੰਕਟ ਅਤੇ ਮਹਿੰਗਾਈ ਵਾਸਤੇ ਟੈਂਪਰੇਰੀ ਰੈਜ਼ੀਡੈਂਟਸ ਨੂੰ ਜ਼ਿੰਮੇਵਾਰ ਠਹਿਰਾਇਆ ਜਾ ਰਿਹਾ ਹੈ ਜਿਨ੍ਹਾਂ ਦੀ ਕੁਲ ਗਿਣਤੀ ਤਿੰਨ ਮਿਲੀਅਨ ਦੇ ਨੇੜੇ ਦੱਸੀ ਜਾ ਰਹੀ ਹੈ। ਇੰਮੀਗ੍ਰੇਸ਼ਨ ਵਿਭਾਗ ਵੱਲੋਂ ਸੰਭਾਵਤ ਤੌਰ ’ਤੇ ਟੈਂਪਰੇਰੀ ਰੈਜ਼ੀਡੈਂਟਸ ਦੀ ਗਿਣਤੀ 20 ਲੱਖ ’ਤੇ ਲਿਆਉਣ ਦਾ ਟੀਚਾ ਮਿੱਥਿਆ ਗਿਆ ਹੈ ਜਿਨ੍ਹਾਂ ਵਿਚ ਕੌਮਾਂਤਰੀ ਵਿਦਿਆਰਥੀ, ਵਰਕ ਪਰਮਿਟ ਵਾਲੇ ਅਤੇ ਵਿਜ਼ਟਰ ਵੀਜ਼ਾ ’ਤੇ ਆਏ ਲੋਕ ਸ਼ਾਮਲ ਹਨ।

## ਨਿਊਯਾਰਕ ਦੇ ਚਰਚ...

ਪਾਦਰੀ ਅਤੇ ਚਾਰ ਫਾਇਰਫਾਈਟਰ ਸ਼ਾਮਲ ਸਨ।

ਨਿਊਜ਼ ਏਜੰਸੀ ਦੇ ਅਨੁਸਾਰ, ਨਿਊਯਾਰਕ ਸਟੇਟ ਪੁਲਿਸ ਧਮਾਕੇ ਦੀ ਜਾਂਚ ਕਰ ਰਹੀ ਹੈ। ਇਹ ਧਮਾਕਾ ਸਵੇਰੇ 10:30 ਵਜੇ ਦੇ ਕਰੀਬ ਨਿਊਯਾਰਕ ਦੇ ਬੂਨਵਿਲ ਵਿੱਚ ਅਬੰਡੈਂਟ ਲਾਈਫ ਚਰਚ ਵਿੱਚ ਹੋਇਆ, ਧਮਾਕੇ ਨਾਲ ਹਵਾ ਵਿੱਚ ਕਾਲੇ ਧੂੰਏਂ ਦਾ ਸੰਘਣਾ ਗੁਬਾਰ ਫੈਲ ਗਿਆ। ਪੁਲਿਸ ਅਧਿਕਾਰੀਆਂ ਦੇ ਅਨੁਸਾਰ, ਇਹ ਧਮਾਕਾ ਪ੍ਰੋਪੇਨ ਸਿਲੰਡਰਾਂ ਵਿਚੋਂ ਇਕ ਵਿਚ ਲੀਕ ਅਤੇ ਅੱਗ ਲੱਗਣ ਕਾਰਨ ਹੋਇਆ। ਪ੍ਰੋਪੇਨ ਸਿਲੰਡਰਾਂ ਦਾ ਮੁੱਖ ਉਦੇਸ਼ ਘਰਾਂ, ਦਫਤਰਾਂ ਅਤੇ ਉਦਯੋਗਾਂ ਨੂੰ ਸਾਫ਼, ਕੁਸ਼ਲ ਅਤੇ ਪੋਰਟੇਬਲ ਊਰਜਾ ਪ੍ਰਦਾਨ ਕਰਨਾ ਹੈ। ਇਹ ਇਕ ਉੱਚ ਊਰਜਾ ਕੁਸ਼ਲ ਬਾਲਣ ਹੈ ਜੋ ਖਾਣਾ ਪਕਾਉਣ, ਘਰਾਂ/ਪਾਣੀ ਨੂੰ ਗਰਮ ਕਰਨ, ਹੀਟਰ ਚਲਾਉਣ ਅਤੇ ਬੈਕਅੱਪ ਜਨਰੇਟਰਾਂ ਲਈ ਵਰਤਿਆ ਜਾਂਦਾ ਹੈ।

## ਕੈਨੇਡਾ ਛੱਡ ਕੇ...

ਦੇ ਸਪੁਰਦ ਕੀਤਾ ਜਾ ਰਿਹਾ ਹੈ। ਦੂਜੀ ਟੋਲੀ ਬਾਰੇ ਫ਼ਿਲਹਾਲ ਕੋਈ ਜਾਣਕਾਰੀ ਹਾਸਲ ਨਾ ਹੋ ਸਕੀ ਅਤੇ ਬਾਰਡਰ ਏਜੰਟਾਂ ਵੱਲੋਂ ਐਲਬਰਗ ਕਸਬੇ ਦੇ ਆਲੇ-ਦੁਆਲੇ ਤਲਾਸ਼ੀ ਮੁਹਿੰਮ ਤੇਜ਼ ਕੀਤੀ ਗਈ ਹੈ। ਦੱਸ ਦੇਈਏ ਕਿ ਕੈਨੇਡਾ ਵਿਚ ਪਿਛਲੇ ਵਰ੍ਹੇ ਇੰਮੀਗ੍ਰੇਸ਼ਨ ਸਟੇਟਸ ਗਵਾਉਣ ਵਾਲੇ 20 ਲੱਖ ਤੋਂ ਵੱਧ ਵਿਦੇਸ਼ੀ ਨਾਗਰਿਕਾਂ ਵਿਚੋਂ ਅੱਧੇ ਭਾਰਤੀ ਨੌਜਵਾਨ ਹਨ ਅਤੇ ਨਵੇਂ ਵਰ੍ਹੇ ਵਿਚ ਅੰਕੜਾ ਹੋਰ ਵਧ ਰਿਹਾ ਹੈ। ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ ਵੱਲੋਂ ਡਿਪੋਰਟ ਕੀਤੇ ਜਾ ਰਹੇ ਵਿਦੇਸ਼ੀ ਨਾਗਰਿਕਾਂ ਵਿਚ ਵੀ ਭਾਰਤੀ, ਖਾਸ ਤੌਰ ’ਤੇ ਪੰਜਾਬੀ ਨੌਜਵਾਨਾਂ ਦੀ ਗਿਣਤੀ ਸਭ ਤੋਂ ਵੱਧ ਹੈ ਜਿਨ੍ਹਾਂ ਦੀ ਮਜਬੂਰੀ ਦਾ ਫ਼ਾਇਦਾ ਮਨੁੱਖੀ ਤਸਕਰਾਂ ਵੱਲੋਂ ਉਠਾਇਆ ਜਾ ਰਿਹਾ ਹੈ।

ਪੰਜਾਬੀਆਂ ਨੂੰ ਇਹ ਗੱਲ ਜਚਾਉਣ ਦੇ ਯਤਨ ਹੋ ਰਹੇ ਹਨ ਕਿ ਹੁਣ ਅਮਰੀਕਾ ਵਿਚ ਇੰਮੀਗ੍ਰੇਸ਼ਨ ਛਾਪਿਆਂ ਦੀ ਰਫ਼ਤਾਰ ਮੱਠੀ ਪੈ ਚੁੱਕੀ ਹੈ ਅਤੇ ਵੱਡੇ ਪੱਧਰ ’ਤੇ ਫੜੋ-ਫੜੀ ਨਹੀਂ ਕੀਤੀ ਜਾ ਰਹੀ। ਮੌਕਾ ਦੇਖ ਬਾਰਡਰ ਪਾਰ ਕਰ ਲਿਆ ਜਾਵੇ ਤਾਂ ਭਵਿੱਖ ਬਿਹਤਰ ਹੋ ਸਕਦਾ ਹੈ। ਦੂਜੇ ਪਾਸੇ ਕੈਨੇਡਾ ਵਿਚ ਇੰਮੀਗ੍ਰੇਸ਼ਨ ਵਕੀਲਾਂ ਵੱਲੋਂ ਸੁਚੇਤ ਕੀਤਾ ਗਿਆ ਹੈ ਕਿ ਵੱਡੀ ਗਿਣਤੀ ਵਿਚ ਨੌਜਵਾਨ ਠੱਗੀ ਦਾ ਸ਼ਿਕਾਰ ਬਣ ਰਹੇ ਹਨ। ਵਰਕ ਪਰਮਿਟ ਦੀ ਮਿਆਦ ਵਧਾਉਣ ਜਾਂ ਐਲ.ਐਮ.ਆਈ.ਏ. ਦੇ ਨਾਂ ’ਤੇ ਉਨ੍ਹਾਂ ਤੋਂ ਮੋਟੀਆਂ ਰਕਮਾਂ ਦੀ ਮੰਗ ਕੀਤੀ ਜਾ ਰਹੀ ਹੈ ਜਦਕਿ ਕੁਝ ਨੌਜਵਾਨਾਂ ਨੂੰ ਬਾਰਡਰ ਪਾਰ ਕਰਨ ਦੇ ਸੁਝਾਅ ਦਿਤੇ ਜਾ ਰਹੇ ਹਨ। ਚੇਤੇ ਰਹੇ ਕਿ ਆਉਂਦੇ ਛੇ ਮਹੀਨੇ ਬਾਅਦ 9 ਲੱਖ 27 ਹਜ਼ਾਰ ਨੌਜਵਾਨਾਂ ਦੇ ਵਰਕ ਪਰਮਿਟ ਖ਼ਤਮ ਹੋ ਜਾਣਗੇ ਜਿਨ੍ਹਾਂ ਵਿਚ ਹਜ਼ਾਰਾਂ ਪੰਜਾਬੀ ਨੌਜਵਾਨ ਸ਼ਾਮਲ ਹਨ। ਕੈਨੇਡਾ ਵਿਚ ਰਹਿਣ ਲਈ ਇਨ੍ਹਾਂ ਨੂੰ ਘੱਟੋ ਘੱਟ ਵਿਜ਼ਟਰ ਵੀਜ਼ਾ ਲੋੜੀਂਦਾ ਹੋਵੇਗਾ ਅਤੇ ਜੇ ਉਹ ਵੀ ਨਹੀਂ ਮਿਲਦਾ ਤਾਂ ਮੁਲਕ ਵਿਚ ਨਾਜਾਇਜ਼ ਤਰੀਕੇ ਨਾਲ ਮੌਜੂਦ ਵਿਦੇਸ਼ੀ ਨਾਗਰਿਕ ਹੀ ਮੰਨੇ ਜਾਣਗੇ ਜਿਨ੍ਹਾਂ ਨੂੰ ਫੜ ਕੇ ਡਿਪੋਰਟ ਕਰਨ ਦੀ ਜ਼ਿੰਮੇਵਾਰੀ ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ ਨੂੰ ਸੌਂਪੀ ਗਈ ਹੈ। ਕੈਨੇਡਾ ਵਿਚ ਕਿਸਮਤ ਅਜ਼ਮਾਉਣ ਦਾ ਇਕ ਹੋਰ ਤਰੀਕਾ ਅਸਾਇਲਮ ਕਲੇਮ ਹੋ ਸਕਦਾ ਹੈ ਪਰ ਰਫ਼ਿਊਜੀ ਬੋਰਡ ਨੇ ਅਤੀਤ ਵਿਚ ਸਿਰਫ਼ 14 ਫ਼ੀ ਸਦੀ ਅਸਾਇਲਮ ਕਲੇਮ ਪ੍ਰਵਾਨ ਕੀਤੇ ਅਤੇ ਬਾਕੀ ਅਰਜ਼ੀਆਂ ਸਿੱਧੇ ਤੌਰ ’ਤੇ ਰੱਦ ਕਰ ਦਿਤੀਆਂ ਗਈਆਂ। ਵਰਕ ਪਰਮਿਟ ਦੀ ਮਿਆਦ ਲੰਘਣ ਵਾਲਿਆਂ ਵਿਚੋਂ ਜ਼ਿਆਦਾਤਰ ਇੰਟਰਨੈਸ਼ਨਲ ਸਟੂਡੈਂਟਸ ਨੇ ਜਿਨ੍ਹਾਂ ਵੱਲੋਂ ਪੀ.ਆਰ. ਹਾਸਲ ਕਰਨ ਦਾ ਹਰ ਢੰਗ-ਤਰੀਕਾ ਵਰਤਿਆ ਗਿਆ ਪਰ ਇਹ ਕਾਰਗਰ ਸਾਬਤ ਨਾ ਹੋਇਆ ਅਤੇ ਹੁਣ ਰੱਬ ਆਸਰੇ ਕੈਨੇਡਾ ਜਾਂ ਅਮੈਰਿਕਾ ਕਿਸੇ ਵੀ ਮੁਲਕ ਵਿਚ ਟਿਕੇ ਰਹਿਣ ਦੀਆਂ ਕੋਸ਼ਿਸ਼ਾਂ ਜਾਰੀ ਹਨ।

## ਕੈਨੇਡਾ ਨੇ ਹਵਾਈ ਸਫ਼ਰ...

ਕਿ ਉਹ ਅਸਥੀਆਂ ਲਈ ਅਜਿਹੇ ਡੱਬੇ ਜਾਂ ਬਰਤਨ ਦੀ ਵਰਤੋਂ ਕਰਨ ਜੋ ਪਲਾਸਟਿਕ, ਗੱਤੇ ਜਾਂ ਲੱਕੜ ਦੇ ਹੋਣ, ਕਿਉਂਕਿ ਇਹ ਆਸਾਨੀ ਨਾਲ ਸਕੈਨ ਹੋ ਸਕਦੇ ਹਨ।

## ਰਾਸ਼ਟਰਪਤੀ ਟਰੰਪ ਨੇ...

ਕਿ ਇਸ ਵਾਰ ਇਹ ਹੋਰ ਸਮਝਦਾਰੀ ਦਿਖਾਏਗਾ। ਉਨ੍ਹਾਂ ਸਪੱਸ਼ਟ ਤੌਰ ‘ਤੇ ਚੇਤਾਵਨੀ ਦਿੱਤੀ ਕਿ ਜੇਕਰ ਕੋਈ ਸਮਝੌਤਾ ਨਹੀਂ ਹੁੰਦਾ, ਤਾਂ ਇਸਦੇ ਗੰਭੀਰ ਨਤੀਜੇ ਹੋ ਸਕਦੇ ਹਨ। ਟਰੰਪ ਨੇ ਦਾਅਵਾ ਕੀਤਾ ਕਿ ਜੇਕਰ ਅਮਰੀਕਾ ਨੇ ਹਾਲ ਹੀ ਵਿੱਚ ਫੌਜੀ ਕਾਰਵਾਈ ਨਾ ਕੀਤੀ ਹੁੰਦੀ, ਤਾਂ ਈਰਾਨ ਇੱਕ ਮਹੀਨੇ ਦੇ ਅੰਦਰ ਪ੍ਰਮਾਣੂ ਹਥਿਆਰ ਬਣਾ ਸਕਦਾ ਸੀ।

ਇਹ ਗੱਲਬਾਤ ਮੁੱਖ ਤੌਰ ‘ਤੇ ਹੇਠ ਲਿਖੇ ਮੁੱਦਿਆਂ ‘ਤੇ ਕੇਂਦ੍ਰਿਤ ਹੈ: ਈਰਾਨ ਦਾ ਪ੍ਰਮਾਣੂ ਪ੍ਰੋਗਰਾਮ, ਪੱਛਮੀ ਏਸ਼ੀਆ ਵਿੱਚ ਤਣਾਅ, ਅਤੇ ਅਮਰੀਕੀ ਪਾਬੰਦੀਆਂ ਹਨ। ਪਹਿਲਾਂ ਵੀ ਕਈ ਵਾਰ ਗੱਲਬਾਤ ਹੋਈ ਹੈ, ਪਰ ਸਮਝੌਤੇ ਜਾਂ ਤਾਂ ਟੁੱਟ ਗਏ ਹਨ ਜਾਂ ਸਿਰਫ ਅਸਥਾਈ ਹੱਲ ਲੱਭੇ ਗਏ ਹਨ। ਆਰਥਿਕਤਾ ‘ਤੇ ਬੋਲਦੇ ਹੋਏ, ਟਰੰਪ ਨੇ ਕਿਹਾ ਕਿ ਸੰਯੁਕਤ ਰਾਜ ਅਮਰੀਕਾ ਵਿੱਚ ਮਹਿੰਗਾਈ ਬਹੁਤ ਘੱਟ ਹੈ। ਉਨ੍ਹਾਂ ਦੱਸਿਆ ਕਿ ਕਈ ਥਾਵਾਂ ‘ਤੇ ਪੈਟਰੋਲ ਦੀਆਂ ਕੀਮਤਾਂ ਪ੍ਰਤੀ ਗੈਲਨ $2 ਤੋਂ ਘੱਟ ਹਨ। ਅਪਰਾਧ ਬਾਰੇ, ਉਹ ਦਾਅਵਾ ਕਰਦੇ ਹਨ ਕਿ ਸੰਯੁਕਤ ਰਾਜ ਅਮਰੀਕਾ ਵਿੱਚ ਕਤਲ ਦੀ ਦਰ 1900 ਤੋਂ ਬਾਅਦ ਸਭ ਤੋਂ ਘੱਟ ਹੈ। ਸਰਹੱਦੀ ਸੁਰੱਖਿਆ ਬਾਰੇ, ਉਸਨੇ ਕਿਹਾ ਕਿ ਹਜ਼ਾਰਾਂ ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਦੇਸ਼ ਨਿਕਾਲਾ ਦਿੱਤਾ ਗਿਆ ਹੈ। ਰਾਸ਼ਟਰਪਤੀ ਟਰੰਪ ਨੇ ਸਰਕਾਰੀ ਫੰਡਿੰਗ ਵਿਵਾਦ ਲਈ ਡੈਮੋਕਰੇਟਸ ਨੂੰ ਜ਼ਿੰਮੇਵਾਰ ਠਹਿਰਾਇਆ ਅਤੇ ਵਿਰੋਧੀ ਧਿਰ ‘ਤੇ ਵੋਟਰ ਆਈਡੀ ‘ਤੇ ਧੋਖਾਧੜੀ ਦੀ ਮੰਗ ਕਰਨ ਦਾ ਦੋਸ਼ ਲਗਾਇਆ ਹੈ। ਟਰੰਪ ਨੇ ਇਹ ਵੀ ਕਿਹਾ ਕਿ ਕਿਊਬਾ ਨਾਲ ਗੱਲਬਾਤ ਜਾਰੀ ਹੈ ਅਤੇ ਚੀਨੀ ਰਾਸ਼ਟਰਪਤੀ ਨਾਲ ਉਨ੍ਹਾਂ ਦੀ ਗੱਲਬਾਤ ਤੋਂ ਬਾਅਦ ਤਾਈਵਾਨ ਬਾਰੇ ਫੈਸਲਾ ਜਲਦੀ ਹੀ ਲਿਆ ਜਾਵੇਗਾ।

## ਅਮਰੀਕਾ ’ਚ ਹੋਏ...

ਅਧਿਕਾਰ ਵਾਲੇ ਵਿਅਕਤੀ — ਜਿਨ੍ਹਾਂ ਵਿੱਚ ਸ਼ਰਨ ਮੰਗਣ ਵਾਲੇ, ਸ਼ਰਨਾਰਥੀ, ਡੈਫਰਡ ਐਕਸ਼ਨ ਫਾਰ ਚਾਈਲਡਹੁੱਡ ਅਰਾਈਵਲਜ਼ (DACA) ਪ੍ਰਾਪਤ ਕਰਨ ਵਾਲੇ ਅਤੇ ਅਸਥਾਈ ਸੁਰੱਖਿਅਤ ਸਥਿਤੀ (TPS)— ਨੂੰ CDL ਲਈ ਅਪਲਾਈ ਕਰਨ ਦੀ ਇਜਾਜ਼ਤ ਸੀ। ਅੱਪਡੇਟ ਕੀਤੀ ਨੀਤੀ ਦੇ ਤਹਿਤ EAD ਨੂੰ ਹੁਣ ਯੋਗਤਾ ਦੇ ਸਬੂਤ ਵਜੋਂ ਸਵੀਕਾਰ ਨਹੀਂ ਕੀਤਾ ਜਾਵੇਗਾ, ਜਿਸ ਨਾਲ ਕਾਨੂੰਨੀ ਤੌਰ 'ਤੇ ਅਧਿਕਾਰਤ ਕਾਮਿਆਂ ਦੀਆਂ ਕਈ ਸ਼੍ਰੇਣੀਆਂ ਲਈ ਪਹੁੰਚ ਕਾਫ਼ੀ ਸਖ਼ਤ ਹੋ ਜਾਵੇਗੀ।

ਫੈਡਰਲ ਮੋਟਰ ਕੈਰੀਅਰ ਸੇਫਟੀ ਐਡਮਿਨਿਸਟ੍ਰੇਸ਼ਨ (FMCSA), ਜਿਸ ਨੇ ਬਦਲਾਅ ਦੀ ਘੋਸ਼ਣਾ ਕੀਤੀ ਸੀ, ਨੇ ਕਿਹਾ ਕਿ ਨਵੇਂ ਨਿਯਮਾਂ ਦਾ ਉਦੇਸ਼ ਸੁਰੱਖਿਆ ਅਤੇ ਪਾਲਣਾ ਸੰਬੰਧੀ ਚਿੰਤਾਵਾਂ ਨੂੰ ਹੱਲ ਕਰਨਾ ਹੈ। ਏਜੰਸੀ ਦੇ ਅਨੁਸਾਰ 2025 ਵਿੱਚ ਘੱਟੋ-ਘੱਟ 17 ਵੱਡੇ ਹਾਦਸਿਆਂ ਵਿੱਚ ਗੈਰ-ਨਿਵਾਸੀ CDL ਧਾਰਕ ਸ਼ਾਮਲ ਸਨ ਜਿਨ੍ਹਾਂ ਦੀ ਯੋਗਤਾ ਦੀ ਪੂਰੀ ਤਰ੍ਹਾਂ ਪੁਸ਼ਟੀ ਨਹੀਂ ਕੀਤੀ ਜਾ ਸਕਦੀ ਸੀ ਅਤੇ ਜੋ ਸੋਧੇ ਹੋਏ ਮਾਪਦੰਡਾਂ ਦੇ ਤਹਿਤ ਯੋਗ ਨਹੀਂ ਹੁੰਦੇ। FMCSA ਨੇ ਇਹ ਵੀ ਦੋਸ਼ ਲਾਇਆ ਕਿ 30 ਤੋਂ ਵੱਧ ਰਾਜਾਂ ਨੇ ਗੈਰ-ਕਾਨੂੰਨੀ ਤੌਰ 'ਤੇ ਗੈਰ-ਨਿਵਾਸੀ CDL ਜਾਰੀ ਕੀਤੇ ਸਨ ਜੋ ਸੰਘੀ ਦਿਸ਼ਾ-ਨਿਰਦੇਸ਼ਾਂ ਦੇ ਅਨੁਸਾਰ ਨਹੀਂ ਸਨ। ਹਾਲ ਹੀ ਦੇ ਮਹੀਨਿਆਂ ਵਿੱਚ ਕਈ ਖਤਰਨਾਕ ਹਾਈਵੇ ਹਾਦਸੇ ਜਿੰਨ੍ਹਾਂ ਵਿੱਚ ਹਰਜਿੰਦਰ ਸਿੰਘ, ਜਸ਼ਨਪ੍ਰੀਤ ਸਿੰਘ, ਰਜਿੰਦਰ ਕੁਮਾਰ ਅਤੇ ਕਮਲਪ੍ਰੀਤ ਸਿੰਘ ਵਜੋਂ ਪਛਾਣੇ ਗਏ ਡਰਾਈਵਰ ਸ਼ਾਮਲ ਸਨ — ਇਨ੍ਹਾਂ ਸਾਰਿਆਂ ਨੂੰ ਭਾਰਤੀ ਮੂਲ ਦੇ ਦੱਸਿਆ ਗਿਆ ਹੈ ਅਤੇ ਇਨ੍ਹਾਂ ਕੋਲ ਗੈਰ-ਨਿਵਾਸੀ CDL ਸਨ।

ਫੈਡਰਲ ਅਧਿਕਾਰੀਆਂ ਨੇ ਇਨ੍ਹਾਂ ਘਟਨਾਵਾਂ ਨੂੰ ਪ੍ਰਮਾਣਿਕਤਾ ਅਤੇ ਨਿਗਰਾਨੀ ਪ੍ਰਕਿਰਿਆਵਾਂ ਵਿੱਚ ਪ੍ਰਣਾਲੀਗਤ ਕਮਜ਼ੋਰੀਆਂ ਨੂੰ ਦਰਸਾਉਣ ਵਾਲੀਆਂ ਉਦਾਹਰਣਾਂ ਵਜੋਂ ਦਰਸਾਇਆ ਕੀਤਾ। ਨਵੇਂ ਨਿਯਮਾਂ ਦੇ ਤਹਿਤ ਰਾਜ ਦੀਆਂ ਮੋਟਰ ਵਹੀਕਲ ਏਜੰਸੀਆਂ ਲਈ ਹੁਣ ਵਪਾਰਕ ਲਾਇਸੈਂਸ ਜਾਰੀ ਕਰਨ ਤੋਂ ਪਹਿਲਾਂ ਸਿਸਟਮੈਟਿਕ ਏਲੀਅਨ ਵੈਰੀਫਿਕੇਸ਼ਨ ਫਾਰ ਐਂਟਾਈਟਲਮੈਂਟਸ (SAVE) ਸਿਸਟਮ ਰਾਹੀਂ ਹਰੇਕ ਵਿਦੇਸ਼ੀ ਬਿਨੈਕਾਰ ਦੀ ਕਾਨੂੰਨੀ ਇਮੀਗ੍ਰੇਸ਼ਨ ਸਥਿਤੀ ਦੀ ਪੁਸ਼ਟੀ ਕਰਨੀ ਲਾਜ਼ਮੀ ਹੈ। ਪ੍ਰਸ਼ਾਸਨ ਦਾ ਕਹਿਣਾ ਹੈ ਕਿ ਇਹ ਕਦਮ ਯਕੀਨੀ ਬਣਾਏਗਾ ਕਿ ਸਿਰਫ਼ ਯੋਗ ਵੀਜ਼ਾ ਸ਼੍ਰੇਣੀਆਂ ਵਾਲੇ ਵਿਅਕਤੀ ਹੀ ਅਮਰੀਕਾ ਵਿੱਚ ਕਾਨੂੰਨੀ ਤੌਰ 'ਤੇ ਭਾਰੀ ਵਪਾਰਕ ਵਾਹਨ ਚਲਾ ਸਕਣ। ਅਮਰੀਕਾ ਦੇ ਟਰਾਂਸਪੋਰਟੇਸ਼ਨ ਸਕੱਤਰ ਸੀਨ ਡਫੀ ਨੇ ਇੱਕ ਜਨਤਕ ਬਿਆਨ ਵਿੱਚ ਨੀਤੀ ਤਬਦੀਲੀ ਦਾ ਬਚਾਅ ਕਰਦੇ ਹੋਏ ਕਿਹਾ ਕਿ ਪਿਛਲੀਆਂ ਪ੍ਰਥਾਵਾਂ ਨੇ ਲਾਇਸੈਂਸ ਪ੍ਰਣਾਲੀ ਵਿੱਚ ਕਮਜ਼ੋਰੀਆਂ ਪੈਦਾ ਕੀਤੀਆਂ ਸਨ।

ਡਫੀ ਨੇ ਕਿਹਾ, "ਅਮਰੀਕਾ ਨੇ ਖ਼ਤਰਨਾਕ ਵਿਦੇਸ਼ੀ ਡਰਾਈਵਰਾਂ ਨੂੰ ਸਾਡੀ ਟਰੱਕ ਲਾਇਸੈਂਸ ਪ੍ਰਣਾਲੀ ਦੀ ਦੁਰਵਰਤੋਂ ਕਰਨ ਦੀ ਇਜਾਜ਼ਤ ਦਿੱਤੀ ਹੈ — ਜਿਸ ਨਾਲ ਰਾਹਾਂ 'ਤੇ ਤਬਾਹੀ ਮਚੀ ਹੈ। ਹੁਣ ਇਸ ਕਦਮ ਨਾਲ ਅਯੋਗ ਵਿਦੇਸ਼ੀ ਡਰਾਈਵਰ 80,000-ਪੌਂਡ ਦਾ ਵੱਡਾ ਰਿਗ ਚਲਾਉਣ ਲਈ ਲਾਇਸੈਂਸ ਪ੍ਰਾਪਤ ਨਹੀਂ ਕਰ ਸਕਣਗੇ।" ਡਫੀ ਨੇ ਇਹ ਵੀ ਸੰਕੇਤ ਦਿੱਤਾ ਕਿ ਪ੍ਰਸ਼ਾਸਨ ਵਪਾਰਕ ਡਰਾਈਵਰਾਂ ਲਈ ਮੌਜੂਦਾ ਅੰਗਰੇਜ਼ੀ-ਭਾਸ਼ਾ ਦੀ ਮੁਹਾਰਤ ਦੀਆਂ ਜ਼ਰੂਰਤਾਂ ਨੂੰ ਲਾਗੂ ਕਰਨ ਵਿੱਚ ਤੇਜ਼ੀ ਲਿਆਏਗਾ। ਨਵੇਂ ਨਿਯਮਾਂ ਦੇ ਸਮਰਥਕਾਂ ਦਾ ਤਰਕ ਹੈ ਕਿ ਬਦਲਾਅ ਹਾਈਵੇ ਸੁਰੱਖਿਆ ਨੂੰ ਮਜ਼ਬੂਤ ਕਰਨਗੇ, ਰਾਜਾਂ ਵਿੱਚ ਪਾਲਣਾ ਨੂੰ ਮਿਆਰੀ ਬਣਾਉਣਗੇ, ਅਤੇ CDL ਜਾਰੀ ਕਰਨ ਦੀ ਪ੍ਰਕਿਰਿਆ ਵਿੱਚ ਪਾਰਦਰਸ਼ਤਾ ਬਹਾਲ ਕਰਨਗੇ। ਹਾਲਾਂਕਿ, ਆਲੋਚਕਾਂ ਦਾ ਕਹਿਣਾ ਹੈ ਕਿ ਇਹ ਉਪਾਅ ਟਰੱਕਿੰਗ ਉਦਯੋਗ ਵਿੱਚ ਡਰਾਈਵਰਾਂ ਦੀ ਚੱਲ ਰਹੀ ਕਮੀ ਨੂੰ ਹੋਰ ਵਧਾ ਸਕਦੇ ਹਨ ਅਤੇ ਪਰਵਾਸੀ ਭਾਈਚਾਰਿਆਂ ਨੂੰ ਅਸਪਸ਼ਟ ਰੂਪ ਵਿੱਚ ਪ੍ਰਭਾਵਿਤ ਕਰ ਸਕਦੇ ਹਨ ਜੋ ਅਮਰੀਕਾ ਵਿੱਚ ਕੰਮ ਕਰਨ ਲਈ ਕਾਨੂੰਨੀ ਤੌਰ 'ਤੇ ਅਧਿਕਾਰਤ ਹਨ।

## ਅਮਰੀਕਾ ‘ਚ ਹਾਈ ਸਕੂਲ...

ਹਾਕੀ ਦਾ ਮੈਚ ਚੱਲ ਰਿਹਾ ਸੀ। ਪਾਵਟਕੇਟ ਪੁਲਿਸ ਮੁਖੀ ਨੇ ਕਿਹਾ ਕਿ ਤਿੰਨ ਹੋਰ ਪੀੜਤਾਂ ਨੂੰ ਗੰਭੀਰ ਹਾਲਤ ਵਿੱਚ ਹਸਪਤਾਲ ਵਿੱਚ ਭਰਤੀ ਕਰਵਾਇਆ ਗਿਆ ਹੈ। ਨਾਲ ਹੀ ਰ੍ਹੋਡ ਆਈਲੈਂਡ ਦੇ ਗਵਰਨਰ ਡੈਨ ਮੈਕਕੀ ਨੇ ਕਿਹਾ ਕਿ ਰਾਜ ਪ੍ਰਸ਼ਾਸਨ ਸਥਿਤੀ ‘ਤੇ ਨਜ਼ਰ ਰੱਖ ਰਿਹਾ ਹੈ। ਉਨ੍ਹਾਂ ਨੇ ਪਾਵਟਕੇਟ ਦੇ ਮੇਅਰ ਗ੍ਰੀਬੀਅਨ ਅਤੇ ਰਾਜ ਪੁਲਿਸ ਅਧਿਕਾਰੀਆਂ ਨਾਲ ਗੱਲ ਕੀਤੀ ਹੈ। ਰਾਜਪਾਲ ਨੇ ਸੋਸ਼ਲ ਮੀਡੀਆ ਪਲੇਟਫਾਰਮ ਐਕਸ ‘ਤੇ ਕਿਹਾ ਕਿ ਪੁਲਿਸ ਸਥਾਨਕ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਨਾਲ ਮਿਲ ਕੇ ਕੰਮ ਕਰ ਰਹੀ ਹੈ ਅਤੇ ਉਹ ਘਟਨਾ ਤੋਂ ਪ੍ਰਭਾਵਿਤ ਸਾਰੇ ਲੋਕਾਂ ਲਈ ਪ੍ਰਾਰਥਨਾ ਕਰ ਰਹੇ ਹਨ। ਇਹ ਘਟਨਾ ਦੁਪਹਿਰ 2:30 ਵਜੇ ਦੇ ਕਰੀਬ ਵਾਪਰੀ। ਮੁੱਢਲੀ ਜਾਣਕਾਰੀ ਤੋਂ ਪਤਾ ਚੱਲਦਾ ਹੈ ਕਿ ਇਹ ਘਟਨਾ ਪਰਿਵਾਰਕ ਵਿਵਾਦ ਨਾਲ ਸਬੰਧਤ ਹੋ ਸਕਦੀ ਹੈ, ਹਾਲਾਂਕਿ ਅਜੇ ਤੱਕ ਇਸਦਾ ਕਾਰਨ ਸਪੱਸ਼ਟ ਨਹੀਂ ਹੈ। ਮੈਚ ਦੀ ਲਾਈਵ ਸਟ੍ਰੀਮ ਵਿੱਚ ਦਿਖਿਆ ਕਿ ਮੈਚ ਦੌਰਾਨ ਜਿਵੇਂ ਹੀ ਇੱਕ ਟੀਮ ਡਿਫੈਂਸ (ਬਚਾਅ) ਵਿੱਚੋਂ ਨਿਕਲਣ ਦੀ ਕੋਸ਼ਿਸ਼ ਕਰ ਰਹੀ ਸੀ, ਉਦੋਂ ਹੀ ਅਚਾਨਕ ਗੋਲੀਆਂ ਚੱਲਣ ਦੀ ਆਵਾਜ਼ ਗੂੰਜੀ। ਖਿਡਾਰੀ ਬੈਂਚਾਂ ਦੇ ਪਿੱਛੇ ਲੁਕਣ ਲੱਗੇ। ਰੈਫਰੀ ਨੇ ਤੁਰੰਤ ਸੀਟੀ ਵਜਾ ਕੇ ਮੈਚ ਰੋਕ ਦਿੱਤਾ ਅਤੇ ਬਰਫ਼ (Ice Rink) ਤੋਂ ਬਾਹਰ ਚਲੇ ਗਏ। ਕੁਝ ਹੀ ਸਕਿੰਟਾਂ ਵਿੱਚ ਦੋਵੇਂ ਟੀਮਾਂ ਰਿੰਗ ਛੱਡ ਕੇ ਬੋਰਡਾਂ ਦੇ ਉੱਪਰੋਂ ਦੀ ਛਾਲਾਂ ਮਾਰਦੀਆਂ ਹੋਈਆਂ ਦੂਜੇ ਪਾਸੇ ਦੇ ਐਗਜ਼ਿਟ (ਨਿਕਾਸ ਦੁਆਰ) ਵੱਲ ਭੱਜੀਆਂ। ਪੁਲਿਸ ਦੀ ਟੀਮ ਵੀ ਮੌਕੇ ‘ਤੇ ਪਹੁੰਚੀ। ਘਟਨਾ ਤੋਂ ਬਾਅਦ ਇਲਾਕੇ ਵਿੱਚ ਭਾਰੀ ਪੁਲਿਸ ਫੋਰਸ ਤਾਇਨਾਤ ਰਹੀ। ਸੋਮਵਾਰ ਸ਼ਾਮ ਤੱਕ ਐਰੀਨਾ (Arena) ਦੇ ਆਸ-ਪਾਸ ਦੀਆਂ ਸੜਕਾਂ ‘ਤੇ ਪੁਲਿਸ ਦੀ ਗਸ਼ਤ ਜਾਰੀ ਸੀ।

## ਅਮਰੀਕਾ ਦੇ ਕੋਲੋਰਾਡੋ 'ਚ ਭਾਰੀ ਧੂੜ ਭਰੇ ਤੂਫ਼ਾਨ ਕਾਰਨ 30 ਤੋਂ ਵੱਧ ਵਾਹਨ ਟਕਰਾ ਗਏ, ਚਾਰ ਲੋਕਾਂ ਦੀ ਮੌਤ



ਪੁਏਬਲੋ: ਮੰਗਲਵਾਰ ਨੂੰ ਕੋਲੋਰਾਡੋ ਵਿੱਚ ਧੂੜ ਭਰੇ ਤੂਫਾਨ ਕਾਰਨ 30 ਤੋਂ ਵੱਧ ਵਾਹਨ ਟਕਰਾ ਗਏ, ਜਿਸ ਕਾਰਨ ਚਾਰ ਲੋਕਾਂ ਦੀ ਮੌਤ ਹੋ ਗਈ, ਅਧਿਕਾਰੀਆਂ ਨੇ ਦੱਸਿਆ। ਕੋਲੋਰਾਡੋ ਸਟੇਟ ਪੈਟਰੋਲ ਨੇ ਕਿਹਾ ਕਿ ਹਾਦਸਾ ਸਵੇਰੇ 10 ਵਜੇ ਦੇ ਕਰੀਬ ਪੁਏਬਲੋ ਦੇ ਦੱਖਣ ਵਿੱਚ ਇੰਟਰਸਟੇਟ 25 'ਤੇ ਤੇਜ਼ ਹਵਾਵਾਂ ਕਾਰਨ ਉੱਡਦੀ ਧੂੜ ਕਾਰਨ ਵਾਪਰਿਆ। ਉਨ੍ਹਾਂ ਕਿਹਾ ਕਿ ਡਰਾਈਵਰਾਂ ਕੋਲ "ਘੱਟ ਜਾਂ ਕੋਈ ਦ੍ਰਿਸ਼ਟੀ ਨਹੀਂ ਸੀ"। ਪੁਲਿਸ ਨੇ ਕਿਹਾ ਕਿ ਚਾਰ ਲੋਕਾਂ ਦੀ ਮੌਤ ਹੋ ਗਈ ਅਤੇ 29 ਜ਼ਖਮੀਆਂ ਨੂੰ ਹਸਪਤਾਲ ਲਿਜਾਇਆ ਗਿਆ, ਪਰ ਉਨ੍ਹਾਂ ਦੀ ਹਾਲਤ ਦਾ ਪਤਾ ਨਹੀਂ ਲੱਗ ਸਕਿਆ। ਹਾਦਸੇ ਦੇ ਕਾਰਨਾਂ ਦੀ ਜਾਂਚ ਕੀਤੀ ਜਾ ਰਹੀ ਹੈ। ਬੁਲਾਰੇ ਸ਼ੈਰੀ ਮੈਂਡੇਜ਼ ਨੇ ਕਿਹਾ ਕਿ ਘੱਟ ਦ੍ਰਿਸ਼ਟੀ ਨੂੰ ਇੱਕ ਕਾਰਕ ਮੰਨਿਆ ਜਾ ਰਿਹਾ ਹੈ, ਪਰ ਹੋਰ ਕਾਰਕ ਵੀ ਸ਼ਾਮਲ ਹੋ ਸਕਦੇ ਹਨ।

# ਅਮਰੀਕਾ ਤੋਂ ਪੰਜਾਬੀ ਨੌਜਵਾਨ ਡਿਪੋਰਟ

### * 64 ਸਾਲ ਦੇ ਭਾਰਤੀ ਨੂੰ ਜ਼ਮਾਨਤ ਨਾ ਮਿਲ ਸਕੀ * ਡਿਪੋਰਟੇਸ਼ਨ ਰੋਕਣ ਦੀ ਅਰਜ਼ੀ ’ਤੇ ਸੁਣਵਾਈ ਜਲਦ




ਨਿਊ ਯਾਰਕ : ਅਮਰੀਕਾ ਤੋਂ ਡਿਪੋਰਟ ਪੰਜਾਬੀ ਨੌਜਵਾਨ ਆਪਣੇ ਆਪ ਨੂੰ ਖੁਸ਼ਕਿਸਮਤ ਮੰਨ ਰਿਹਾ ਹੈ ਜੋ ਇੰਮੀਗ੍ਰੇਸ਼ਨ ਡਿਟੈਨਸ਼ਨ ਸੈਂਟਰ ਦੇ ਨਰਕ ਵਿਚੋਂ ਨਿਕਲ ਕੇ ਆਪਣੇ ਪਿੰਡ ਪੁੱਜ ਸਕਿਆ ਜਦਕਿ ਦੂਜੇ ਪਾਸੇ ਇਕ ਭਾਰਤੀ ਬਜ਼ੁਰਗ ਡੀਪੋਰਟੇਸ਼ਨ ਦੇ ਹੁਕਮਾਂ ਵਿਰੁੱਧ ਅਦਾਲਤੀ ਲੜਾਈ ਲੜ ਰਿਹਾ ਹੈ ਅਤੇ ਕਤਲ ਦੇ ਦੋਸ਼ਾਂ ਵਿਚੋਂ ਬਰੀ ਹੋਣ ਦੇ ਬਾਵਜੂਦ ਟਰੰਪ ਸਰਕਾਰ ਜ਼ਮਾਨਤ ਦੇਣ ਨੂੰ ਤਿਆਰ ਨਹੀਂ। ਜੀ ਹਾਂ, ਇਥੇ ਗੱਲ ਹੋ ਰਹੀ ਹੈ 64 ਸਾਲ ਦੇ ਬਜ਼ੁਰਗ ਸੁਬਰਾਮਣੀਅਮ ਵੇਦਮ ਅਤੇ ਜਲੰਧਰ ਜ਼ਿਲ੍ਹੇ ਦੇ ਪਿੰਡ ਕਾਲੜਾ ਨਾਲ ਸਬੰਧਤ ਗੌਤਮ ਦੀ। ਸਭ ਤੋਂ ਪਹਿਲਾਂ ਜ਼ਿਕਰ ਕਰਦੇ ਹਾਂ ਅਮਰੀਕਾ ਦੀ ਜੇਲ ਵਿਚ ਆਪਣੀ ਜ਼ਿੰਦਗੀ 43 ਸਾਲ ਗੁਜ਼ਾਰਨ ਵਾਲੇ ਸੁਬਰਾਮਣੀਅਮ ਵੇਦਮ ਬਾਰੇ ਜੋ 1999 ਵਿਚ ਜਾਰੀ ਡੀਪੋਰਟੇਸ਼ਨ ਹੁਕਮ ਰੱਦ ਕਰਵਾਉਣਾ ਚਾਹੁੰਦੇ ਹਨ। ਟਰੰਪ ਸਰਕਾਰ ਭਾਰਤੀ ਬਜ਼ੁਰਗ ਨੂੰ ਜਲਦ ਤੋਂ ਜਲਦ ਡਿਪੋਰਟ ਕਰਨਾ ਚਾਹੁੰਦੀ ਸੀ ਪਰ ਦੋ ਵੱਖ ਵੱਖ ਅਦਾਲਤਾਂ ਦੇ ਦਖ਼ਲ ਮਗਰੋਂ ਦੇਸ਼ ਨਿਕਾਲਾ ਰੁਕ ਗਿਆ ਅਤੇ ਹੁਣ ਇੰਮੀਗ੍ਰੇਸ਼ਨ ਅਪੀਲਾਂ ਨਾਲ ਸਬੰਧਤ ਬੋਰਡ ਉਨ੍ਹਾਂ ਦੀ ਅਰਜ਼ੀ ’ਤੇ ਸੁਣਵਾਈ ਕਰੇਗਾ।

ਸੁਬਰਾਮਣੀਅਮ ਉਰਫ਼ ਸੁਬੂ ਵੇਦਮ ਨੂੰ ਕਤਲ ਦੇ ਦੋਸ਼ ਹੇਠ 1982 ਵਿਚ ਗ੍ਰਿਫ਼ਤਾਰ ਕੀਤਾ ਗਿਆ ਸੀ ਅਤੇ ਸਾਰੀ ਜ਼ਿੰਦਗੀ ਜੇਲ ਵਿਚ ਹੀ ਲੰਘਾ ਦਿਤੀ। 2022 ਵਿਚ ਇਕ ਅਹਿਮ ਸਬੂਤ ਸਾਹਮਣੇ ਆਇਆ ਜਿਸ ਰਾਹੀਂ ਸੁਬੂ ਵੇਦਮ ਨੂੰ ਬੇਕਸੂਰ ਮੰਨਦਿਆਂ ਅਗਸਤ 2025 ਵਿਚ ਰਿਹਾਅ ਕਰ ਦਿਤਾ ਗਿਆ ਪਰ ਇੰਮੀਗ੍ਰੇਸ਼ਨ ਵਾਲੇ ਪਹਿਲਾਂ ਹੀ ਉਸ ਦੀ ਉਡੀਕ ਕਰ ਰਹੇ ਸਨ। ਸੁਬੂ ਵੇਦਮ ਨੇ ਜੇਲ ਵਿਚ ਰਹਿੰਦਿਆਂ ਐਮ.ਬੀ.ਏ. ਸਣੇ ਤਿੰਨ ਡਿਗਰੀਆਂ ਹਾਸਲ ਕੀਤੀਆਂ ਅਤੇ ਪੈਨਸਿਲਵੇਨੀਆ ਦੇ ਇਤਿਹਾਸ ਵਿਚ ਪਹਿਲਾ ਕੈਦੀ ਬਣ ਗਿਆ ਜਿਸ ਨੇ ਜੇਲ ਵਿਚ ਰਹਿੰਦਿਆਂ ਗ੍ਰੈਜੂਏਸ਼ਨ ਮੁਕੰਮਲ ਕੀਤੀ। ਇੰਮੀਗ੍ਰੇਸ਼ਨ ਅਤੇ ਕਸਟਮਜ਼ ਐਨਫੋਰਸਮੈਂਟ ਵਾਲੇ ਨਸ਼ਾ ਤਸਕਰੀ ਦੇ ਇਕ ਮਾਮਲੇ ਵਿਚ ਸੁਬੂ ਵੇਦਮ ਨੂੰ ਦੋਸ਼ੀ ਠਹਿਰਾਏ ਦੀ ਦਲੀਲ ਦੇ ਰਹੇ ਹਨ ਪਰ ਵੇਦਮ ਦੀ ਵਕੀਲ ਆਪਣੇ ਮੁਵੱਕਲ ਦੀ ਰਿਹਾਈ ਚਾਹੁੰਦੀ ਹੈ। ਵਕੀਲ ਦਾ ਕਹਿਣਾ ਹੈ ਕਿ ਕਿ ਨਸ਼ਾ ਰੱਖਣ ਦਾ ਮਾਮਲਾ ਉਸ ਵੇਲੇ ਸਾਹਮਣੇ ਆਇਆ ਜਦੋਂ ਸੁਬੂ ਦੀ ਉਮਰ 18 ਸਾਲ ਤੋਂ ਘੱਟ ਸੀ ਅਤੇ ਹੁਣ ਉਸ ਦੇ ਮੁਵੱਕਲ ਨੂੰ ਅਜਿਹੇ ਮੁਲਕ ਡਿਪੋਰਟ ਕੀਤਾ ਜਾ ਰਿਹਾ ਹੈ ਜਿਥੇ ਕੋਈ ਉਸ ਨੂੰ ਜਾਣਦਾ ਨਹੀਂ।

ਸੁਬੂ ਦੇ ਪਰਵਾਰ ਦਾ ਕਹਿਣਾ ਹੈ ਕਿ ਉਨ੍ਹਾਂ ਨੇ ਸਿਰਫ਼ 9 ਮਹੀਨੇ ਦੀ ਉਮਰ ਵਿਚ ਭਾਰਤ ਛੱਡ ਦਿਤਾ ਸੀ ਅਤੇ ਹੁਣ ਸਾਰੇ ਪਰਵਾਰਕ ਮੈਂਬਰ ਜਾਂ ਰਿਸ਼ਤੇਦਾਰ ਅਮਰੀਕਾ ਜਾਂ ਕੈਨੇਡਾ ਵਿਚ ਹਨ। ਦੂਜੇ ਪਾਸੇ ਗੌਤਮ ਨਈਅਰ ਦੇ ਪਿਤਾ ਸ਼ਿਵ ਚਰਨ ਨੇ ਦੱਸਿਆ ਕਿ ਉਨ੍ਹਾਂ ਦੀ ਬੇਟੇ ਨੂੰ ਮਿਸੀਸਿਪੀ ਦੇ ਐਡਮਜ਼ ਕਾਉਂਟੀ ਕੁਰੈਕਸ਼ਨਲ ਸੈਂਟਰ ਵਿਚ ਰੱਖਿਆ ਗਿਆ ਪਰ ਰਿਹਾਈ ਦੀ ਕੋਈ ਉਮੀਦ ਨਜ਼ਰ ਨਹੀਂ ਸੀ ਆ ਰਹੀ। ਸ਼ਿਵ ਚਰਨ ਮੁਤਾਬਕ ਸਾਬਕਾ ਐਮ.ਪੀ. ਅਵੀਨਾਸ਼ ਰਾਏ ਖੰਨਾ ਦੇ ਯਤਨਾਂ ਸਦਕਾ ਉਨ੍ਹਾਂ ਦਾ ਬੇਟਾ ਅਮਰੀਕਾ ਦੀ ਜੇਲ੍ਹ ਵਿਚੋਂ ਰਿਹਾਅ ਹੋ ਕੇ ਭਾਰਤ ਪਰਤ ਸਕਿਆ ਹੈ।

# 18 ਸਾਲਾ ਨੌਜਵਾਨ ਹਥਿਆਰਾਂ ਨਾਲ ਅਮਰੀਕੀ ਸੰਸਦ ਭਵਨ ਵੱਲ ਭੱਜਿਆ

### ਸੁਰੱਖਿਆ ਬਲਾਂ ਨੇ ਕੀਤਾ ਗ੍ਰਿਫ਼ਤਾਰ



ਅਮਰੀਕੀ ਸੰਸਦ ਭਵਨ (ਯੂਐਸ ਕੈਪੀਟਲ) ਦੀ ਸੁਰੱਖਿਆ ਵਿੱਚ ਉਸ ਸਮੇਂ ਹਲਚਲ ਮਚ ਗਈ ਜਦੋਂ ਇੱਕ 18 ਸਾਲਾ ਨੌਜਵਾਨ ਇੱਕ ਲੋਡਿਡ ਸ਼ਾਟਗਨ ਲੈ ਕੇ ਇਮਾਰਤ ਵੱਲ ਜਾਂਦਾ ਪਾਇਆ ਗਿਆ। ਯੂਨਾਈਟਿਡ ਸਟੇਟਸ ਕੈਪੀਟਲ ਪੁਲਿਸ (ਯੂਐਸਸੀਪੀ) ਨੇ ਤੁਰੰਤ ਉਸ ਨੂੰ ਘੇਰ ਲਿਆ ਅਤੇ ਗ੍ਰਿਫਤਾਰ ਕਰ ਲਿਆ ਹੈ। ਤੁਰੰਤ ਕਾਰਵਾਈ ਕਰਕੇ ਇਸ ਘਟਨਾ ਵਿੱਚ ਕਿਸੇ ਦੇ ਜ਼ਖਮੀ ਹੋਣ ਦੀ ਸੂਚਨਾ ਨਹੀਂ ਹੈ। ਪੁਲਿਸ ਨੇ ਦੱਸਿਆ ਕਿ ਦੋਸ਼ੀ ਦੀ ਪਛਾਣ ਕਾਰਟਰ ਕੈਮਾਚੋ, ਸਮਰਨਾ, ਜਾਰਜੀਆ ਦੇ ਨਿਵਾਸੀ ਵਜੋਂ ਹੋਈ ਹੈ। ਉਹ ਮੰਗਲਵਾਰ ਦੁਪਹਿਰ ਨੂੰ ਕੈਪੀਟਲ ਦੇ ਲੋਅਰ ਵੈਸਟ ਟੈਰੇਸ ਦੀ ਦਿਸ਼ਾ ਵਿੱਚ ਇੱਕ ਹਥਿਆਰ ਲੈ ਕੇ ਜਾ ਰਿਹਾ ਸੀ ਜਦੋਂ ਡਿਊਟੀ ‘ਤੇ ਮੌਜੂਦ ਅਧਿਕਾਰੀਆਂ ਨੇ ਉਸ ਨੂੰ ਦੇਖਿਆ। ਅਫਸਰਾਂ ਨੇ ਉਸਨੂੰ ਰੋਕਿਆ ਅਤੇ ਉਸਨੂੰ ਆਪਣਾ ਹਥਿਆਰ ਹੇਠਾਂ ਰੱਖਣ ਅਤੇ ਜ਼ਮੀਨ ‘ਤੇ ਲੇਟਣ ਦਾ ਹੁਕਮ ਦਿੱਤਾ, ਜਿਸ ਦੀ ਉਸਨੇ ਪਾਲਣਾ ਕੀਤੀ ਅਤੇ ਬਿਨਾਂ ਕਿਸੇ ਵਿਰੋਧ ਦੇ ਉਸਨੂੰ ਹਿਰਾਸਤ ਵਿੱਚ ਲੈ ਲਿਆ ਗਿਆ। ਕੈਪੀਟਲ ਪੁਲਿਸ ਦੇ ਮੁਖੀ ਮਾਈਕਲ ਸੁਲੀਵਾਨ ਨੇ ਇੱਕ ਪ੍ਰੈਸ ਕਾਨਫਰੰਸ ਵਿੱਚ ਦੱਸਿਆ ਕਿ ਸ਼ੱਕੀ ਵਿਅਕਤੀ ਫੜੇ ਜਾਣ ਤੋਂ ਪਹਿਲਾਂ ਕੈਪੀਟਲ ਦੀਆਂ ਪੌੜੀਆਂ ਦੇ ਅਧਾਰ ‘ਤੇ ਪਹੁੰਚ ਗਿਆ ਸੀ। ਮੁਕਾਬਲੇ ਦੌਰਾਨ ਅਧਿਕਾਰੀਆਂ ਨੇ ਸਾਵਧਾਨੀ ਵਜੋਂ ਆਪਣੇ ਹਥਿਆਰ ਵੀ ਉਤਾਰ ਲਏ ਸਨ। ਜਾਂਚ ਵਿੱਚ ਸਾਹਮਣੇ ਆਇਆ ਕਿ ਸ਼ੱਕੀ ਇੱਕ ਚਿੱਟੀ ਮਰਸੀਡੀਜ਼-ਬੈਂਜ਼ ਸ਼ੁਰੂ ਵਿੱਚ ਮੈਰੀਲੈਂਡ ਐਵੇਨਿਊ ਸਾਊਥਵੈਸਟ ਦੇ 100 ਬਲਾਕ ਤੱਕ ਚਲਾ ਗਿਆ ਅਤੇ ਇੱਕ ਸ਼ਾਟਗਨ ਨਾਲ ਬਾਹਰ ਨਿਕਲਿਆ ਸੀ। ਗੱਡੀ ਤੋਂ ਕੇਵਲਰ ਹੈਲਮੇਟ, ਗੈਸ ਮਾਸਕ ਅਤੇ ਵਾਧੂ ਅਸਲਾ ਵੀ ਬਰਾਮਦ ਕੀਤਾ ਗਿਆ ਹੈ। ਪੁਲਿਸ ਨੇ ਇਹ ਵੀ ਕਿਹਾ ਕਿ ਮੁਲਜ਼ਮ ਦੇ ਨਾਂ ’ਤੇ ਗੱਡੀ ਰਜਿਸਟਰਡ ਨਹੀਂ ਸੀ। ਅਧਿਕਾਰੀਆਂ ਅਨੁਸਾਰ ਸ਼ੱਕੀ ਵਿਅਕਤੀ ਨੇ ਟੈਕਟੀਕਲ ਵੈਸਟ ਅਤੇ ਟੈਕਟੀਕਲ ਦਸਤਾਨੇ ਪਾਏ ਹੋਏ ਸਨ ਅਤੇ ਉਸ ਕੋਲ ਕਈ ਗੋਲਾ ਬਾਰੂਦ ਸੀ। ਉਸ ‘ਤੇ ਗੈਰ-ਕਾਨੂੰਨੀ ਗਤੀਵਿਧੀਆਂ, ਬਿਨਾਂ ਲਾਇਸੈਂਸ ਰਾਈਫਲ ਰੱਖਣ, ਗੈਰ-ਰਜਿਸਟਰਡ ਹਥਿਆਰ ਰੱਖਣ ਅਤੇ ਗੈਰ-ਰਜਿਸਟਰਡ ਅਸਲਾ ਰੱਖਣ ਦੇ ਦੋਸ਼ ਲਗਾਏ ਗਏ ਹਨ। ਕੈਪੀਟਲ ਪੁਲਿਸ ਥਰੇਟ ਅਸੈਸਮੈਂਟ ਯੂਨਿਟ ਇਸ ਸਮੇਂ ਉਸਦੇ ਇਰਾਦੇ ਦੀ ਜਾਂਚ ਕਰ ਰਹੀ ਹੈ।

## ਲੁਧਿਆਣਾ ਦੀ ਇੱਕ ਫੈਕਟਰੀ 'ਚ ਭਿਆਨਕ ਅੱਗ, ਜ਼ਿੰਦਾ ਸੜਿਆ ਇਕ ਵਿਅਕਤੀ

ਲੁਧਿਆਣਾ ਦੇ ਵਿਅਸਤ ਦਾਲ ਬਾਜ਼ਾਰ ਇਲਾਕੇ ਵਿੱਚ ਅੱਜ ਸਵੇਰੇ ਇੱਕ ਵੱਡਾ ਹਾਦਸਾ ਵਾਪਰਿਆ। ਇੱਕ ਘਰ ਦੇ ਅੰਦਰ ਚੱਲ ਰਹੀ ਇੱਕ ਛੋਟੀ ਜਿਹੀ ਫੈਕਟਰੀ ਦੇ ਅੰਦਰ ਭਿਆਨਕ ਅੱਗ ਲੱਗ ਗਈ, ਜਿਸ ਕਾਰਨ ਇੱਕ ਵਿਅਕਤੀ ਦੀ ਸੜ ਕੇ ਮੌਤ ਹੋ ਗਈ। ਅੱਜ ਸਵੇਰੇ ਲਗਭਗ 10 ਵਜੇ, ਫਾਇਰ ਵਿਭਾਗ ਨੂੰ ਸੂਚਨਾ ਮਿਲੀ ਕਿ ਡੱਲ ਬਾਜ਼ਾਰ ਦੀ ਇੱਕ ਤੰਗ ਗਲੀ ਵਿੱਚ ਸਥਿਤ ਇੱਕ ਘਰ ਵਿੱਚ ਅਚਾਨਕ ਅੱਗ ਲੱਗ ਗਈ ਹੈ, ਜਿੱਥੇ ਇੱਕ ਫੈਕਟਰੀ ਚੱਲ ਰਹੀ ਸੀ। ਰਿਹਾਇਸ਼ੀ ਖੇਤਰ ਅਤੇ ਤੰਗ ਗਲੀਆਂ ਕਾਰਨ, ਅੱਗ ਤੇਜ਼ੀ ਨਾਲ ਬਹੁਤ ਜ਼ਿਆਦਾ ਫੈਲ ਗਈ। ਸੂਚਨਾ ਮਿਲਦੇ ਹੀ ਫਾਇਰ ਬ੍ਰਿਗੇਡ ਦੀਆਂ ਗੱਡੀਆਂ ਮੌਕੇ 'ਤੇ ਪਹੁੰਚ ਗਈਆਂ। ਇਲਾਕਾ ਬਹੁਤ ਭੀੜ-ਭੜੱਕੇ ਵਾਲਾ ਹੋਣ ਕਰਕੇ ਅਤੇ ਗਲੀਆਂ ਤੰਗ ਹੋਣ ਕਰਕੇ ਫਾਇਰ ਬ੍ਰਿਗੇਡ ਦੀਆਂ ਗੱਡੀਆਂ ਨੂੰ ਅੰਦਰ ਪਹੁੰਚਾਉਣ ਵਿਚ ਕਾਫ਼ੀ ਮੁਸ਼ਕਿਲ ਆਈ। ਫਾਇਰ ਅਧਿਕਾਰੀਆਂ ਅਨੁਸਾਰ ਜਗ੍ਹਾ ਦੀ ਘਾਟ ਕਾਰਨ, ਲਗਭਗ 12 ਲੰਬੇ ਪਾਈਪਾਂ ਨੂੰ ਜੋੜ ਕੇ ਅੱਗ ਬੁਝਾਉਣ ਦਾ ਕੰਮ ਸ਼ੁਰੂ ਕੀਤਾ ਗਿਆ।









# 20 ਸਾਲਾ ਕੁੜੀ ਨੂੰ ਲੱਗੀ ਫੇਸਬੁੱਕ ਦੀ ਲਤ

## ਮੇਟਾ 'ਤੇ ਕੀਤਾ ਮੁਕੱਦਮਾ, ਅਦਾਲਤ ਨੇ ਮਾਰਕ ਜ਼ੁਕਰਬਰਗ ਨੂੰ ਕੀਤਾ ਤਲਬ

ਫੇਸਬੁੱਕ ਦੀ ਵਰਤੋਂ ਕਰਨ ਵਾਲੀ 20 ਸਾਲਾ ਲੜਕੀ ਨੇ ਫੇਸਬੁੱਕ ਦੇ ਮਾਲਕ ਮਾਰਕ ਜ਼ੁਕਰਬਰਗ ਨੂੰ ਬੁਰੀ ਤਰ੍ਹਾਂ ਫਸਾਇਆ ਹੈ। ਅਦਾਲਤ ਨੇ ਲੜਕੀ ਦੇ ਮੁਕੱਦਮੇ ‘ਤੇ ਜ਼ੁਕਰਬਰਗ ਨੂੰ ਜਵਾਬ ਦੇਣ ਲਈ ਤਲਬ ਕੀਤਾ ਹੈ। ਹੁਣ ਲਾਸ ਏਂਜਲਸ ਵਿੱਚ, ਮੈਟਾ ਦੇ ਸੀਈਓ ਮਾਰਕ ਜ਼ੁਕਰਬਰਗ ਇੱਕ ਬੇਮਿਸਾਲ ਸੋਸ਼ਲ ਮੀਡੀਆ ਟ੍ਰਾਇਲ ਵਿੱਚ ਗਵਾਹੀ ਦੇਣਗੇ ਜੋ ਇਸ ਬਾਰੇ ਸਵਾਲ ਉਠਾ ਰਿਹਾ ਹੈ ਕਿ ਕੀ ਮੇਟਾ ਦੇ ਪਲੇਟਫਾਰਮ ਜਾਣਬੁੱਝ ਕੇ ਬੱਚਿਆਂ ਨੂੰ ਸੋਸ਼ਲ ਮੀਡੀਆ ਦੇ ਆਦੀ ਬਣਾਉਂਦੇ ਹਨ ਅਤੇ ਉਨ੍ਹਾਂ ਨੂੰ ਨੁਕਸਾਨ ਪਹੁੰਚਾਉਂਦੇ ਹਨ। ਮਾਰਕ ਜ਼ੁਕਰਬਰਗ ਨੂੰ ਬੁੱਧਵਾਰ ਨੂੰ ਇਸ ਮਾਮਲੇ ‘ਚ ਉਨ੍ਹਾਂ ਵਕੀਲਾਂ ਤੋਂ ਸਖਤ ਸਵਾਲਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ ਜੋ ਹੁਣ 20 ਸਾਲ ਦੀ ਲੜਕੀ (ਕੇਜੀਐਮ) ਦੀ ਨੁਮਾਇੰਦਗੀ ਕਰ ਰਹੇ ਹਨ। ਔਰਤ ਦਾ ਦਾਅਵਾ ਹੈ ਕਿ ਬਚਪਨ ਵਿਚ ਸੋਸ਼ਲ ਮੀਡੀਆ ਦੀ ਸ਼ੁਰੂਆਤੀ ਵਰਤੋਂ ਨੇ ਉਸ ਨੂੰ ਟੈਕਨਾਲੋਜੀ ਦਾ ਆਦੀ ਬਣਾ ਦਿੱਤਾ ਅਤੇ ਇਸ ਨਾਲ ਉਸ ਵਿਚ ਡਿਪਰੈਸ਼ਨ ਅਤੇ ਆਤਮ ਹੱਤਿਆ ਦੇ ਵਿਚਾਰ ਵਧੇ ਹਨ। ਮੈਟਾ ਪਲੇਟਫਾਰਮ ਅਤੇ ਗੂਗਲ ਦਾ ਯੂਟਿਊਬ ਇਸ ਕੇਸ ਵਿੱਚ ਬਾਕੀ ਬਚੇ ਦੋ ਬਚਾਅ ਪੱਖ ਹਨ। TikTok ਅਤੇ Snap ਨੇ ਇਸ ਮਾਮਲੇ ‘ਚ ਸ,ਝੌਤਾ ਕਰ ਲਿਆ ਹੈ। ਜ਼ੁਕਰਬਰਗ ਨੇ ਪਹਿਲਾਂ ਹੋਰ ਮੁਕੱਦਮਿਆਂ ਵਿੱਚ ਗਵਾਹੀ ਦਿੱਤੀ ਹੈ ਅਤੇ ਮੈਟਾ ਪਲੇਟਫਾਰਮ ‘ਤੇ ਨੌਜਵਾਨਾਂ ਦੀ ਸੁਰੱਖਿਆ ਬਾਰੇ ਕਾਂਗਰਸ ਦੇ ਸਾਹਮਣੇ ਸਵਾਲਾਂ ਦੇ ਜਵਾਬ ਦਿੱਤੇ ਹਨ। ਉਸ ਸੁਣਵਾਈ ‘ਤੇ, ਉਸਨੇ ਉਨ੍ਹਾਂ ਪਰਿਵਾਰਾਂ ਤੋਂ ਮੁਆਫੀ ਮੰਗੀ ਜਿਨ੍ਹਾਂ ਦੇ ਜੀਵਨ ਨੂੰ ਉਹ ਮੰਨਦਾ ਸੀ ਕਿ ਸੋਸ਼ਲ ਮੀਡੀਆ ਨਾਲ ਸਬੰਧਿਤ ਦੁਖਾਂਤ ਨੇ ਉਲਟਾ ਕਰ ਦਿੱਤਾ ਸੀ। ਇਹ ਪਹਿਲੀ ਵਾਰ ਹੈ ਜਦੋਂ ਜ਼ੁਕਰਬਰਗ ਅਜਿਹੇ ਮਾਮਲੇ ‘ਚ ਜਿਊਰੀ ਦੇ ਸਾਹਮਣੇ ਸਵਾਲਾਂ ਦੇ ਜਵਾਬ ਦੇਣਗੇ। ਇਸ ਸਮੇਂ ਦੌਰਾਨ ਪ੍ਰਭਾਵਿਤ ਬੱਚਿਆਂ ਦੇ ਮਾਪੇ ਵੀ ਉਪਲਬਧ ਹੋ ਸਕਦੇ ਹਨ। ਕੇਸ, ਹੋਰ ਦੋ ਦੇ ਨਾਲ, “ਬੇਲਵੈਦਰ ਟ੍ਰਾਇਲ” ਵਜੋਂ ਚੁਣਿਆ ਗਿਆ ਹੈ, ਭਾਵ ਇਸਦਾ ਨਤੀਜਾ ਸੋਸ਼ਲ ਮੀਡੀਆ ਕੰਪਨੀਆਂ ਦੇ ਖਿਲਾਫ ਹਜ਼ਾਰਾਂ ਸਮਾਨ ਮੁਕੱਦਮਿਆਂ ਨੂੰ ਪ੍ਰਭਾਵਿਤ ਕਰ ਸਕਦਾ ਹੈ। ਮੈਟਾ ਦੇ ਇੱਕ ਬੁਲਾਰੇ ਨੇ ਕਿਹਾ ਕਿ ਕੰਪਨੀ ਮੁਕੱਦਮੇ ਵਿੱਚ ਲਗਾਏ ਗਏ ਦੋਸ਼ਾਂ ਨਾਲ ਪੂਰੀ ਤਰ੍ਹਾਂ ਅਸਹਿਮਤ ਹੈ ਅਤੇ ਉਹਨਾਂ ਨੂੰ “ਵਿਸ਼ਵਾਸ ਹੈ ਕਿ ਸਬੂਤ ਨੌਜਵਾਨਾਂ ਦਾ ਸਮਰਥਨ ਕਰਨ ਲਈ ਸਾਡੀ ਲੰਬੇ ਸਮੇਂ ਦੀ ਵਚਨਬੱਧਤਾ ਨੂੰ ਪ੍ਰਦਰਸ਼ਿਤ ਕਰਨਗੇ। ਪਾਲ ਸਮਿਥ, ਮੈਟਾ ਦੇ ਇੱਕ ਅਟਾਰਨੀ, ਨੇ ਆਪਣੀ ਸ਼ੁਰੂਆਤੀ ਦਲੀਲਾਂ ਵਿੱਚ ਕਿਹਾ ਕਿ ਕੰਪਨੀ ਇਸ ਲਈ ਨਹੀਂ ਲੜ ਰਹੀ ਸੀ ਕਿਉਂਕਿ ਕੇਜੀਐਮ ਮਾਨਸਿਕ ਸਿਹਤ ਸਮੱਸਿਆਵਾਂ ਤੋਂ ਪੀੜਤ ਸੀ, ਪਰ ਇੰਸਟਾਗ੍ਰਾਮ ਨੇ ਉਹਨਾਂ ਸਮੱਸਿਆਵਾਂ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ ਸੀ। ਉਸਨੇ ਮੈਡੀਕਲ ਰਿਕਾਰਡਾਂ ਦਾ ਹਵਾਲਾ ਦਿੱਤਾ ਜੋ ਇੱਕ ਅਸ਼ਾਂਤ ਘਰੇਲੂ ਜੀਵਨ ਨੂੰ ਦਰਸਾਉਂਦੇ ਹਨ। ਉਸਨੇ ਅਤੇ ਯੂਟਿਊਬ ਦੇ ਵਕੀਲਾਂ ਨੇ ਦਲੀਲ ਦਿੱਤੀ ਕਿ ਔਰਤ ਨੇ ਆਪਣੀਆਂ ਮਾਨਸਿਕ ਸਿਹਤ ਸਮੱਸਿਆਵਾਂ ਨਾਲ ਨਜਿੱਠਣ ਜਾਂ ਬਚਣ ਲਈ ਪਲੇਟਫਾਰਮਾਂ ਦਾ ਸਹਾਰਾ ਲਿਆ ਹੈ।

# ਭਾਰਤੀਆਂ ਨੂੰ 7.73 ਲੱਖ ਵੀਜ਼ਾ ਦੇ ਕੇ ਕਸੂਤੀ ਫਸੀ ਕੈਨੇਡੀਅਨ ਸਰਕਾਰ

## * 2025 ਦੌਰਾਨ 28 ਲੱਖ ਤੋਂ ਵੱਧ ਲੋਕਾਂ ਨੂੰ ਜਾਰੀ ਹੋਏ ਆਰਜ਼ੀ ਵੀਜ਼ੇ

## * 40 ਲੱਖ ਲੋਕਾਂ ਦੇ ਆਰਜ਼ੀ ਵੀਜ਼ਾ ਪਹਿਲਾਂ ਹੀ ਖ਼ਤਮ



ਟੋਰਾਂਟੋ : ਇੰਮੀਗ੍ਰੇਸ਼ਨ ਦੇ ਮਸਲੇ ’ਤੇ ਕੈਨੇਡਾ ਸਰਕਾਰ ਕਸੂਤੀ ਫ਼ਸ ਗਈ ਜਦੋਂ ਆਰਜ਼ੀ ਵੀਜ਼ਾ ਵਾਲੇ 28 ਲੱਖ ਲੋਕ ਮੁਲਕ ਵਿਚ ਦਾਖ਼ਲ ਹੋ ਗਏ। ਜੀ ਹਾਂ, ਇੰਮੀਗ੍ਰੇਸ਼ਨ ਮਾਹਰਾਂ ਵੱਲੋਂ ਦਾਅਵਾ ਕੀਤਾ ਗਿਆ ਹੈ ਕਿ 2025 ਦੌਰਾਨ ਟੈਂਪਰੇਰੀ ਰੈਜ਼ੀਡੈਂਟਸ ਦੀਆਂ 28 ਲੱਖ 24 ਹਜ਼ਾਰ 815 ਅਰਜ਼ੀਆਂ ਪ੍ਰਵਾਨ ਕੀਤੀ ਗਈਆਂ ਜਿਨ੍ਹਾਂ ਵਿਚੋਂ 7 ਲੱਖ 73 ਹਜ਼ਾਰ 190 ਵੀਜ਼ੇ ਭਾਰਤੀ ਨਾਗਰਿਕਾਂ ਨੂੰ ਮਿਲੇ। ਵਿਜ਼ਟਰ ਵੀਜ਼ਾ, ਸਟੱਡੀ ਵੀਜ਼ਾ ਅਤੇ ਵਰਕ ਪਰਮਿਟ ਦੇ ਆਧਾਰ ’ਤੇ ਕੈਨੇਡਾ ਵਿਚ ਪਹਿਲਾਂ ਤੋਂ ਮੌਜੂਦ ਜਾਂ ਨਵੇਂ ਆਏ ਲੋਕਾਂ ਦਾ ਅੰਕੜਾ ਬੇਚੈਨੀ ਪੈਦਾ ਕਰਦਾ ਕਿਉਂਕਿ ਇੰਮੀਗ੍ਰੇਸ਼ਨ ਸਟੇਟਸ ਗੁਆ ਚੁੱਕੇ ਵਿਦੇਸ਼ੀ ਨਾਗਰਿਕਾਂ ਦਾ ਅੰਕੜਾ 4 ਮਿਲੀਅਨ ਤੋਂ ਟੱਪਦਾ ਨਜ਼ਰ ਆ ਰਿਹਾ ਹੈ। ਇੰਮੀਗ੍ਰੇਸ਼ਨ ਅਤੇ ਸਿਟੀਜ਼ਨਸ਼ਿਪ ਸੇਵਾਵਾਂ ਵਿਭਾਗ ਨੂੰ ਕਟਹਿਰੇ ਵਿਚ ਖੜ੍ਹਾ ਕਰਦਿਆਂ ਮਾਹਰਾਂ ਨੇ ਦਾਅਵਾ ਕੀਤਾ ਹੈ ਕਿ ਟੈਂਪਰੇਰੀ ਰੈਜ਼ੀਡੈਂਟਸ ਦਾ ਪਿਛੋਕੜ ਫਰੋਲਣ ਦੀ ਜ਼ਹਿਮਤ ਵੀ ਨਹੀਂ ਉਠਾਈ ਗਈ ਅਤੇ ਨਾ ਹੀ ਪੁਲਿਸ ਕਲੀਅਰੈਂਸ ਮੰਗੀ ਗਈ ਹੈ। ਆਰਜ਼ੀ ਤੌਰ ’ਤੇ ਕੈਨੇਡਾ ਪੁੱਜੇ ਕੁਝ ਨੌਜਵਾਨਾਂ ਵੱਲੋਂ ਹੀ ਪੰਜਾਬੀ ਕਾਰੋਬਾਰੀਆਂ ’ਤੇ ਗੋਲੀਆਂ ਚਲਾਈਆਂ ਜਾ ਰਹੀਆਂ ਹਨ ਅਤੇ ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ ਵੱਲੋਂ 296 ਜਣਿਆਂ ਨੂੰ ਡਿਪੋਰਟ ਕਰਨ ਦੀ ਤਿਆਰੀ ਕੀਤੀ ਜਾ ਰਹੀ ਹੈ।

ਭਾਰਤੀ ਨਾਗਰਿਕਾਂ ਨੂੰ ਮਿਲੇ 7 ਲੱਖ 73 ਹਜ਼ਾਰ ਅਰਜ਼ੀ ਵੀਜ਼ਿਆਂ ਵਿਚੋਂ ਫ਼ਿਲਹਾਲ ਸਪੱਸ਼ਟ ਨਹੀਂ ਹੋ ਸਕਿਆ ਕਿ ਕਿੰਨੇ ਜਣੇ ਪਹਿਲਾਂ ਹੀ ਕੈਨੇਡਾ ਦੀ ਧਰਤੀ ’ਤੇ ਮੌਜੂਦ ਹਨ ਜਿਨ੍ਹਾਂ ਵੱਲੋਂ ਵਰਕ ਪਰਮਿਟ ਐਕਸਪਾਇਰ ਹੋਣ ਜਾਂ ਹੋਰਨਾਂ ਕਾਰਨਾਂ ਆਰਜ਼ੀ ਵੀਜ਼ਾ ਰੀਨਿਊ ਕਰਵਾਇਆ ਗਿਆ। 2025 ਦਾ ਅੰਕੜਾ ਇਸ ਕਰ ਕੇ ਵੀ ਚਿੰਤਾਵਾਂ ਪੈਦਾ ਕਰਦਾ ਹੈ ਕਿਉਂਕਿ ਮੌਜੂਦਾ ਵਰ੍ਹੇ ਦੌਰਾਨ ਫੁੱਟਬਾਲ ਵਿਸ਼ਵ ਕੱਪ ਹੋਣਾ ਹੈ ਅਤੇ ਲੱਖਾਂ ਦੀ ਗਿਣਤੀ ਵਿਚ ਵਿਜ਼ਟਰ ਵੀਜ਼ਾ ਜਾਰੀ ਕੀਤੇ ਜਾਣਗੇ। ਇੰਮੀਗ੍ਰੇਸ਼ਨ ਮਹਿਕਮੇ ਕੋਲ ਪ੍ਰੋਸੈਸਿੰਗ ਵਾਸਤੇ ਜ਼ਿਆਦਾ ਮੁਲਾਜ਼ਮ ਨਹੀਂ ਜਿਸ ਦੇ ਮੱਦੇਨਜ਼ਰ ਹੋਰਨਾਂ ਸ਼੍ਰੇਣੀਆਂ ਅਧੀਨ ਕੈਨੇਡਾ ਆਉਣ ਦੇ ਇੱਛਕ ਲੋਕਾਂ ਦੀ ਉਡੀਕ ਹੋਰ ਲੰਮੀ ਹੋ ਜਾਵੇਗੀ। ਦੱਸ ਦੇਈਏ ਕਿ ਅਮਰੀਕਾ, ਕੈਨੇਡਾ ਅਤੇ ਮੈਕਸੀਕੋ ਵੱਲੋਂ ਸਾਂਝੇ ਤੌਰ ’ਤੇ ਕਰਵਾਏ ਜਾ ਰਹੇ ਵਿਸ਼ਵ ਕੱਪ ਦੇ 13 ਮੈਚ ਕੈਨੇਡਾ ਦੀ ਮੇਜ਼ਬਾਨੀ ਵਿਚ ਹੋਣਗੇ।

ਇਕ ਪਾਸੇ ਕੈਨੇਡਾ ਸਰਕਾਰ ਇੰਮੀਗ੍ਰੇਸ਼ਨ ਤਾਕਤਾਂ ਵਧਾਉਣ ਲਈ ਬਿਲ ਸੀ-2 ਅਤੇ ਬਿਲ ਸੀ-12 ਦੇ ਰੂਪ ਵਿਚ ਨਵੇਂ ਕਾਨੂੰਨ ਲਾਗੂ ਕਰ ਰਹੀ ਹੈ ਪਰ ਦੂਜੇ ਪਾਸੇ ਵੱਡੀ ਗਿਣਤੀ ਵਿਚ ਨਵੇਂ ਟੈਂਪਰੇਰੀ ਰੈਜ਼ੀਡੈਂਟਸ ਦੀ ਆਮਦ ਮਗਰੋਂ ਇਨ੍ਹਾਂ ਬਿਲਾਂ ਦੇ ਮਕਸਦ ਉਤੇ ਵੀ ਸਵਾਲ ਉਠ ਰਹੇ ਹਨ ਜਿਨ੍ਹਾਂ ਵਿਚੋਂ ਬਿਲ ਸੀ-12 ਵੱਡੀ ਗਿਣਤੀ ਵਿਚ ਵੀਜ਼ੇ ਰੱਦ ਕਰਨ ਲਈ ਵਰਤੇ ਜਾਣ ਦੇ ਆਸਾਰ ਹਨ। ਕਿਸੇ ਵੇਲੇ ਇੰਮੀਗ੍ਰੇਸ਼ਨ ਮੰਤਰੀ ਲੀਨਾ ਡਿਆਬ ਨੇ ਆਖਿਆ ਸੀ ਕਿ ਭਾਰਤ ਤੋਂ ਵੱਡੀ ਗਿਣਤੀ ਵਿਚ ਆ ਰਹੀਆਂ ਵਿਜ਼ਟਰ ਵੀਜ਼ਾ ਅਰਜ਼ੀਆਂ ਕਰ ਕੇ ਪ੍ਰੋਸੈਸਿੰਗ ਦੀ ਰਫ਼ਤਾਰ ਮੱਠੀ ਪੈ ਜਾਂਦੀ ਹੈ ਅਤੇ ਜਾਇਜ਼ ਬਿਨੈਕਾਰਾਂ ਨੂੰ ਖਮਿਆਜ਼ਾ ਭੁਗਤਣਾ ਪੈਂਦਾ ਹੈ ਪਰ 8 ਲੱਖ ਦੇ ਨੇੜੇ ਨਵੇਂ ਟੈਂਪਰੇਰੀ ਵੀਜ਼ਾ ਵੱਖਰੀ ਕਹਾਣੀ ਬਿਆਨ ਕਰ ਰਹੇ ਹਨ। ਉਧਰ ਕੈਨੇਡਾ ਬਾਰਡਰ ਸਰਵਿਸਿਜ਼ ਦਾ ਅੰਕੜੇ ਕਹਿੰਦੇ ਹਨ ਕਿ 40 ਹਜ਼ਾਰ ਤੋਂ ਵੱਧ ਵਿਦੇਸ਼ੀ ਨਾਗਰਿਕਾਂ ਨੂੰ ਮੁਲਕ ਵਿਚ ਦਾਖ਼ਲ ਹੋਣ ਤੋਂ ਰੋਕ ਦਿਤਾ ਗਿਆ ਪਰ 28 ਲੱਖ ਤੋਂ ਵੱਧ ਨਵੇਂ ਟੈਂਪਰੇਰੀ ਰੈਜ਼ੀਡੈਂਟਸ ਦੇ ਹਿਸਾਬ ਨਾਲ ਹਵਾਈ ਅੱਡਿਆਂ ਤੋਂ ਮੋੜੇ ਵਿਦੇਸ਼ੀ ਨਾਗਰਿਕਾਂ ਦਾ ਅੰਕੜਾ ਬੇਹੱਦ ਨਿਗੂਣਾ ਬਣਦਾ ਹੈ।

# ਆਸਟ੍ਰੇਲੀਆ 'ਚ ਸਿੱਖ ਨੌਜਵਾਨ 'ਤੇ ਨਸਲੀ ਹਮਲਾ

## ਤਿੰਨ ਲੋਕਾਂ ਨੇ ਘੇਰ ਕੇ ਗਾਲ੍ਹਾਂ ਕੱਢੀਆਂ ਅਤੇ 'ਇੰਡੀਅਨ ਡੌਗ' ਕਿਹਾ



ਜੀਲੌਂਗ : ਆਸਟ੍ਰੇਲੀਆ ਦੇ ਜੀਲੌਂਗ ਸ਼ਹਿਰ ਦੇ ਕੋਰਿਓ ਇਲਾਕੇ ਵਿਚ 22 ਸਾਲ ਦੇ ਇਕ ਭਾਰਤੀ ਮੂਲ ਦੇ ਸਿੱਖ ਨਰਸ ਹਰਮਨਪ੍ਰੀਤ ਸਿੰਘ ’ਤੇ ਨਸਲੀ ਹਮਲਾ ਹੋਇਆ। ਜਿਮ ਤੋਂ ਬਾਹਰ ਨਿਕਲਦੇ ਸਮੇਂ ਤਿੰਨ ਲੋਕਾਂ ਨੇ ਉਸਨੂੰ ਘੇਰ ਲਿਆ ਅਤੇ ਗਾਲਾਂ ਕਢਦਿਆਂ ‘ਇੰਡੀਆਨ ਡੌਗ’ ਕਿਹਾ।

ਇਕ ਵਿਅਕਤੀ ਨੇ ਉਸ ਦੇ ਚਿਹਰੇ ਦੇ ਬਹੁਤ ਨੇੜੇ ਆ ਕੇ ਉਸ ਦੀ ਨੱਕ ’ਤੇ ਸਿਰ ਮਾਰਿਆ, ਜਿਸ ਨਾਲ ਉਹ ਜ਼ਖਮੀ ਹੋ ਗਿਆ ਅਤੇ ਖੂਨ ਵਗਣ ਲੱਗ ਪਿਆ। ਹਰਮਨਪ੍ਰੀਤ ਸਿੰਘ ਨੇ ਕਿਹਾ, ‘‘ਮੈਂ ਅਪਣਾ ਕੰਮ ਕਰ ਰਿਹਾ ਸੀ, ਪਰ ਉਹ ਮੇਰੇ ਪਿੱਛੇ ਪੈ ਗਏ। ਹਮਲੇ ਤੋਂ ਬਾਅਦ ਮੈਨੂੰ ਹਸਪਤਾਲ ਵਿਚ ਰਾਤ ਬਿਤਾਉਣੀ ਪਈ। ਹੁਣ ਮੈਨੂੰ ਵੱਡੇ ਡਾਕਟਰ ਕੋਲ ਜਾਣਾ ਪਵੇਗਾ ਅਤੇ ਸ਼ਾਇਦ ਸਰਜਰੀ ਵੀ ਕਰਵਾਉਣੀ ਪਵੇ।’’ ਉਸ ਨੇ ਅੱਗੇ ਕਿਹਾ, ‘‘ਮੈਂ ਕੋਸ਼ਿਸ਼ ਕਰਦਾ ਹਾਂ ਕਿ ਮਜ਼ਬੂਤ ਰਹਾਂ ਅਤੇ ਇਨ੍ਹਾਂ ਗੱਲਾਂ ਦੀ ਪਰਵਾਹ ਨਾ ਕਰਾਂ, ਪਰ ਇਹ ਚੋਟ ਅੰਦਰੋਂ ਬਹੁਤ ਦੁੱਖ ਦਿੰਦੀ ਹੈ। ਹੁਣ ਮੈਨੂੰ ਨਹੀਂ ਪਤਾ ਕਿ ਮੈਂ ਮੁੜ ਜਿਮ ਜਾਵਾਂਗਾ ਜਾਂ ਅਪਣੇ ਘੰਟੇ ਬਦਲਾਂਗਾ, ਕਿਉਂਕਿ ਸੁਰੱਖਿਅਤ ਮਹਿਸੂਸ ਨਹੀਂ ਕਰਦਾ।’’

ਹਰਮਨਪ੍ਰੀਤ ਸਿੰਘ ਦੀ ਭੈਣ ਖੁਸ਼ੀ ਕੌਰ ਨੇ ਕਿਹਾ ਕਿ ਪਰਵਾਰ ਇਸ ਘਟਨਾ ਨਾਲ ਬਹੁਤ ਹਿਲ ਗਿਆ ਹੈ। ਭਾਰਤੀ ਭਾਈਚਾਰਾ, ਜੋ ਆਸਟ੍ਰੇਲੀਆ ਵਿਚ ਦੂਜਾ ਸੱਭ ਤੋਂ ਵੱਡਾ ਪਰਵਾਸੀ ਸਮੂਹ ਹੈ, ਇਸ ਤਰ੍ਹਾਂ ਦੇ ਹਮਲਿਆਂ ਨਾਲ ਚਿੰਤਿਤ ਹੈ। ਇਹ ਘਟਨਾ ਸਿਰਫ਼ ਨਸਲੀ ਪੱਖਪਾਤ ਦੀ ਨਿਸ਼ਾਨੀ ਨਹੀਂ, ਸਗੋਂ ਪਰਵਾਸੀਆਂ ਦੀ ਸੁਰੱਖਿਆ ’ਤੇ ਵੀ ਵੱਡਾ ਸਵਾਲ ਖੜਾ ਕਰਦੀ ਹੈ।

# ਅਮਰੀਕਾ ਲਈ ਡੰਕੀ ਰੂਟ ਤੋਂ ਦੋ ਭਾਰਤੀ ਅਗ਼ਵਾ



ਵਾਸ਼ਿੰਗਟਨ : ਹਰ ਕੋਈ ਚਾਹੁੰਦਾ ਏ ਕਿ ਉਹ ਅਮਰੀਕਾ ਵਰਗੇ ਦੇਸ਼ ਵਿਚ ਵਸੇ, ਪਰ ਦੋ ਨੌਜੁਆਨਾਂ ਦੇ ਲਈ ਅਮਰੀਕਾ ਵਸਣ ਦਾ ਸੁਪਨਾ ਕਦੇ ਨਾ ਭੁਲਾਉਣ ਵਾਲੀ ਡਰਾਉਣੀ ਯਾਦ ਬਣ ਕੇ ਰਹਿ ਗਿਆ। ਦਰਅਸਲ ਗ਼ੈਰਕਾਨੂੰਨੀ ਡੰਕੀ ਰੂਟ ਰਾਹੀਂ ਅਮਰੀਕਾ ਪਹੁੰਚਣ ਦੀ ਕੋਸ਼ਿਸ਼ ਵਿਚ ਉਨ੍ਹਾਂ ਨੂੰ ਅਜ਼ਰਬੈਜਾਨ ਵਿਖੇ ਕਿਸੇ ਗੈਂਗ ਨੇ ਅਗਵਾ ਕਰ ਲਿਆ। ਉਨ੍ਹਾਂ ਨੂੰ ਇੰਨੀ ਬੁਰੀ ਤਰ੍ਹਾਂ ਟਾਰਚਰ ਕੀਤਾ ਗਿਆ ਕਿ ਉਨ੍ਹਾਂ ਦੇ ਅੰਗ ਤਕ ਵੇਚਣ ਦੀ ਧਮਕੀ ਦੇ ਦਿਤੀ। ਪਰਵਾਰ ਦੀ ਸੂਚਨਾ ’ਤੇ ਭਾਰਤੀ ਅਧਿਕਾਰੀਆਂ ਨੇ ਇਨ੍ਹਾਂ ਦੋਵੇਂ ਮੁੰਡਿਆਂ ਨੂੰ ਸੁਰੱਖਿਅਤ ਬਚਾ ਲਿਆ ਪਰ ਉਨ੍ਹਾਂ ਨੂੰ ਅਪਣੀ ਹੱਡਬੀਤੀ ਕਦੇ ਨਹੀਂ ਭੁੱਲਣੀ।

ਇਕ ਰੀਪੋਰਟ ਮੁਤਾਬਕ ਪੀੜਤ ਨੌਜੁਆਨ 22 ਸਾਲਾ ਧਰੁਵ ਪਟੇਲ ਅਤੇ 32 ਸਾਲਾ ਦੀਪਿਕਾ ਪਟੇਲ ਗੁਜਰਾਤ ਵਿਚ ਅਨੰਦ ਜ਼ਿਲ੍ਹੇ ਦੇ ਪਿੰਡ ਕੰਥਾਰੀਆ ਦੇ ਰਹਿਣ ਵਾਲੇ ਹਨ। ਇਨ੍ਹਾਂ ਨੇ ਅਮਰੀਕਾ ਜਾਣ ਵਾਸਤੇ ਮੁੰਬਈ ਦੇ ਇਕ ਏਜੰਟ ਨਾਲ ਸੰਪਰਕ ਕੀਤਾ ਸੀ, ਜਿਸ ਨੇ ਇਨ੍ਹਾਂ ਨੂੰ ਗ਼ੈਰਕਾਨੂੰਨੀ ਡੰਕੀ ਰੂਟ ਰਾਹੀਂ ਅਮਰੀਕਾ ਪਹੁੰਚਾਉਣ ਦਾ ਵਾਅਦਾ ਕੀਤਾ ਸੀ। ਇਹ ਰਸਤਾ ਕਾਫ਼ੀ ਖ਼ਤਰਨਾਕ ਹੈ, ਜਿਸ ਵਿਚ ਬਹੁਤ ਸਾਰੇ ਨੌਜੁਆਨਾਂ ਨੂੰ ਅਪਣੀ ਜਾਨ ਤਕ ਗਵਾਉਣੀ ਪੈ ਗਈ। ਧਰੁਵ ਨੇ ਡੰਕੀ ਰੂਟ ਲਈ ਏਜੰਟ ਨੂੰ 35 ਲੱਖ ਅਤੇ ਦੀਪਿਕਾ ਨੇ 15 ਲੱਖ ਰੁਪਏ ਦਿਤੇ। 30 ਜਨਵਰੀ ਨੂੰ ਇਨ੍ਹਾਂ ਨੇ ਆਪਣਾ ਸਫ਼ਰ ਸ਼ੁਰੂ ਕੀਤਾ ਜੋ ਦਿੱਲੀ ਤੋਂ ਹੁੰਦਿਆਂ ਅਜਰਬੈਜਾਨ ਦੀ ਰਾਜਧਾਨੀ ਬਾਕੂ ਪੁੱਜੇ, ਜਿੱਥੇ ਦੋਹਾਂ ਜਣਿਆਂ ਦੇ ਫ਼ੋਨ ਬੰਦ ਕਰਵਾ ਦਿਤੇ ਗਏ ਅਤੇ ਪੈਸਿਆਂ ਦੀ ਡਿਮਾਂਡ ਕੀਤੀ ਗਈ। ਜਦੋਂ ਉਨ੍ਹਾਂ ਨੇ ਹੋਰ ਪੈਸੇ ਦੇਣ ਤੋਂ ਮਨ੍ਹਾਂ ਕੀਤਾ ਤਾਂ ਉਨ੍ਹਾਂ ਨੂੰ ਕਿਡਨੈਪ ਕਰ ਕੇ ਸੁੰਨਸਾਨ ਥਾਂ ’ਤੇ ਇਕ ਬੇਸਮੇਂਟ ਵਿਚ ਬੰਦ ਕਰ ਦਿਤਾ ਗਿਆ ਅਤੇ ਉਨ੍ਹਾਂ ਦੀ ਬੁਰੀ ਤਰ੍ਹਾਂ ਕੁੱਟਮਾਰ ਕੀਤੀ ਗਈ।

ਪਰਵਾਰ ਦਾ ਇਲਜ਼ਾਮ ਹੈ ਕਿ ਅਗਵਾਕਾਰਾਂ ਨੇ ਵਟਸਐਪ ਕਾਲ ਜ਼ਰੀਏ ਉਨ੍ਹਾਂ ਦੇ ਸਾਹਮਣੇ ਧਰੁਵ ਨੂੰ ਟੌਰਚਰ ਕੀਤਾ। ਫਿਰੌਤੀ ਨਾ ਦੇਣ ’ਤੇ ਅੰਗ ਕੱਢ ਕੇ ਵੇਚਣ ਦੀ ਧਮਕੀ ਦਿਤੀ , ਜਿਸ ਤੋਂ ਬਾਅਦ ਪਰਵਾਰ ਨੇ ਕਿਸੇ ਨਾ ਕਿਸੇ ਤਰ੍ਹਾਂ 65 ਲੱਖ ਦਾ ਇੰਤਜ਼ਾਮ ਕੀਤਾ,, ਪਰ ਇਸ ਤੋਂ ਬਾਅਦ ਵੀ ਅਗਵਾਕਾਰਾਂ ਵਲੋਂ ਹੋਰ ਪੈਸਿਆਂ ਦੀ ਮੰਗ ਕੀਤੀ ਗਈ। ਆਖ਼ਰਕਾਰ ਦੋਵੇਂ ਮੁੰਡਿਆਂ ਦੇ ਪਰਵਾਰਾਂ ਨੇ ਆਨੰਦ ਤੋਂ ਸਾਂਸਦ ਮਿਤੇਸ਼ ਰਮੇਸ਼ਭਾਈ ਪਟੇਲ ਨਾਲ ਸੰਪਰਕ ਕੀਤਾ, ਜਿਸ ਤੋਂ ਬਾਅਦ ਇਹ ਮਾਮਲਾ ਵਿਦੇਸ਼ ਮੰਤਰੀ ਐਸ ਜੈਸ਼ੰਕਰ ਤਕ ਪਹੁੰਚ ਗਿਆ। ਵਿਦੇਸ਼ ਮੰਤਰਾਲੇ ਨੇ ਬਾਕੂ ਸਥਿਤ ਭਾਰਤੀ ਅੰਬੈਸੀ ਨੂੰ ਅਲਰਟ ਕੀਤਾ, ਜਿਸ ਮਗਰੋਂ ਧਰੁਵ ਨੂੰ ਬਚਾਉਣ ਦਾ ਅਪਰੇਸ਼ਨ ਚਲਾਇਆ ਗਿਆ ਅਤੇ 24 ਘੰਟੇ ਦੇ ਅੰਦਰ ਦੋਵੇਂ ਜਣਿਆਂ ਨੂੰ ਅਗਵਾਕਾਰਾਂ ਦੇ ਚੁੰਗਲ ਤੋਂ ਸੁਰੱਖਿਅਤ ਬਚਾ ਲਿਆ। ਫਿਲਹਾਲ ਇਹ ਦੋਵੇਂ ਭਾਰਤੀ ਅੰਬੈਸੀ ਦੀ ਸੁਰੱਖਿਆ ਵਿਚ ਹਨ ਅਤੇ ਕਾਨੂੰਨੀ ਪ੍ਰਕਿਰਿਆ ਪੂਰੀ ਹੋਣ ਮਗਰੋਂ ਜਲਦ ਭਾਰਤ ਆਉਣਗੇ। ਇਸ ਤੋਂ ਇਲਾਵਾ ਗੁਜਰਾਤ ਪੁਲਿਸ ਨੇ ਪੀੜਤਾਂ ਨੂੰ ਫਸਾਉਣ ਵਾਲੇ ਮੁੰਬਈ ਦੇ ਪੰਜ ਏਜੰਟਾਂ ਦੀ ਭਾਲ ਵੀ ਸ਼ੁਰੂ ਕਰ ਦਿਤੀ ਐ, ਜਲਦ ਹੀ ਉਨ੍ਹਾਂ ਨੂੰ ਵੀ ਗ੍ਰਿਫ਼ਤਾਰ ਕੀਤਾ ਜਾਵੇਗਾ।

# ਸਿੱਧੂ ਮੂਸੇਵਾਲ਼ਾ ਦੇ ਕਾਤਲ ਕੈਨੇਡਾ ਤੋਂ ਹੋਣਗੇ ਡਿਪੋਰਟ !

## ਗੋਲਡੀ ਬਰਾੜ ਸਣੇ 296 ਗੈਂਗਸਟਰਾਂ ਦੀ ਸੂਚੀ ਤਿਆਰ



ਔਟਵਾ (ਕੈਨੇਡਾ): ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੇ ਕਤਲ ਦੇ ਮੁੱਖ ਦੋਸ਼ੀ ਗੈਂਗਸਟਰ ਗੋਲਡੀ ਬਰਾੜ ਅਤੇ ਕਈ ਹੋਰ ਗੈਂਗਸਟਰਾਂ ਨੂੰ ਕੈਨੇਡਾ ਤੋਂ ਡਿਪੋਰਟ ਕੀਤੇ ਜਾਣ ਦੀ ਤਿਆਰੀ ਹੋ ਰਹੀ ਹੈ। ਕੈਨੇਡਾ ਸਰਕਾਰ ਨੇ ਗੈਰ-ਕਾਨੂੰਨੀ ਤੌਰ 'ਤੇ ਰਹਿ ਰਹੇ ਜਾਂ ਸ਼ਰਨਾਰਥੀਆਂ ਵਜੋਂ ਰਹਿ ਰਹੇ ਗੈਂਗਸਟਰਾਂ ਨੂੰ ਡਿਪੋਰਟ ਕਰਨ ਲਈ ਇੱਕ ਮੁਹਿੰਮ ਸ਼ੁਰੂ ਕੀਤੀ ਹੈ। ਇਸ ਮੰਤਵ ਲਈ, ਕੈਨੇਡਾ ਵਿੱਚ ਫਿਰੌਤੀਆਂ ਦੀ ਜਬਰੀ ਵਸੂਲੀ ਅਤੇ ਗੋਲੀਬਾਰੀ ਦੀਆਂ ਘਟਨਾਵਾਂ ਵਿੱਚ ਸ਼ਾਮਲ ਲੋਕਾਂ ਦੀ ਸੂਚੀ ਬਣਾਈ ਜਾ ਰਹੀ ਹੈ।

ਕੈਨੇਡੀਅਨ ਮੀਡੀਆ ਰਿਪੋਰਟਾਂ ਅਨੁਸਾਰ, ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ (CBSA) ਨੇ ਵੱਖ-ਵੱਖ ਦੇਸ਼ਾਂ ਦੇ 296 ਗੈਂਗਸਟਰਾਂ ਦੀ ਸੂਚੀ ਤਿਆਰ ਕੀਤੀ ਹੈ। ਇਨ੍ਹਾਂ ਵਿੱਚੋਂ 32 ਗੈਂਗਸਟਰਾਂ ਨੂੰ ਕੈਨੇਡਾ ਦੇ ਇਮੀਗ੍ਰੇਸ਼ਨ ਅਤੇ ਸ਼ਰਨਾਰਥੀ ਬੋਰਡ ਵੱਲੋਂ ਡਿਪੋਰਟ ਕਰਨ ਦੇ ਹੁਕਮ ਦਿੱਤੇ ਗਏ ਹਨ। ਹਾਲਾਂਕਿ, CBSA ਨੇ ਹਾਲ਼ੇ ਤੱਕ ਦੇਸ਼ ਨਿਕਾਲਾ ਦੇਣ ਵਾਲੇ ਗੈਂਗਸਟਰਾਂ ਦੀ ਸੂਚੀ ਜਾਰੀ ਨਹੀਂ ਕੀਤੀ ਹੈ। ਜੇ ਕੈਨੇਡੀਅਨ ਸਰਕਾਰ ਗੈਂਗਸਟਰਾਂ ਨੂੰ ਡੀਪੋਰਟ ਕਰਨ ਵਿੱਚ ਸਖ਼ਤੀ ਦਿਖਾਉਂਦੀ ਹੈ, ਤਾਂ ਗੋਲਡੀ ਬਰਾੜ ਅਤੇ ਅਰਸ਼ਦੀਪ ਡੱਲਾ ਸਮੇਤ ਬਹੁਤ ਸਾਰੇ ਗੈਂਗਸਟਰ ਭਾਰਤ ਵਾਪਸ ਭੇਜ ਦਿੱਤੇ ਜਾਣਗੇ, ਅਤੇ ਪੰਜਾਬ ਪੁਲਿਸ ਉਨ੍ਹਾਂ ਨੂੰ ਵੱਖ-ਵੱਖ ਮਾਮਲਿਆਂ ਵਿੱਚ ਗ੍ਰਿਫ਼ਤਾਰ ਕਰਨ ਦੇ ਯੋਗ ਹੋਵੇਗੀ।

ਕੈਨੇਡਾ ਵਿੱਚ ਗੈਂਗਸਟਰਾਂ ਦੁਆਰਾ ਪੰਜਾਬੀ ਕਾਰੋਬਾਰੀ ਸਭ ਤੋਂ ਵੱਧ ਨਿਸ਼ਾਨਾ ਬਣਦੇ ਹਨ। ਕੈਨੇਡਾ ਦੇ ਸਰੀ ਵਿੱਚ ਪੁਲਿਸ ਨੂੰ ਪੰਜਾਬੀ ਵਿੱਚ ਇੱਕ ਐਡਵਾਈਜ਼ਰੀ ਜਾਰੀ ਕਰਨੀ ਪਈ ਤਾਂ ਜੋ ਸਾਰਿਆਂ ਨੂੰ ਜਬਰੀ ਵਸੂਲੀ ਦੇ ਖ਼ਤਰਿਆਂ ਬਾਰੇ ਸੁਚੇਤ ਕੀਤਾ ਜਾ ਸਕੇ। ਗੈਂਗਸਟਰ ਪਹਿਲਾਂ ਫੋਨ ਕਾਲਾਂ ਰਾਹੀਂ ਜਬਰੀ ਵਸੂਲੀ ਮੰਗਦੇ ਹਨ, ਅਤੇ ਜੇ ਉਹ ਪੈਸੇ ਨਹੀਂ ਦਿੰਦੇ ਹਨ, ਤਾਂ ਉਹ ਉਨ੍ਹਾਂ ਦੇ ਘਰਾਂ ਵਿੱਚ ਜਾ ਕੇ ਗੋਲੀਬਾਰੀ ਕਰਦੇ ਹਨ।

ਕੈਨੇਡਾ 'ਚ ਵਿਰੋਧੀ ਧਿਰ ਦੇ ਨੇਤਾ ਪੀਅਰੇ ਪੋਇਲੀਵਰ ਨੇ ਸਦਨ ਵਿੱਚ ਕਿਹਾ ਕਿ ਲਿਬਰਲ ਸਰਕਾਰ ਦੀਆਂ ਅਸਫਲ ਨੀਤੀਆਂ ਨੇ ਕੈਨੇਡਾ ਵਿੱਚ ਜਬਰੀ ਵਸੂਲੀ ਦਾ ਸੰਕਟ ਪੈਦਾ ਕਰ ਦਿੱਤਾ ਹੈ, ਅਤੇ ਇਹ ਮਾਮਲੇ ਲਗਾਤਾਰ ਸਾਹਮਣੇ ਆ ਰਹੇ ਹਨ। ਉਨ੍ਹਾਂ ਦੋਸ਼ ਲਗਾਇਆ, "ਸਰਕਾਰ ਨੇ ਲਾਰੈਂਸ ਗੈਂਗ ਦੇ ਗੈਂਗਸਟਰਾਂ ਨੂੰ ਬਿਨਾਂ ਕਿਸੇ ਸਹੀ ਜਾਂਚ ਦੇ ਕੈਨੇਡਾ ਵਿੱਚ ਦਾਖਲ ਹੋਣ ਦਿੱਤਾ।" ਉਨ੍ਹਾਂ ਕੈਨੇਡੀਅਨ ਸੰਸਦ ਵਿੱਚ ਕਿਹਾ ਕਿ ਹੁਣ ਗੈਂਗਸਟਰਾਂ ਨੂੰ ਦੋਸ਼ੀ ਠਹਿਰਾਏ ਜਾਣ ਤੋਂ ਬਾਅਦ ਵੀ ਇੱਥੇ ਰਹਿਣ ਦੀ ਇਜਾਜ਼ਤ ਦਿੱਤੀ ਜਾ ਰਹੀ ਹੈ। ਗੈਂਗਸਟਰ ਸ਼ਰਨਾਰਥੀ ਹੋਣ ਦੇ ਝੂਠੇ ਦਾਅਵੇ ਕਰਦੇ ਹਨ। ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਪਾਰਟੀ ਨੇ ਦੋਸ਼ੀ ਠਹਿਰਾਏ ਜਾਣ 'ਤੇ ਗੈਂਗਸਟਰਾਂ ਨੂੰ ਦੇਸ਼ ਨਿਕਾਲਾ ਦੇਣ ਦਾ ਪ੍ਰਸਤਾਵ ਰੱਖਿਆ ਸੀ। ਵਿਰੋਧੀ ਧਿਰ ਨੇ ਸਰਕਾਰ ਤੋਂ ਮੰਗ ਕੀਤੀ ਹੈ ਕਿ ਕਿਸੇ ਵੀ ਗੈਂਗਸਟਰ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇ ਜੋ ਜਬਰੀ ਵਸੂਲੀ ਦੀ ਮੰਗ ਕਰਦਾ ਹੈ ਜਾਂ ਹੋਰ ਅਪਰਾਧ ਕਰਦਾ ਹੈ। ਕੈਨੇਡਾ ਤੋਂ ਨਕਲੀ ਸ਼ਰਨਾਰਥੀਆਂ ਨੂੰ ਬਾਹਰ ਕੱਢਣ ਲਈ ਇੱਕ ਕਾਨੂੰਨ ਬਣਾਇਆ ਜਾਣਾ ਚਾਹੀਦਾ ਹੈ। ਜੇਕਰ ਲੋੜ ਹੋਵੇ, ਤਾਂ ਇਸ ਨੂੰ ਪ੍ਰਾਪਤ ਕਰਨ ਲਈ ਕਾਨੂੰਨ ਵਿੱਚ ਵੀ ਸੋਧ ਕੀਤੀ ਜਾਣੀ ਚਾਹੀਦੀ ਹੈ।

# ਅਮਰੀਕਾ -ਜਾਪਾਨ ਵਿਚਕਾਰ ਵੱਡਾ ਵਪਾਰ ਸਮਝੌਤਾ !

## ਪਹਿਲੇ ਪੜਾਅ ਦੌਰਾਨ 36 ਬਿਲੀਅਨ ਡਾਲਰ ਦਾ ਨਿਵੇਸ਼ ਕਰੇਗਾ ਜਾਪਾਨ



ਵਾਸ਼ਿੰਗਟਨ: ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਜਾਪਾਨ ਨਾਲ ਇੱਕ ਵੱਡੇ ਵਪਾਰ ਸਮਝੌਤੇ ਦਾ ਐਲਾਨ ਕੀਤਾ ਹੈ। ਇਸ ਸਮਝੌਤੇ ਦੇ ਤਹਿਤ ਜਾਪਾਨ ਕੁੱਲ 550 ਬਿਲੀਅਨ ਡਾਲਰ ਦਾ ਨਿਵੇਸ਼ ਕਰੇਗਾ, ਜਿਸ ਦੇ ਪਹਿਲੇ ਪੜਾਅ ਵਿੱਚ 36 ਬਿਲੀਅਨ ਡਾਲਰ ਦੇ ਤਿੰਨ ਵੱਡੇ ਪ੍ਰੋਜੈਕਟ ਸ਼ੁਰੂ ਕੀਤੇ ਜਾਣਗੇ। ਟਰੰਪ ਦੇ ਅਨੁਸਾਰ ਇਹ ਪ੍ਰੋਜੈਕਟ ਅਮਰੀਕੀ ਉਦਯੋਗ ਨੂੰ ਮਜ਼ਬੂਤ ਕਰਨਗੇ, ਲੱਖਾਂ ਨੌਕਰੀਆਂ ਪੈਦਾ ਕਰਨਗੇ ਅਤੇ ਰਾਸ਼ਟਰੀ ਸੁਰੱਖਿਆ ਨੂੰ ਹੁਲਾਰਾ ਦੇਣਗੇ।

ਨਾਲ ਹੀ ਉਨ੍ਹਾਂ ਇਹ ਵੀ ਕਿਹਾ ਕਿ ਇਹ ਸੌਦਾ ਟੈਰਿਫ ਦਬਾਅ ਕਾਰਨ ਸੰਭਵ ਹੋਇਆ ਹੈ। ਪਹਿਲਾਂ ਜਾਪਾਨ ‘ਤੇ ਉੱਚ ਟੈਰਿਫ ਦੀਆਂ ਚੇਤਾਵਨੀਆਂ ਦਿੱਤੀਆਂ ਗਈਆਂ ਸਨ, ਪਰ ਸਮਝੌਤੇ ਤੋਂ ਬਾਅਦ ਟੈਰਿਫ ਘਟਾ ਕੇ 15% ਕਰ ਦਿੱਤੇ ਗਏ ਹਨ। ਟਰੰਪ ਨੇ ਆਪਣੇ ਸੋਸ਼ਲ ਮੀਡੀਆ ਪਲੇਟਫਾਰਮ, ਟਰੂਥ ਸੋਸ਼ਲ ‘ਤੇ ਪੋਸਟ ਕੀਤਾ, ਜਿਸ ਵਿੱਚ ਕਿਹਾ ਗਿਆ ਹੈ ਕਿ ਇਸ 550 ਬਿਲੀਅਨ ਡਾਲਰ ਦੀ ਵਚਨਬੱਧਤਾ ਦੇ ਤਹਿਤ ਪਹਿਲੇ ਪ੍ਰੋਜੈਕਟ ਸ਼ੁਰੂ ਹੋ ਗਏ ਹਨ। ਇਨ੍ਹਾਂ ਵਿੱਚ ਤਿੰਨ ਵੱਡੇ ਪ੍ਰੋਜੈਕਟ ਸ਼ਾਮਲ ਹਨ, ਜਿਨ੍ਹਾਂ ਦੀ ਕੁੱਲ ਕੀਮਤ ਲਗਭਗ 36 ਬਿਲੀਅਨ ਡਾਲਰ ਹੈ। ਪਹਿਲਾ ਪ੍ਰੋਜੈਕਟ ਜਾਰਜੀਆ ਰਾਜ ਵਿੱਚ ਕ੍ਰਿਟੀਕਲ ਮਿਨਰਲਜ਼ ਹੈ, ਜਿੱਥੇ ਸਿੰਥੈਟਿਕ ਹੀਰੇ ਜਾਂ ਹੋਰ ਮਹੱਤਵਪੂਰਨ ਖਣਿਜਾਂ ਦਾ ਉਤਪਾਦਨ ਹੋਵੇਗਾ ਜੋ ਅਮਰੀਕਾ ਦੀ ਵਿਦੇਸ਼ੀ ਨਿਰਭਰਤਾ ਨੂੰ ਘਟਾਉਣ ਵਿੱਚ ਮਦਦ ਕਰਨਗੇ। ਦੂਜੀ ਪਰਿਯੋਜਨਾ ਟੈਕਸਾਸ ਰਾਜ ਵਿੱਚ ਤੇਲ ਅਤੇ ਗੈਸ ਦੀਆਂ ਸਹੂਲਤਾਂ ਦੀ ਹੈ, ਜਿਸ ਵਿੱਚ ਗਲਫ਼ ਕੋਸਟ ‘ਤੇ ਇੱਕ ਡੀਪ-ਵਾਟਰ ਕਰੂਡ ਆਇਲ ਐਕਸਪੋਰਟ ਸਹੂਲਤ ਅਤੇ ਲਿਕਵੀਫਾਈਡ ਨੈਚੁਰਲ ਗੈਸ (LNG) ਪ੍ਰੋਜੈਕਟ ਸ਼ਾਮਲ ਹਨ, ਜੋ ਅਮਰੀਕੀ ਊਰਜਾ ਨਿਰਯਾਤ ਨੂੰ ਹੁਲਾਰਾ ਦੇਣਗੇ। ਤੀਜਾ ਪ੍ਰੋਜੈਕਟ ਓਹੀਓ ਵਿੱਚ ਇੱਕ ਬਿਜਲੀ ਉਤਪਾਦਨ ਪਲਾਂਟ ਹੈ, ਜੋ ਕਿ ਇੱਕ ਵਿਸ਼ਾਲ ਕੁਦਰਤੀ ਗੈਸ ਪਾਵਰ ਪਲਾਂਟ ਹੋਵੇਗਾ। ਟਰੰਪ ਨੇ ਇੱਕ ਸੋਸ਼ਲ ਮੀਡੀਆ ਪੋਸਟ ਵਿੱਚ ਕਿਹਾ ਕਿ ਇਹ ਪ੍ਰੋਜੈਕਟ ਬਹੁਤ ਵੱਡੇ ਪੱਧਰ ਦੇ ਹਨ ਅਤੇ ਟੈਰਿਫ ਨੇ ਇਹਨਾਂ ਨੂੰ ਲਾਗੂ ਕਰਨ ਵਿੱਚ ਮੁੱਖ ਭੂਮਿਕਾ ਨਿਭਾਈ। ਉਨ੍ਹਾਂ ਨੇ ਇਸਨੂੰ ਸੰਯੁਕਤ ਰਾਜ ਅਤੇ ਜਾਪਾਨ ਲਈ ਇੱਕ ਇਤਿਹਾਸਕ ਸਮਾਂ ਕਿਹਾ। ਉਨ੍ਹਾਂ ਕਿਹਾ ਕਿ ਅਮਰੀਕਾ ਦੁਬਾਰਾ ਨਿਰਮਾਣ ਕਰ ਰਿਹਾ ਹੈ, ਉਤਪਾਦਨ ਕਰ ਰਿਹਾ ਹੈ ਅਤੇ ਜਿੱਤ ਰਿਹਾ ਹੈ। ਪਿਛਲੇ ਹਫ਼ਤੇ, ਜਾਪਾਨ ਦੇ ਉਦਯੋਗ ਮੰਤਰੀ ਰਯੋਸੀ ਅਕਾਜ਼ਾਵਾ ਅਤੇ ਅਮਰੀਕੀ ਵਣਜ ਸਕੱਤਰ ਹਾਵਰਡ ਲੁਟਨਿਕ ਨੇ ਵਾਸ਼ਿੰਗਟਨ ਵਿੱਚ ਮੁਲਾਕਾਤ ਕੀਤੀ, ਜਿੱਥੇ ਉਹ ਨਿਵੇਸ਼ ਦੇ ਪਹਿਲੇ ਦੌਰ ਨੂੰ ਤੇਜ਼ ਕਰਨ ਲਈ ਸਹਿਮਤ ਹੋਏ। ਇਹ ਨਿਵੇਸ਼ ਰਣਨੀਤਕ ਖੇਤਰਾਂ ਜਿਵੇਂ ਕਿ ਮਹੱਤਵਪੂਰਨ ਖਣਿਜ, ਸੈਮੀਕੰਡਕਟਰ, ਆਰਟੀਫੀਸ਼ੀਅਲ ਇੰਟੈਲੀਜੈਂਸ ਅਤੇ ਊਰਜਾ ‘ਤੇ ਕੇਂਦ੍ਰਿਤ ਹਨ, ਜੋ ਦੋਵਾਂ ਦੇਸ਼ਾਂ ਦੀ ਰਾਸ਼ਟਰੀ ਸੁਰੱਖਿਆ ਅਤੇ ਆਰਥਿਕ ਹਿੱਤਾਂ ਨੂੰ ਮਜ਼ਬੂਤ ਕਰਨਗੇ।

# 296 ਵਿਦੇਸ਼ੀ ਨਾਗਰਿਕਾਂ ਦੀ ਜਾਂਚ ਕਰ ਰਹੀ ਹੈ ਐਂਟੀ ਐਕਸਟੋਰਸ਼ਨ ਟਾਸਕ ਫੋਰਸ

ਸਟਾਰ ਨਿਊਜ਼:-ਗਲੋਬਲ ਨਿਊਜ਼ ਨੂੰ ਪ੍ਰਦਾਨ ਕੀਤੇ ਗਏ ਨਵੇਂ ਅੰਕੜਿਆਂ ਦੇ ਅਨੁਸਾਰ, ਕੈਨੇਡੀਅਨ ਇਮੀਗ੍ਰੇਸ਼ਨ ਅਧਿਕਾਰੀ ਬ੍ਰਿਟਿਸ਼ ਕੋਲੰਬੀਆ ਦੀ ਐਂਟੀ ਐਕਸਟੌਰਸ਼ਨ ਯੂਨਿਟ ਦੁਆਰਾ ਫਲੈਗ ਕੀਤੇ ਗਏ ਲਗਭਗ 300 ਵਿਦੇਸ਼ੀ ਨਾਗਰਿਕਾਂ ਦੀ ਜਾਂਚ ਕਰ ਰਹੇ ਹਨ।

ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ ਨੇ ਪੁਸ਼ਟੀ ਕੀਤੀ ਹੈ ਕਿ ਉਸਨੇ ਬੀ.ਸੀ. ਵਿੱਚ ਸ਼ਾਮਲ ਭਾਈਵਾਲ ਏਜੰਸੀਆਂ ਦੁਆਰਾ ਪਛਾਣੇ ਗਏ 296 ਵਿਅਕਤੀਆਂ ਦੀ ਜਾਂਚ ਐਂਟੀ ਐਕਸਟੌਰਸ਼ਨ ਯੂਨਿਟ ਵਲੋਂ ਸ਼ੁਰੂ ਕੀਤੀ ਹੈ। 4 ਫਰਵਰੀ ਤੱਕ ਮੌਜੂਦਾ ਅੱਪਡੇਟ ਕੀਤੇ ਗਏ ਅੰਕੜੇ, ਇੱਕ ਮਹੀਨੇ ਪਹਿਲਾਂ ਰਿਪੋਰਟ ਕੀਤੀਆਂ ਗਈਆਂ 100 ਤੋਂ ਵੱਧ ਜਾਂਚਾਂ ਵਿੱਚ ਹੁਣ ਵੱਡਾ ਵਾਧਾ ਦਰਸਾਉਂਦੇ ਹਨ। ਸੀਬੀਐਸਏ ਇਮੀਗ੍ਰੇਸ਼ਨ ਇਨਫੋਰਸਮੈਂਟ ਅਫਸਰ ਸੰਭਾਵੀ "ਇੰਨਐਡਮਿਸੀਬਿਲਟੀ" ਲਈ ਕੇਸਾਂ ਦੀ ਜਾਂਚ ਕਰ ਰਹੇ ਹਨ, ਜੋ ਕਿ ਇਮੀਗ੍ਰੇਸ਼ਨ ਦੀ ਉਲੰਘਣਾ ਪਾਏ ਜਾਣ 'ਤੇ ਕੈਨੇਡਾ ਤੋਂ ਕੱਢੇ ਜਾ ਸਕਦੇ ਹਨ।

ਹੁਣ ਤੱਕ, 32 ਵਿਅਕਤੀਆਂ ਨੂੰ ਦੇਸ਼ ਤੋਂ ਕੱਢਣ ਦੇ ਆਦੇਸ਼ ਭੇਜੇ ਗਏ ਹਨ, ਏਜੰਸੀ ਦਾ ਕਹਿਣਾ ਹੈ ਕਿ 10 ਨੂੰ ਪਹਿਲਾਂ ਹੀ ਡਿਪੋਰਟ ਕੀਤਾ ਜਾ ਚੁੱਕਾ ਹੈ। ਇਸ ਤੋਂ ਇਲਾਵਾ, ਨੌਂ ਲੋਕ ਕੈਨੇਡਾ ਦੇ ਇਮੀਗ੍ਰੇਸ਼ਨ ਅਤੇ ਰਫਿਊਜੀ ਬੋਰਡ ਦੇ ਸਾਹਮਣੇ ਸੁਣਵਾਈ ਦੀ ਉਡੀਕ ਕਰ ਰਹੇ ਹਨ, ਜਿਨ੍ਹਾਂ ਨੂੰ ਦੇਸ਼ ਨਿਕਾਲੇ ਦੇ ਹੁਕਮ ਜਾਰੀ ਕੀਤੇ ਜਾ ਸਕਦੇ ਹਨ।

# ਰੋਬੋਡੌਗ ਵਿਵਾਦ 'ਤੇ ਵੱਡੀ ਕਾਰਵਾਈ

## ਗਲਗੋਟੀਆ ਯੂਨੀਵਰਸਿਟੀ ਨੂੰ AI ਸਮਿਟ ਐਕਸਪੋ ਨੂੰ ਤੁਰੰਤ ਖਾਲੀ ਕਰਨ ਦੇ ਦਿੱਤੇ ਹੁਕਮ

ਦੇਸ਼ ਦੀ ਰਾਜਧਾਨੀ ਦਿੱਲੀ ਵਿੱਚ AI ਇਮਪੈਕਟ ਸਮਿਟ ਚੱਲ ਰਿਹਾ ਹੈ। ਇਸ ਦੌਰਾਨ ਇੱਕ ਵੱਡੀ ਖ਼ਬਰ ਸਾਹਮਣੇ ਆਈ ਹੈ। ਸੂਤਰਾਂ ਅਨੁਸਾਰ ਗਲਗੋਟੀਆ ਯੂਨੀਵਰਸਿਟੀ ਨੂੰ AI ਸਮਿਟ ਐਕਸਪੋ ਨੂੰ ਤੁਰੰਤ ਖਾਲੀ ਕਰਨ ਲਈ ਕਿਹਾ ਗਿਆ ਹੈ। ਗਲਗੋਟੀਆ ਯੂਨੀਵਰਸਿਟੀ ਨੂੰ ਰੋਬੋਟਿਕ ਕੁੱਤਿਆਂ ਦੇ ਪ੍ਰਦਰਸ਼ਨ ਨੂੰ ਲੈ ਕੇ ਵਿਵਾਦ ਤੋਂ ਬਾਅਦ ਏਆਈ ਸਮਿਟ ਐਕਸਪੋ ਨੂੰ ਖਾਲੀ ਕਰਨ ਲਈ ਕਿਹਾ ਗਿਆ ਸੀ।

ਦੱਸ ਦਈਏ ਕਿ ਮੰਗਲਵਾਰ ਨੂੰ ਸੋਸ਼ਲ ਮੀਡੀਆ ‘ਤੇ ਇਸ ਘਟਨਾ ਦਾ ਇਕ ਵੀਡੀਓ ਵਾਇਰਲ ਹੋਣ ‘ਤੇ ਗ੍ਰੇਟਰ ਨੋਇਡਾ ਦੀ ਇਸ ਸੰਸਥਾ ਖਿਲਾਫ ਤੁਰੰਤ ਕਾਰਵਾਈ ਕੀਤੀ ਗਈ ਹੈ। ਕਲਿੱਪ ਵਿੱਚ, ਯੂਨੀਵਰਸਿਟੀ ਦੇ ਨੁਮਾਇੰਦੇ ਇੱਕ ਰੋਬੋਟਿਕ ਕੁੱਤੇ ਨੂੰ ਆਪਣੇ ਸੈਂਟਰ ਆਫ ਐਕਸੀਲੈਂਸ ਦੇ ਉਤਪਾਦ ਵਜੋਂ ਪੇਸ਼ ਕਰਦੇ ਦੇਖੇ ਗਏ। ਸੰਮੇਲਨ ਦੌਰਾਨ ਗਲਗੋਟੀਆਸ ਯੂਨੀਵਰਸਿਟੀ ਦੁਆਰਾ ਪੇਸ਼ ਕੀਤੇ ਗਏ ਰੋਬੋਟਿਕ ਕੁੱਤੇ ਦੀ ਪਛਾਣ Unitree Go2 ਵਜੋਂ ਕੀਤੀ ਗਈ ਹੈ, ਜੋ ਕਿ ਚੀਨੀ ਰੋਬੋਟਿਕਸ ਫਰਮ ਨਿਟਰਏ੍ਰਬੋਟਿਚਸ ਦੁਆਰਾ ਨਿਰਮਿਤ ਵਪਾਰਕ ਤੌਰ ‘ਤੇ ਉਪਲਬਧ ਮਾਡਲ ਹੈ। ਸਿਖਰ ਸੰਮੇਲਨ ਵਿੱਚ, ਰੋਬੋਟ ਨੂੰ “ਓਰੀਅਨ” ਨਾਮ ਨਾਲ ਪੇਸ਼ ਕੀਤਾ ਗਿਆ ਸੀ। ਏਆਈ ਇਮਪੈਕਟ ਸਮਿਟ ਵਿੱਚ ਚੀਨ ਦੇ ਬਣੇ ਰੋਬੋਡੌਗ ਦੇ ਪ੍ਰਦਰਸ਼ਨ ਨੂੰ ਲੈ ਕੇ ਹੋਏ ਵਿਵਾਦ ਤੋਂ ਬਾਅਦ ਗਲਗੋਟੀਆ ਯੂਨੀਵਰਸਿਟੀ ਦੀ ਪ੍ਰੋਫੈਸਰ ਡਾ.ਐਸ਼ਵਰਿਆ ਸ਼੍ਰੀਵਾਸਤਵ ਨੇ ਕਿਹਾ, ਅਸੀਂ ਕਦੇ ਦਾਅਵਾ ਨਹੀਂ ਕੀਤਾ ਕਿ ਅਸੀਂ ਇਸਨੂੰ (ਰੋਬੋਡੌਗ) ਬਣਾਇਆ ਹੈ, ਇਹ ਸਾਡੇ ਏਆਈ ਨਿਵੇਸ਼ ਦਾ ਸਿਰਫ਼ ਇੱਕ ਹਿੱਸਾ ਸੀ। ਇਸਦੀ ਬਹੁਤ ਗਲਤ ਵਿਆਖਿਆ ਕੀਤੀ ਗਈ ਹੈ।

ਇਸ ਤੋਂ ਪਹਿਲਾਂ, ਵਿਵਾਦ ਨੂੰ ਲੈ ਕੇ ਵਧਦੇ ਤਣਾਅ ਦੇ ਵਿਚਕਾਰ, ਸੰਸਥਾ ਨੇ ਇੱਕ ਅਧਿਕਾਰਤ ਸਪੱਸ਼ਟੀਕਰਨ ਜਾਰੀ ਕੀਤਾ ਸੀ, ਜਿਸ ਵਿੱਚ ਯੂਨੀਵਰਸਿਟੀ ਦੇ ਖਿਲਾਫ਼ “ਪ੍ਰਚਾਰ” ਬਾਰੇ ਚਿੰਤਾ ਜਤਾਈ ਗਈ ਹੈ। ਯੂਨੀਵਰਸਿਟੀ ਨੇ ਕਿਹਾ ਕਿ ਰੋਬੋਟਿਕ ਪ੍ਰੋਗਰਾਮਿੰਗ ਵਿਦਿਆਰਥੀਆਂ ਨੂੰ AI ਐਪਲੀਕੇਸ਼ਨ ਬਣਾਉਣ ਲਈ ਸਿਖਾਉਣ ਦੇ ਉਸ ਦੇ ਯਤਨਾਂ ਦਾ ਹਿੱਸਾ ਹੈ ਤਾਂ ਜੋ ਉਹ ਦੁਨੀਆ ਭਰ ਵਿੱਚ ਉਪਲੱਬਧ ਸਾਧਨਾਂ ਅਤੇ ਸਰੋਤਾਂ ਦੀ ਵਰਤੋਂ ਕਰਕੇ ਅਸਲ-ਸੰਸਾਰ ਦੇ ਹੁਨਰ ਨੂੰ ਵਿਕਸਤ ਅਤੇ ਲਾਗੂ ਕਰ ਸਕਣ। ਬਿਆਨ ਵਿੱਚ ਕਿਹਾ ਗਿਆ ਹੈ, “ਅਸੀਂ ਗਲਗੋਟੀਆ ਵਿਖੇ, ਫੈਕਲਟੀ ਅਤੇ ਵਿਦਿਆਰਥੀ, ਸਾਡੀ ਯੂਨੀਵਰਸਿਟੀ ਦੇ ਵਿਰੁੱਧ ਪ੍ਰਚਾਰ ਮੁਹਿੰਮ ਤੋਂ ਬਹੁਤ ਦੁਖੀ ਹਾਂ। ਅਸੀਂ ਸਪੱਸ਼ਟ ਤੌਰ ‘ਤੇ ਇਹ ਦੱਸਣਾ ਚਾਹੁੰਦੇ ਹਾਂ ਕਿ ਰੋਬੋਟਿਕ ਪ੍ਰੋਗਰਾਮਿੰਗ ਵਿਦਿਆਰਥੀਆਂ ਨੂੰ AI ਪ੍ਰੋਗਰਾਮਿੰਗ ਸਿੱਖਣ ਅਤੇ ਦੁਨੀਆ ਭਰ ਵਿੱਚ ਉਪਲਬਧ ਸਾਧਨਾਂ ਅਤੇ ਸਰੋਤਾਂ ਦੀ ਵਰਤੋਂ ਕਰਕੇ ਅਸਲ-ਸੰਸਾਰ ਦੇ ਹੁਨਰਾਂ ਨੂੰ ਵਿਕਸਤ ਕਰਨ ਅਤੇ ਲਾਗੂ ਕਰਨ ਦੇ ਯੋਗ ਬਣਾਉਣ ਲਈ ਸਾਡੇ ਯਤਨਾਂ ਦਾ ਹਿੱਸਾ ਹੈ ਕਿਉਂਕਿ AI ਪ੍ਰਤਿਭਾ ਨੂੰ ਵਿਕਸਤ ਕਰਨਾ ਸਮੇਂ ਦੀ ਲੋੜ ਹੈ। ਬਿਆਨ ਵਿੱਚ ਅੱਗੇ ਕਿਹਾ ਗਿਆ ਹੈ, “ਸਾਡੀ ਯੂਨੀਵਰਸਿਟੀ ਦਾ ਦ੍ਰਿਸ਼ਟੀਕੋਣ ਵਿਦਿਆਰਥੀ ਸਿੱਖਣ ਅਤੇ ਨਵੀਨਤਾ ‘ਤੇ ਕੇਂਦ੍ਰਿਤ ਹੈ ਅਤੇ ਅਸੀਂ ਵਿਦਿਆਰਥੀਆਂ ਨੂੰ ਆਧੁਨਿਕ ਤਕਨਾਲੋਜੀ ਤੱਕ ਪਹੁੰਚ ਪ੍ਰਦਾਨ ਕਰਦੇ ਹਾਂ ਤਾਂ ਜੋ ਉਹ ਵਿਹਾਰਕ ਅਨੁਭਵ ਪ੍ਰਾਪਤ ਕਰ ਸਕਣ ਅਤੇ ਭਵਿੱਖ ਲਈ ਤਿਆਰੀ ਕਰ ਸਕਣ।









# ਰਾਜਸਥਾਨ ਵਿਖੇ ਕੈਮੀਕਲ ਫੈਕਟਰੀ 'ਚ ਲੱਗੀ ਭਿਆਨਕ ਅੱਗ

## ਜ਼ਿੰਦਾ ਸੜੇ ਕਈ ਮਜ਼ਦੂਰ !



ਭਿਵਾੜੀ : ਰਾਜਸਥਾਨ ਦੇ ਭਿਵਾੜੀ ਸਥਿਤ ਖੁਸ਼ਖੇੜਾ ਉਦਯੋਗਿਕ ਖੇਤਰ ਵਿੱਚ ਇੱਕ ਕੈਮੀਕਲ ਫੈਕਟਰੀ ਵਿੱਚ ਲੱਗੀ ਭਿਆਨਕ ਅੱਗ ਲੱਗਣ ਕਾਰਨ ਹੜਕੰਪ ਮਚ ਗਿਆ। ਸਥਾਨਕ ਲੋਕਾਂ ਨੇ ਦੱਸਿਆ ਕਿ ਬਚਾਅ ਟੀਮਨੇ ਫੈਕਟਰੀ ਦੇ ਅੰਦਰੋਂ ਸੱਤ ਕਰਮਚਾਰੀਆਂ ਦੀਆਂ ਲਾਸ਼ਾਂ ਬਰਾਮਦ ਕੀਤੀਆਂ ਹਨ, ਜਦਕਿ ਇੱਕ ਵਿਅਕਤੀ ਦੀ ਮੌਤ ਦਿੱਲੀ ਦੇ ਏਮਜ਼ (AIIMS) ਹਸਪਤਾਲ ਵਿੱਚ ਦਾਖਲ ਕਰਵਾਏ ਜਾਣ ਤੋਂ ਬਾਅਦ ਹੋ ਗਈ। ਹਾਦਸੇ ਤੋਂ ਬਾਅਦ ਪੂਰੇ ਇਲਾਕੇ ਵਿੱਚ ਸੋਗ ਅਤੇ ਦਹਿਸ਼ਤ ਦਾ ਮਾਹੌਲ ਹੈ। ਘਟਨਾ ਸਮੇਂ ਲਗਭਗ 25 ਮਜ਼ਦੂਰ ਕੰਮ ਕਰ ਰਹੇ ਸਨ। ਇਹ ਹਾਦਸਾ ਸੋਮਵਾਰ ਸਵੇਰੇ 9:30 ਵਜੇ ਦੇ ਕਰੀਬ ਖੁਸ਼ਖੇੜਾ ਕਰੌਲੀ ਉਦਯੋਗਿਕ ਖੇਤਰ ਵਿੱਚ ਵਾਪਰਿਆ। ਖੁਸ਼ਖੇੜਾ ਉਦਯੋਗਿਕ ਖੇਤਰ ਦੇ ਪਲਾਟ ਜੀ-1-118 ਬੀ ਵਿੱਚ ਸੋਮਵਾਰ ਸਵੇਰੇ ਅਚਾਨਕ ਅੱਗ ਭੜਕ ਉੱਠੀ। ਦੱਸਿਆ ਜਾ ਰਿਹਾ ਹੈ ਕਿ ਅੱਗ ਨੇ ਕੁਝ ਹੀ ਮਿੰਟਾਂ ਵਿੱਚ ਭਿਆਨਕ ਰੂਪ ਧਾਰ ਲਿਆ ਅਤੇ ਪੂਰੀ ਫੈਕਟਰੀ ਨੂੰ ਆਪਣੀ ਲਪੇਟ ਵਿੱਚ ਲੈ ਲਿਆ। ਅੱਗ ਇੰਨੀ ਤੇਜ਼ ਸੀ ਕਿ ਅੰਦਰ ਕੰਮ ਕਰ ਰਹੇ ਮਜ਼ਦੂਰਾਂ ਨੂੰ ਬਾਹਰ ਨਿਕਲਣ ਦਾ ਮੌਕਾ ਨਹੀਂ ਮਿਲ ਸਕਿਆ।

ਘਟਨਾ ਦੀ ਸੂਚਨਾ ਮਿਲਦੇ ਹੀ ਪੁਲਿਸ, ਪ੍ਰਸ਼ਾਸਨਿਕ ਅਧਿਕਾਰੀ, ਫਾਇਰ ਬ੍ਰਿਗੇਡ ਦੀਆਂ ਕਈ ਗੱਡੀਆਂ, ਬਚਾਅ ਦਲ ਅਤੇ ਮੈਡੀਕਲ ਟੀਮਾਂ ਮੌਕੇ 'ਤੇ ਪਹੁੰਚ ਗਈਆਂ। ਪੂਰੇ ਇਲਾਕੇ ਦੀ ਘੇਰਾਬੰਦੀ ਕਰ ਦਿੱਤੀ ਗਈ ਅਤੇ ਅੱਗ 'ਤੇ ਕਾਬੂ ਪਾਉਣ ਦੇ ਨਾਲ-ਨਾਲ ਅੰਦਰ ਫਸੇ ਲੋਕਾਂ ਨੂੰ ਬਾਹਰ ਕੱਢਣ ਲਈ ਮੁਹਿੰਮ ਚਲਾਈ ਗਈ। ਕਰੀਬ ਡੇਢ ਘੰਟੇ ਦੀ ਮੁਸ਼ੱਕਤ ਤੋਂ ਬਾਅਦ ਅੱਗ 'ਤੇ ਕਾਬੂ ਪਾ ਲਿਆ ਗਿਆ। ਲਾਸ਼ਾਂ ਬੁਰੀ ਤਰ੍ਹਾਂ ਸੜ ਚੁੱਕੀਆਂ ਹਨ। ਕਈ ਲਾਸ਼ਾਂ ਦੇ ਸਿਰਫ਼ ਕੰਕਾਲ ਹੀ ਬਚੇ ਹਨ। ਸਰੀਰ ਦੇ ਅੰਗਾਂ ਦੇ ਟੁਕੜੇ ਖਿੰਡੇ ਹੋਏ ਮਿਲੇ। ਬਚਾਅ ਟੀਮ ਨੇ ਇਨ੍ਹਾਂ ਟੁਕੜਿਆਂ ਨੂੰ ਪਾਲੀਥੀਨ ਵਿੱਚ ਇਕੱਠਾ ਕੀਤਾ। ਏਡੀਐਮ ਸੁਮਿਤਾ ਮਿਸ਼ਰਾ ਨੇ ਕਿਹਾ, "ਪੁਲਿਸ ਨੂੰ ਗਸ਼ਤ ਦੌਰਾਨ ਇਸ ਘਟਨਾ ਦਾ ਪਤਾ ਲੱਗਾ। ਜਿਸ ਤੋਂ ਤੁਰੰਤ ਬਾਅਦ ਬਚਾਅ ਕਾਰਜ ਸ਼ੁਰੂ ਕਰ ਦਿੱਤੇ ਗਏ।" ਫੈਕਟਰੀ ਮਾਲਕ ਦਾ ਨਾਮ ਰਾਜੇਂਦਰ ਹੈ। ਫਿਲਹਾਲ ਫੋਰੈਂਸਿਕ ਟੀਮ ਅਤੇ ਇੱਕ ਮੋਬਾਈਲ ਪ੍ਰਯੋਗਸ਼ਾਲਾ ਘਟਨਾ ਸਥਾਨ 'ਤੇ ਮੌਜੂਦ ਹੈ, ਅਤੇ ਫੈਕਟਰੀ ਤੋਂ ਨਮੂਨੇ ਲਏ ਜਾ ਰਹੇ ਹਨ।

# ਅਫ਼ਰੀਕੀ ਦੇਸ਼ ਘਾਨਾ 'ਚ ਪਹਿਲੇ ਗੁਰਦੁਆਰਾ ਸਾਹਿਬ ਦੀ ਸਥਾਪਨਾ



ਅੱਕਰਾ (ਘਾਨਾ): ਅਫ਼ਰੀਕੀ ਦੇਸ਼ ਘਾਨਾ ਵਿੱਚ ਪਹਿਲਾ ਗੁਰਦੁਆਰਾ ਸਥਾਪਿਤ ਕੀਤਾ ਗਿਆ ਹੈ, ਜੋ ਸੱਭਿਆਚਾਰਕ ਏਕਤਾ ਦਾ ਪ੍ਰਤੀਕ ਬਣਿਆ ਹੈ। ਇਸ ਨੂੰ 'ਸਾਹਿਬ ਦਾ ਗੁਰਦੁਆਰਾ' ਨਾਮ ਦਿੱਤਾ ਗਿਆ ਹੈ ਅਤੇ 8 ਫਰਵਰੀ ਨੂੰ ਈਸਟ ਲੇਗਨ ਖੇਤਰ ਵਿੱਚ ਇਸ ਦਾ ਉਦਘਾਟਨ ਕੀਤਾ ਗਿਆ।

ਗੁਰਦੁਆਰਾ ਸਿਰਫ਼ ਇਬਾਦਤ ਦਾ ਸਥਾਨ ਨਹੀਂ, ਸਗੋਂ ਆਤਮਕ ਸਿੱਖਿਆ, ਸਮਾਜਿਕ ਸੇਵਾ ਅਤੇ ਨਿੱਜੀ ਵਿਕਾਸ ਦਾ ਕੇਂਦਰ ਵੀ ਹੋਵੇਗਾ। ਸਿੱਖ ਧਰਮ ਦੀ ਕੇਂਦਰੀ ਪਰੰਪਰਾ ਲੰਗਰ, ਜਿੱਥੇ ਹਰ ਧਰਮ ਅਤੇ ਜਾਤ ਜਾਂ ਦਰਜੇ ਤੋਂ ਉਪਰ ਉਠ ਕੇ ਮੁਫ਼ਤ ਭੋਜਨ ਮਿਲਦਾ ਹੈ, ਇੱਥੇ ਵੀ ਜਾਰੀ ਰਹੇਗੀ। ਉਦਘਾਟਨ ਸਮਾਰੋਹ ਵਿੱਚ ਅਮਰਦੀਪ ਸਿੰਘ ਹਰੀ, ਜੋ ਫਿੰਛ ਦੇ ਚੇਅਰਮੈਨ ਹਨ, ਨੇ ਗੁਰੂ ਨਾਨਕ ਦੇਵ ਜੀ ਵੱਲੋਂ 15ਵੀਂ ਸਦੀ ਵਿੱਚ ਸਿੱਖ ਧਰਮ ਦੀ ਸਥਾਪਨਾ ਬਾਰੇ ਗੱਲ ਕੀਤੀ।

ਉਨ੍ਹਾਂ ਨੇ ਕਿਹਾ ਕਿ ਸਿੱਖ ਧਰਮ ਇੱਕ ਪਰਮਾਤਮਾ ਅਤੇ ਸਭ ਮਨੁੱਖਾਂ ਦੀ ਸਮਾਨਤਾ ਦੇ ਸਿਧਾਂਤ 'ਤੇ ਅਧਾਰਿਤ ਹੈ। ਉਨ੍ਹਾਂ ਨੇ ਇਹ ਵੀ ਜ਼ੋਰ ਦਿੱਤਾ ਕਿ ਦੁਨੀਆ ਭਰ ਦੇ ਗੁਰਦੁਆਰੇ ਸਿੱਖਾਂ ਅਤੇ ਗੈਰ-ਸਿੱਖਾਂ ਦੋਵਾਂ ਲਈ ਖੁੱਲ੍ਹੇ ਹਨ ਅਤੇ ਮਨੁੱਖਤਾ ਦੀ ਸੇਵਾ ਦੇ ਕੇਂਦਰ ਵਜੋਂ ਕੰਮ ਕਰਦੇ ਹਨ। ਭਾਰਤੀ ਭਾਈਚਾਰੇ ਦੀ ਘਾਨਾ ਵਿੱਚ ਮੌਜੂਦਗੀ 1900 ਦੇ ਸ਼ੁਰੂਆਤੀ ਦਹਾਕਿਆਂ ਤੋਂ ਹੈ, ਜਦੋਂ ਸਿੰਧੀ ਵਪਾਰੀ ਇੱਥੇ ਆ ਕੇ ਵਪਾਰ ਅਤੇ ਉਦਯੋਗ ਖੇਤਰ ਵਿੱਚ ਆਪਣੀ ਪਛਾਣ ਬਣਾਉਣ ਲੱਗੇ। ਬਾਅਦ ਵਿੱਚ ਪੰਜਾਬੀ ਸਿੱਖ ਪ੍ਰੋਫੈਸਰਾਂ ਨੇ ਯੂਨੀਵਰਸਿਟੀ ਆਫ ਘਾਨਾ ਵਿੱਚ ਅਕਾਦਮਿਕ ਅਹੁਦੇ ਸੰਭਾਲੇ। ਸਮੇਂ ਦੇ ਨਾਲ, ਭਾਰਤੀ ਭਾਈਚਾਰਾ ਸਟੀਲ, ਫਾਰਮਾਸਿਊਟਿਕਲ ਅਤੇ ਆਈ.ਟੀ. ਵਰਗੇ ਖੇਤਰਾਂ ਵਿੱਚ ਮਹੱਤਵਪੂਰਨ ਯੋਗਦਾਨ ਪਾਉਂਦਾ ਆ ਰਿਹਾ ਹੈ। ਅੱਜ ਘਾਨਾ ਵਿੱਚ ਭਾਰਤ ਦੇ 28 ਰਾਜਾਂ ਤੋਂ ਆਏ ਲੋਕ ਵੱਖ-ਵੱਖ ਖੇਤਰਾਂ ਵਿੱਚ ਸਰਗਰਮ ਹਨ। ਨਵਾਂ ਗੁਰਦੁਆਰਾ ਇਸ ਏਕਤਾ ਨੂੰ ਹੋਰ ਮਜ਼ਬੂਤ ਕਰੇਗਾ ਅਤੇ ਸਿੱਖ ਧਰਮ ਦੇ ਸੁਨੇਹੇ, ਸਮਾਨਤਾ, ਸੇਵਾ ਅਤੇ ਮਨੁੱਖਤਾ ਨੂੰ ਅੱਗੇ ਵਧਾਏਗਾ।

# ਮੂਸੇਵਾਲਾ ਦੇ ਪਰਿਵਾਰ ਦੀ ਸ਼ਿਕਾਇਤ 'ਤੇ ਵੱਡਾ ਐਕਸ਼ਨ

## ਮਾਨਸਾ ਪੁਲਿਸ ਨੇ ਕੰਪਨੀ ਸਣੇ 3 ਖ਼ਿਲਾਫ਼ ਦਰਜ ਕੀਤੀ FIR



ਸਿੱਧੂ ਮੂਸੇਵਾਲਾ ਦੀ ਮਾਂ ਚਰਨ ਕੌਰ ਦੇ ਬਿਆਨਾਂ ਦੇ ਆਧਾਰ 'ਤੇ ਮਾਨਸਾ ਪੁਲਿਸ ਨੇ ਕੰਪਨੀ ਸਣੇ 3 ਖਿਲਾਫ ਕੇਸ ਦਰਜ ਕੀਤਾ ਹੈ। ਇਹ ਕਾਰਵਾਈ ਧੋਖਾਦੇਹੀ ਦੇ ਦੋਸ਼ਾਂ ਨੂੰ ਲੈ ਕੇ ਕੀਤੀ ਗਈ ਹੈ। ਪਿਛਲੀ 11 ਫਰਵਰੀ ਨੂੰ ਸਿੱਧੂ ਮੂਸੇਵਾਲਾ ਦੇ ਮਾਪਿਆਂ ਨੇ ਮਾਨਸਾ ਵਿਚ SSP ਦਫਤਰ ਦੇ ਬਾਹਰ ਬੈਠ ਕੇ ਧਰਨਾ ਦਿੱਤਾ ਸੀ। ਉਨ੍ਹਾਂ ਦੋਸ਼ ਲਗਾਇਆ ਸੀ ਕਿ ਕੰਪਨੀ ਉਨ੍ਹਾਂ ਨਾਲ ਧੋਖਾ ਕਰ ਰਹੀ ਹੈ। ਉਨ੍ਹਾਂ ਕਿਹਾ ਸੀ ਕਿ ਕੰਪਨੀ ਦੇ ਮਾਲਕ ਉਨ੍ਹਾਂ ਦੇ ਮਰਹੂਮ ਪੁੱਤ ਸਿੱਧੂ ਮੂਸੇਵਾਲਾ ਦੀ ਕਮਾਈ ਖਾ ਰਹੇ ਹਨ ਤੇ ਉਨ੍ਹਾਂ ਨੂੰ ਉਸ ਦਾ ਹਿਸਾਬ ਨਹੀਂ ਦਿੱਤਾ ਜਾ ਰਿਹਾ। ਇਸ ਦੌਰਾਨ ਉਨ੍ਹਾਂ ਨੇ 30 ਕਰੋੜ ਰੁਪਏ ਦੀ ਹੇਰਾਫੇਰੀ ਦਾ ਦੋਸ਼ ਲਗਾਇਆ। ਇਸ ਦੌਰਾਨ ਸਿੱਧੂ ਦੇ ਪਿਤਾ ਬਲਕੌਰ ਸਿੰਘ ਨੇ ਪੁਲਿਸ 'ਤੇ ਵੀ ਕਈ ਸਵਾਲ ਚੁੱਕੇ ਸਨ।

ਇਸ ਵਿਰੋਧ ਪ੍ਰਦਰਸ਼ਨ ਦੇ ਬਾਅਦ ਪੁਲਿਸ ਐਕਸ਼ਨ ਵਿਚ ਆ ਗਈ ਹੈ। ਮਾਨਸਾ ਦੇ ਥਾਣਾ ਸਦਰ ਪੁਲਿਸ ਨੇ ਚਰਨ ਕੌਰ ਦੇ ਬਿਆਨਾਂ 'ਤੇ ਇਕ ਕੰਪਨੀ ਨਾਲ ਗੁਰਪ੍ਰੀਤ ਸਿੰਘ ਤੇ ਸ਼ਬੀਰ ਮੋਮਿਨ ਖ਼ਿਲਾਫ਼ ਕੇਸ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਪਿਤਾ ਬਲੌਕਰ ਸਿੰਘ ਨੇ ਕਿਹਾ ਕਿ ਸੀ ਉਹ ਕੰਪਨੀ ਤੇ ਉਸ ਦੇ ਮੈਨੇਜਰ ਬੰਟੀ ਬੈਂਸ ਖਿਲਾਫ਼ ਕਾਰਵਾਈ ਦੀ ਮੰਗ ਕਰ ਰਹੇ ਹਨ ਪਰ ਉਨ੍ਹਾਂ ਦੀ ਸੁਣਵਾਈ ਨਹੀਂ ਹੋ ਰਹੀ।

ਧਰਨੇ ਦੌਰਾਨ ਬਠਿੰਡਾ ਰੇਂਜ ਦੇ ਡੀਆਈਜੀ ਹਰਜੀਤ ਸਿੰਘ ਨੇ ਮੂਸੇਵਾਲਾ ਦੇ ਮਾਪਿਆਂ ਨਾਲ ਗੱਲਬਾਤ ਕੀਤੀ ਸੀ। ਡੀਆਈਜੀ ਨੇ 2 ਦਿਨਾਂ ਅੰਦਰ ਸ਼ਿਕਾਇਤਾਂ 'ਤੇ ਕਾਰਵਾਈ ਦਾ ਭਰੋਸਾ ਵੀ ਦਿੱਤਾ ਸੀ।

# ਵਿਦੇਸ਼ ਬੈਠੇ ਪੁੱਤ ਲਈ ਮਾਂ ਬਣੀ ਜਾਸੂਸ

## ਵਪਾਰੀਆਂ ਦੀ ਰੇਕੀ ਕਰ ਕੇ ਚਲਾਇਆ ਜਾ ਰਿਹਾ ਸੀ 'ਫਿਰੌਤੀਆਂ' ਮੰਗਣ ਦਾ ਧੰਦਾ



ਕੋਟਕਪੂਰਾ: ਫ਼ਰੀਦਕੋਟ ਜ਼ਿਲ੍ਹੇ ਵਿਚ ਇਕ ਅਜਿਹਾ ਮਾਮਲਾ ਸਾਹਮਣੇ ਆਇਆ ਹੈ, ਜਿਸ ਨੇ ਸਾਰਿਆਂ ਨੂੰ ਹੈਰਾਨ ਕਰ ਦਿਤਾ ਹੈ। ਇੱਥੇ ਇਕ ਮਾਂ ਵਲੋਂ ਅਪਣੇ ਵਿਦੇਸ਼ ਬੈਠੇ ਪੁੱਤ ਨਾਲ ਮਿਲ ਕੇ ਫਿਰੌਤੀ ਦਾ ਰੈਕੇਟ ਚਲਾਉਣ ਦਾ ਖੁਲਾਸਾ ਹੋਇਆ ਹੈ। ਪੁਲਿਸ ਜਾਂਚ ਮੁਤਾਬਕ ਇਹ ਔਰਤ ਇਲਾਕੇ ਦੇ ਅਮੀਰ ਵਪਾਰੀਆਂ ਦੀ ਪਛਾਣ ਕਰਦੀ ਸੀ ਅਤੇ ਉਨ੍ਹਾਂ ਦੀ ਨਿਜੀ ਜਾਣਕਾਰੀ ਅਪਣੇ ਪੁੱਤ ਨੂੰ ਭੇਜਦੀ ਸੀ ਤਾਂ ਜੋ ਉਹ ਵਿਦੇਸ਼ ਤੋਂ ਉਨ੍ਹਾਂ ਨੂੰ ਧਮਕਾ ਸਕੇ।

ਥਾਣਾ ਸਾਦਿਕ ਦੀ ਪੁਲਿਸ ਨੇ ਇਸ ਮਾਮਲੇ ਵਿਚ ਪਰਮਜੀਤ ਕੌਰ, ਉਸ ਦੇ ਵਿਦੇਸ਼ ਰਹਿੰਦੇ ਪੁੱਤ ਹਰਮਨਪ੍ਰੀਤ ਸਿੰਘ ਉਰਫ਼ ਹਾਮੀ ਅਤੇ ਉਨ੍ਹਾਂ ਦੇ ਇੱਕ ਸਾਥੀ ਸੋਨੂੰ ਸਿੰਘ ਵਿਰੁਧ ਮਾਮਲਾ ਦਰਜ ਕੀਤਾ ਹੈ। ਜਾਂਚ ਵਿਚ ਸਾਹਮਣੇ ਆਇਆ ਕਿ ਪਰਮਜੀਤ ਕੌਰ ਸਥਾਨਕ ਬਾਜ਼ਾਰਾਂ ਵਿਚ ਜਾ ਕੇ ਦੁਕਾਨਾਂ ਦੇ ਬਾਹਰ ਲੱਗੇ ਬੋਰਡਾਂ ਤੋਂ ਮਾਲਕਾਂ ਦੇ ਨਾਮ ਅਤੇ ਮੋਬਾਈਲ ਨੰਬਰ ਨੋਟ ਕਰਦੀ ਸੀ। ਇੰਨਾ ਹੀ ਨਹੀਂ, ਉਹ ਵਪਾਰੀਆਂ ਦੇ ਪਰਵਾਰਾਂ ਬਾਰੇ ਵੀ ਗੁਪਤ ਜਾਣਕਾਰੀ ਇਕੱਠੀ ਕਰਦੀ ਸੀ। ਇਹ ਸਾਰੀ ਜਾਣਕਾਰੀ ਉਹ ਅਪਣੇ ਪੁੱਤਰ ਹਰਮਨਪ੍ਰੀਤ ਨੂੰ ਭੇਜਦੀ ਸੀ, ਜੋ ਅੱਗੇ ਇੰਟਰਨੈਸ਼ਨਲ ਵਟਸਐਪ ਨੰਬਰਾਂ ਰਾਹੀਂ ਇਨ੍ਹਾਂ ਵਪਾਰੀਆਂ ਨੂੰ ਫੋਨ ਕਰ ਕੇ ਲੱਖਾਂ ਰੁਪਏ ਦੀ ਮੰਗ ਕਰਦਾ ਸੀ। ਪੀੜਤਾਂ ਨੂੰ ਡਰਾਉਣ ਲਈ ਉਹ ਉਨ੍ਹਾਂ ਦੇ ਬੱਚਿਆਂ ਅਤੇ ਪਰਵਾਰਕ ਮੈਂਬਰਾਂ ਬਾਰੇ ਅਜਿਹੀਆਂ ਗੱਲਾਂ ਕਰਦਾ ਸੀ, ਜਿਸ ਨਾਲ ਵਪਾਰੀ ਸਹਿਮ ਜਾਂਦੇ ਸਨ ਕਿ ਕੋਈ ਉਨ੍ਹਾਂ ਦੀ ਪਲ-ਪਲ ਦੀ ਖ਼ਬਰ ਰੱਖ ਰਿਹਾ ਹੈ। ਇਸ ਗੋਰਖਧੰਦੇ ਦਾ ਪਰਦਾਫ਼ਾਸ਼ ਉਦੋਂ ਹੋਇਆ, ਜਦੋਂ ਸਾਦਿਕ ਦੇ ਇਕ ਕਪੜਾ ਵਪਾਰੀ ਜਸਵਿੰਦਰ ਸਿੰਘ ਨੇ ਪੁਲਿਸ ਕੋਲ ਸ਼ਿਕਾਇਤ ਦਰਜ ਕਰਵਾਈ।

ਜਸਵਿੰਦਰ ਨੂੰ ਇਕ ਵਿਦੇਸ਼ੀ ਨੰਬਰ ਤੋਂ ਫ਼ੋਨ ਆਇਆ ਸੀ, ਜਿਸ ਵਿਚ 80 ਲੱਖ ਰੁਪਏ ਦੀ ਫਿਰੌਤੀ ਮੰਗੀ ਗਈ ਸੀ। ਧਮਕੀ ਦੇਣ ਵਾਲੇ ਨੇ ਇਹ ਵੀ ਦਸਿਆ ਕਿ ਉਸ ਨੂੰ ਪਤਾ ਹੈ ਕਿ ਜਸਵਿੰਦਰ ਦਾ ਲੜਕਾ ਕਿੱਥੇ ਪੜ੍ਹਦਾ ਹੈ। ਪੁਲਿਸ ਨੇ ਜਦੋਂ ਤਕਨੀਕੀ ਜਾਂਚ ਕੀਤੀ ਤੇ ਡਿਜੀਟਲ ਫ਼ੁਟਪ੍ਰਿੰਟਸ ਨੂੰ ਟਰੇਸ ਕੀਤਾ, ਤਾਂ ਤਾਰਾਂ ਪਰਮਜੀਤ ਕੌਰ ਅਤੇ ਉਸ ਦੇ ਪੁੱਤਰ ਨਾਲ ਜਾ ਜੁੜੀਆਂ। ਪੁਲਿਸ ਅਧਿਕਾਰੀਆਂ ਦਾ ਕਹਿਣਾ ਹੈ ਕਿ ਮਾਂ ਦੁਕਾਨਾਂ ਦੇ ਬੋਰਡਾਂ ਰਾਹੀਂ ਜਾਣਕਾਰੀ ਇਕੱਠੀ ਕਰ ਕੇ ਵਪਾਰੀਆਂ ਵਿਚ ਦਹਿਸ਼ਤ ਫੈਲਾਉਣ ਦਾ ਆਧਾਰ ਤਿਆਰ ਕਰਦੀ ਸੀ। ਫਿਲਹਾਲ ਪੁਲਿਸ ਨੇ ਕੇਸ ਦਰਜ ਕਰ ਲਿਆ ਹੈ ਅਤੇ ਇਸ ਗਰੋਹ ਦੇ ਹੋਰ ਸਥਾਨਕ ਸਾਥੀਆਂ ਨੂੰ ਫੜਨ ਲਈ ਛਾਪੇਮਾਰੀ ਜਾਰੀ ਹੈ।

# ਡੇਰਾ ਮੁਖੀ ਬਾਬਾ ਗੁਰਿੰਦਰ ਸਿੰਘ ਢਿੱਲੋਂ ਨਾਲ VIP ਫੋਟੋਆਂ 'ਤੇ ਪਾਬੰਦੀ



ਚੰਡੀਗੜ੍ਹ: ਡੇਰਾ ਰਾਧਾ ਸੁਆਮੀ ਸਤਿਸੰਗ ਬਿਆਸ ਵਲੋਂ ਵੱਡਾ ਫ਼ੈਸਲਾ ਲਿਆ ਗਿਆ ਹੈ। ਹੁਣ ਡੇਰਾ ਰਾਧਾ ਸੁਆਮੀ ਬਿਆਸ 'ਚ ਕਿਸੇ ਵੀ ਤਰ੍ਹਾਂ ਦਾ VIP ਟ੍ਰੀਟਮੈਂਟ ਬੰਦ ਹੋਵੇਗਾ। ਡੇਰਾ ਮੁਖੀ ਬਾਬਾ ਗੁਰਿੰਦਰ ਸਿੰਘ ਢਿੱਲੋਂ ਨਾਲ VIP ਫੋਟੋਆਂ 'ਤੇ ਪਾਬੰਦੀ ਲਗਾਈ ਗਈ ਹੈ। ਪਹਿਲਾਂ ਖਿਚਵਾਈਆਂ ਗਈਆਂ ਫੋਟੋਆਂ ਦੇ ਦੁਰਉਪਯੋਗ ਦੀ ਜਾਣਕਾਰੀ ਮਿਲੀ ਹੈ। ਜਿਸ ਕਰਕੇ ਡੇਰਾ ਬਿਆਸ ਨੇ ਕਿਸੇ ਵੀ VIP ਨਾਲ ਫੋਟੋ ਨਾ ਖਿਚਵਾਉਣ ਦਾ ਸਰਕੂਲਰ ਜਾਰੀ ਕੀਤਾ ਹੈ। ਹੁਣ ਸਭ ਲਈ ਇਕੋ ਜਿਹੇ ਨਿਯਮ ਲਾਗੂ ਹੋਣਗੇ।

ਸੰਸਥਾ ਨਾਲ ਜੁੜੇ ਸਰੋਤਾਂ ਅਨੁਸਾਰ ਇਹ ਕਦਮ ਡੇਰੇ ਦੀ ਪਰੰਪਰਾ ਅਤੇ ਸਾਦਗੀ ਨੂੰ ਬਣਾਈ ਰੱਖਣ ਦੇ ਮੱਦੇਨਜ਼ਰ ਚੁੱਕਿਆ ਗਿਆ ਹੈ। ਪ੍ਰਬੰਧਕਾਂ ਦਾ ਮੰਨਣਾ ਹੈ ਕਿ ਸਤਿਸੰਗ ਦਾ ਕੇਂਦਰ ਸਿਰਫ ਆਤਮਿਕ ਉੱਨਤੀ ਅਤੇ ਸਿਮਰਨ ਹੋਣਾ ਚਾਹੀਦਾ ਹੈ, ਨਾ ਕਿ ਪ੍ਰਸਿੱਧ ਹਸਤੀਆਂ ਨਾਲ ਫੋਟੋਆਂ ਦਾ ਪ੍ਰਚਾਰ। ਡੇਰਾ ਰਾਧਾ ਸੁਆਮੀ ਬਿਆਸ ਵੱਲੋਂ ਡੇਰਾ ਨਿਵਾਸੀਆਂ ਲਈ ਵੀਆਈਪੀ ਕਲਚਰ ਨੂੰ ਖਤਮ ਕਰਨ ਦਾ ਕੁਝ ਸਮਾਂ ਪਹਿਲਾਂ ਹੀ ਫ਼ੈਸਲਾ ਲਿਆ ਜਾ ਚੁੱਕਾ ਹੈ।

ਡੇਰਾ ਪ੍ਰਬੰਧਕਾਂ ਅਨੁਸਾਰ ਕਿਸੇ ਵੀ ਵੀਆਈਪੀ ਵੱਲੋਂ ਡੇਰਾ ਬਿਆਸ ਪ੍ਰਮੁੱਖ ਬਾਬਾ ਗੁਰਿੰਦਰ ਸਿੰਘ ਜੀ ਢਿੱਲੋਂ ਨਾਲ ਖਿਚਵਾਈ ਜਾਂਦੀ ਤਸਵੀਰ ਨੂੰ ਕਿਸੇ ਹੋਰ ਨਜ਼ਰੀਏ ਨਾਲ ਦੇਖਿਆ ਜਾਣ ਲੱਗ ਪਿਆ ਸੀ ਅਤੇ ਇਸ ਤਸਵੀਰ ਦੀ ਦੁਰਵਰਤੋਂ ਕੀਤੀ ਜਾਣ ਲੱਗ ਪਈ ਸੀ।

# ਸ੍ਰੀ ਹਰਿਮੰਦਰ ਸਾਹਿਬ ਦੀ ਪਰਿਕਰਮਾ 'ਚ ਜੁੱਤੀਆਂ ਸਮੇਤ ਦਿਖਾਇਆ ਨੌਜਵਾਨ

## AI ਰਾਹੀਂ ਬਣਾਈਆਂ ਵਿਵਾਦਿਤ ਵੀਡੀਓਜ਼ 'ਤੇ FIR ਦਰਜ




ਅੰਮ੍ਰਿਤਸਰ: ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਪਵਿੱਤਰ ਮਰਿਆਦਾ ਨੂੰ ਠੇਸ ਪਹੁੰਚਾਉਣ ਵਾਲੀਆਂ ਤਿੰਨ ਆਰਟੀਫੀਸ਼ੀਅਲ ਇੰਟੈਲੀਜੈਂਸ ਜਨਰੇਟਿਡ ਵਿਵਾਦਿਤ ਵੀਡੀਓਜ਼ ਸਾਹਮਣੇ ਆਉਣ ਤੋਂ ਬਾਅਦ ਅੰਮ੍ਰਿਤਸਰ ਪੁਲਿਸ ਨੇ ਸਖ਼ਤ ਕਾਰਵਾਈ ਕੀਤੀ ਹੈ।ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸ਼ਿਕਾਇਤ 'ਤੇ ਸਾਈਬਰ ਕ੍ਰਾਈਮ ਪੁਲਿਸ ਸਟੇਸ਼ਨ ਵਿੱਚ ਭਾਰਤੀ ਨਿਆ ਸੰਹਿਤਾ ਦੀਆਂ ਧਾਰਾਵਾਂ 299, 353 (2) ਅਤੇ 353 (3) ਤਹਿਤ ਕੇਸ ਦਰਜ ਕੀਤਾ ਗਿਆ ਹੈ।

ਇਸ ਵੀਡੀਓ ਵਿੱਚ ਇੱਕ ਨੌਜਵਾਨ ਨੂੰ ਪਵਿੱਤਰ ਪਰਿਕਰਮਾ ਵਿੱਚ ਜੁੱਤੀਆਂ ਪਾ ਕੇ ਖੜ੍ਹਾ ਦਿਖਾਇਆ ਗਿਆ ਹੈ। ਇੰਨਾ ਹੀ ਨਹੀਂ ਵੀਡੀਓ ਵਿੱਚ ਇੱਕ ਕਾਰ ਨੂੰ ਪਰਿਕਰਮਾ ਦੇ ਅੰਦਰ ਦਾਖਲ ਹੁੰਦੇ ਦਿਖਾਇਆ ਗਿਆ,ਜਿਸ ਵਿੱਚ ਬੈਠ ਕੇ ਉਹ ਨੌਜਵਾਨ ਬਾਹਰ ਜਾਂਦਾ ਨਜ਼ਰ ਆਉਂਦਾ ਹੈ। ਜਦਕਿ ਦੂਜੀ ਵੀਡੀਓ ਵਿੱਚ ਸ੍ਰੀ ਦਰਬਾਰ ਸਾਹਿਬ ਦੇ ਸਰੂਪ ਅਤੇ ਦ੍ਰਿਸ਼ਾਂ ਨੂੰ AI ਰਾਹੀਂ ਬਦਲ ਕੇ ਪੇਸ਼ ਕੀਤਾ ਗਿਆ ਹੈ, ਜੋ ਸਿੱਖ ਰਹਿਤ ਮਰਿਆਦਾ ਦੇ ਸਖ਼ਤ ਖਿਲਾਫ਼ ਹੈ।

ਤੀਜੀ ਵੀਡੀਓ ਵਿੱਚ ਸ੍ਰੀ ਹਰਿਮੰਦਰ ਸਾਹਿਬ ਦੇ ਸਾਹਮਣੇ ਇੱਕ ਜੋੜੇ ਨੂੰ ਬਹੁਤ ਹੀ ਇਤਰਾਜ਼ਯੋਗ ਹਰਕਤਾਂ ਕਰਦੇ ਦਿਖਾਇਆ ਗਿਆ ਹੈ,ਜਿਸ ਕਾਰਨ ਸੰਗਤ ਵਿੱਚ ਭਾਰੀ ਰੋਸ ਹੈ। SGPC ਨੇ ਇਨ੍ਹਾਂ ਵੀਡੀਓਜ਼ ਦੇ ਵਾਇਰਲ ਹੋਣ ਤੋਂ ਤੁਰੰਤ ਬਾਅਦ ਪੁਲਿਸ ਕਮਿਸ਼ਨਰ ਨੂੰ ਦੋ ਵੱਖ-ਵੱਖ ਸ਼ਿਕਾਇਤਾਂ ਦਿੱਤੀਆਂ ਸਨ। ਕਮੇਟੀ ਨੇ ਉਹ ਇੰਸਟਾਗ੍ਰਾਮ ਲਿੰਕ ਵੀ ਪੁਲਿਸ ਨੂੰ ਸੌਂਪੇ ਹਨ ਜਿੱਥੋਂ ਇਹ ਸਮੱਗਰੀ ਅਪਲੋਡ ਕੀਤੀ ਗਈ ਸੀ।

AI ਤਕਨੀਕ ਰਾਹੀਂ ਸਿੱਖ ਇਤਿਹਾਸ ਅਤੇ ਮਰਿਆਦਾ ਨੂੰ ਗਲਤ ਤਰੀਕੇ ਨਾਲ ਪੇਸ਼ ਕਰਨ ਦੇ ਵੱਧਦੇ ਮਾਮਲਿਆਂ ਨੂੰ ਦੇਖਦਿਆਂ ਸ਼੍ਰੋਮਣੀ ਕਮੇਟੀ ਨੇ ਪਹਿਲਾਂ ਹੀ ਇੱਕ ਵਿਸ਼ੇਸ਼ ਉਪ-ਕਮੇਟੀ ਦਾ ਗਠਨ ਕੀਤਾ ਹੋਇਆ ਹੈ। 13 ਅਕਤੂਬਰ 2025 ਨੂੰ ਹੋਈ ਅੰਤ੍ਰਿੰਗ ਕਮੇਟੀ ਦੀ ਮੀਟਿੰਗ ਵਿੱਚ ਲਏ ਗਏ ਫੈਸਲੇ ਅਨੁਸਾਰ, ਇਹ ਕਮੇਟੀ ਮਾਹਿਰਾਂ ਦੀ ਸਲਾਹ ਲੈ ਕੇ ਅਜਿਹੇ ਡਿਜੀਟਲ ਕੰਟੈਂਟ 'ਤੇ ਰੋਕ ਲਗਾਉਣ ਲਈ ਠੋਸ ਨੀਤੀ ਤਿਆਰ ਕਰ ਰਹੀ ਹੈ ਤਾਂ ਜੋ ਧਾਰਮਿਕ ਭਾਵਨਾਵਾਂ ਨਾਲ ਖਿਲਵਾੜ ਨਾ ਹੋ ਸਕੇ।



# ਮੁਅੱਤਲ DIG ਭੁੱਲਰ ਖਿਲਾਫ਼ ਵੱਡਾ ਐਕਸ਼ਨ

## ਗ੍ਰਹਿ ਮੰਤਰਾਲੇ ਨੇ CBI ਨੂੰ ਕੇਸ ਚਲਾਉਣ ਦੀ ਦਿੱਤੀ ਮਨਜ਼ੂਰੀ



ਭ੍ਰਿਸ਼ਟਾਚਾਰ ਮਾਮਲੇ ਵਿਚ ਸਸਪੈਂਡ ਪੰਜਾਬ ਪੁਲਿਸ ਦੇ ਡੀਆਈਜੀ ਹਰਚਰਨ ਸਿੰਘ ਭੁੱਲਰ ਨੂੰ ਗ੍ਰਹਿ ਮੰਤਰਾਲੇ ਨੇ ਝਟਕਾ ਦਿੰਦੇ ਹੋਏ ਚੰਡੀਗੜ੍ਹ ਸੀਬੀਆਈ ਨੂੰ ਉਨ੍ਹਾਂ ਵਿਰੁੱਧ ਕੇਸ ਅੱਗੇ ਚਲਾਉਣ ਦੀ ਇਜਾਜ਼ਤ ਦੇ ਦਿੱਤੀ ਹੈ। ਮਾਮਲੇ ਦੀ ਅਗਲੀ ਸੁਣਵਾਈ 22 ਫਰਵਰੀ ਨੂੰ ਚੰਡੀਗੜ੍ਹ ਸੀਬੀਆਈ ਕੋਰਟ ਵਿੱਚ ਹੋਵੇਗੀ। ਸੀਬੀਆਈ ਨੇ ਮਾਮਲੇ ਵਿੱਚ ਇੱਕ ਹੋਰ ਚਾਰਜਸ਼ੀਟ ਦਾਇਰ ਕੀਤੀ ਹੈ। ਚਾਰਜਸ਼ੀਟ ਵਿੱਚ ਨਵੇਂ ਸਬੂਤ ਅਤੇ ਕੁਝ ਨਵੇਂ ਗਵਾਹ ਜੋੜੇ ਗਏ ਹਨ, ਇਸ ਨਾਲ ਸਾਫ ਹੈ ਕਿ ਜਾਂਚ ਏਜੰਸੀ ਨੇ ਕੇਸ ਨੂੰ ਮਜ਼ਬੂਤ ਬਣਾਉਣ ਲਈ ਹੋਰ ਸਬੂਤ ਇਕੱਠੇ ਕੀਤੇ ਹਨ। ਪਿਛਲੇ ਸੋਮਵਾਰ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਝਟਕਾ ਦਿੱਤਾ ਸੀ।

ਹਾਈ ਕੋਰਟ ਨੇ ਭੁੱਲਰ ਦੀ ਜ਼ਮਾਨਤ ਪਟੀਸ਼ਨ ਰੱਦ ਕਰ ਦਿੱਤੀ, ਜਿਸ ਕਾਰਨ ਭੁੱਲਰ ਜੇਲ੍ਹ ਵਿੱਚ ਰਹਿਣਗੇ। ਇਸ ਵਿੱਚ ਭੁੱਲਰ ਦੇ ਵਕੀਲ ਨੇ ਕਿਹਾ ਕਿ "ਸੇਵਾ ਪਾਣੀ" ਸ਼ਬਦ ਨੂੰ ਰਿਸ਼ਵਤ ਦੱਸਿਆ ਹੈ, ਉਸ ਦਾ ਮਤਲਬ ਕੁਝ ਹੋਰ ਵੀ ਹੋ ਸਕਦ ਹੈ। ਇਹ ਜਰੂਰੀ ਨਹੀਂ ਕਿ ਰਿਸ਼ਵਤ ਲਈ ਹੀ ਕਿਹਾ ਗਿਆ ਹੋਵੇ। ਹਾਲਾਂਕਿ ਇਸ ਤੋਂ ਪਹਿਲਾਂ ਚੰਡੀਗੜ੍ਹ ਛਬੀ ਕੋਰਟ ਨੇ ਜਮਾਨਤ ਪਟੀਸ਼ਨ ਖਾਰਿਜ ਕੀਤੀ ਸੀ।

ਜਿਸ ਵਿੱਚ ਸੀਬੀਆਈ ਦੇ ਵਕੀਲ ਨੇ ਕਿਹਾ ਸੀ ਭੁੱਲਰ ਇੰਨੀ ਵੱਡੀ ਪੋਸਟ 'ਤੇ ਤਾਇਨਾਤ ਸਨ। ਸਾਬਕਾ ਧਘਫ ਦੇ ਪੁੱਤਰ ਹਨ, ਇਸ ਲਈ ਜਾਂਚ ਏਜੰਸੀ ਨੇ ਸਾਰੇ ਸਬੂਤ ਇਕੱਠੇ ਕਰਕੇ ਹੀ ਗ੍ਰਿਫਤਾਰੀ ਕੀਤੀ ਹੈ। ਇਨ੍ਹਾਂ ਦੀ ਰਿਸ਼ਵਤ ਲੈਣ ਦੀ ਰਫਤਾਰੀ ਬਹੁਤ ਤੇਜ ਸੀ, ਇਹੀ ਕਾਰਨ ਹੈ ਕਿ ਧੀਘ ਦੇ ਅਹੁਦੇ 'ਤੇ ਬੈਠੇ ਭੁੱਲਰ ਦੀ ਗ੍ਰਿਫਤਾਰੀ ਨਾਲ ਪੂਰਾ ਦੇਸ਼ ਹਿਲ ਗਿਆ ਸੀ।

# ਪ੍ਰਦਰਸ਼ਨ ਮਗਰੋਂ ਕਿਸਾਨ ਆਗੂਆਂ ਦੀ ਜ਼ਮਾਨਤ ਮਨਜ਼ੂਰ



ਬਠਿੰਡਾ ਦੀ ਕੇਂਦਰੀ ਜੇਲ੍ਹ ਵਿੱਚ ਬੰਦ ਭਖੂ ਏਕਤਾ ਉਗਰਾਹਾਂ ਦੇ ਦੋ ਮੁੱਖ ਆਗੂਆਂ, ਸ਼ਗਨਦੀਪ ਸਿੰਘ ਜਿਉਂਦ ਅਤੇ ਬਲਦੇਵ ਸਿੰਘ ਜਿਉਂਦ ਦੀ ਜ਼ਮਾਨਤ (ਭਓਿਲ) ਅੱਜ ਅਦਾਲਤ ਵੱਲੋਂ ਮਨਜ਼ੂਰ ਕਰ ਲਈ ਗਈ ਹੈ। ਯੂਨੀਅਨ ਦੇ ਸੂਬਾ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ਨੇ ਇਸ ਦੀ ਪੁਸ਼ਟੀ ਕਰਦਿਆਂ ਕਿਹਾ ਕਿ ਹਾਲਾਂਕਿ ਆਗੂਆਂ ਦੀ ਜ਼ਮਾਨਤ ਹੋ ਗਈ ਹੈ ਪਰ ਪੰਜਾਬ ਭਰ ਵਿੱਚ ਚੱਲ ਰਹੇ ਰੋਸ ਧਰਨੇ ਉਦੋਂ ਤੱਕ ਜਾਰੀ ਰਹਿਣਗੇ ਜਦੋਂ ਤੱਕ ਪ੍ਰਦਰਸ਼ਨਾਂ ਦੌਰਾਨ ਗ੍ਰਿਫ਼ਤਾਰ ਕੀਤੇ ਗਏ ਤਮਾਮ ਵਰਕਰਾਂ ਨੂੰ ਰਿਹਾਅ ਨਹੀਂ ਕਰ ਦਿੱਤਾ ਜਾਂਦਾ। ਉਨ੍ਹਾਂ ਐਲਾਨ ਕੀਤਾ ਕਿ ਭਲਕੇ ਸੂਬੇ ਭਰ ਵਿੱਚ 'ਜੇਤੂ ਰੈਲੀਆਂ' ਕੀਤੀਆਂ ਜਾਣਗੀਆਂ।

ਜ਼ਿਕਰਯੋਗ ਹੈ ਕਿ ਪ੍ਰਸ਼ਾਸਨ ਨੇ ਅੱਜ ਹੋਣ ਵਾਲੇ ਵੱਡੇ ਪ੍ਰਦਰਸ਼ਨ ਨੂੰ ਰੋਕਣ ਲਈ ਲੰਘੀ ਰਾਤ ਤੋਂ ਹੀ ਸਾਵਧਾਨੀ ਵਰਤਦਿਆਂ ਕਈ ਕਿਸਾਨ ਆਗੂਆਂ ਨੂੰ ਹਿਰਾਸਤ ਵਿੱਚ ਲੈ ਲਿਆ ਸੀ। ਬਠਿੰਡਾ ਵੱਲ ਕੂਚ ਕਰ ਰਹੇ ਕਿਸਾਨਾਂ ਨੂੰ ਪੁਲੀਸ ਵੱਲੋਂ ਥਾਂ-ਥਾਂ ਬੈਰੀਕੇਡ ਲਗਾ ਕੇ ਰੋਕਿਆ ਗਿਆ, ਜਿਸ ਕਾਰਨ ਕਿਸਾਨਾਂ ਨੇ ਹਾਈਵੇਅ ਅਤੇ ਹੋਰਨਾਂ ਥਾਵਾਂ 'ਤੇ ਹੀ ਧਰਨੇ ਲਗਾ ਦਿੱਤੇ। ਉਗਰਾਹਾਂ ਨੇ ਕਿਹਾ ਕਿ ਪੁਲੀਸ ਦੀ ਸਖ਼ਤੀ ਕਿਸਾਨੀ ਹੌਸਲੇ ਨੂੰ ਪਸਤ ਨਹੀਂ ਕਰ ਸਕਦੀ ਅਤੇ ਸਾਰੇ ਸਾਥੀਆਂ ਦੀ ਏਲਇਓਸਇ (ਰਿਹਾਈ) ਤੱਕ ਸੰਘਰਸ਼ ਦਾ ਮੋਰਚਾ ਖੁੱਲ੍ਹਾ ਰਹੇਗਾ। ਇਸ ਤੋਂ ਪਹਿਲਾਂ ਬਠਿੰਡਾ ਜ਼ਿਲ੍ਹੇ ਦੇ ਪਿੰਡ ਜਿਉਂਦ ਵਿੱਚ ਪੁਲੀਸ ਅਤੇ ਕਿਸਾਨਾਂ ਵਿਚਕਾਰ ਹੋਏ ਟਕਰਾਅ ਕਾਰਨ ਸਥਿਤੀ ਨਾਜ਼ੁਕ ਬਣੀ ਹੋਈ ਸੀ। ਪਿੰਡ ਜਿਉਂਦ ਦੇ ਸ਼ਗਨਪ੍ਰੀਤ ਸਿੰਘ ਅਤੇ ਚੌਕੇ ਦੇ ਬਲਦੇਵ ਸਿੰਘ ਦੀ ਗ੍ਰਿਫਤਾਰੀ ਵਿਰੁੱਧ ਭਾਰਤੀ ਕਿਸਾਨ ਏਕਤਾ ਉਗਰਾਹਾਂ (BKU) ਦੇ ਵਰਕਰਾਂ ਨੇ ਮੋਰਚਾ ਖੋਲ੍ਹ ਦਿੱਤਾ ਸੀ। ਭਾਰਤੀ ਕਿਸਾਨ ਯੂਨੀਅਨ (ਉਗਰਾਹਾਂ) ਵੱਲੋਂ ਕਿਸਾਨਾਂ ਦੀ ਰਿਹਾਈ ਲਈ ਇੱਥੇ ਮਿੰਨੀ ਸਕੱਤਰੇਤ ਸਾਹਮਣੇ ਲੱਗਣ ਵਾਲੇ ਪ੍ਰਸਤਾਵਿਤ ਧਰਨੇ ਦੇ ਮੱਦੇਨਜ਼ਰ ਪ੍ਰਸ਼ਾਸਨ ਨੇ ਸਖ਼ਤੀ ਕੀਤੀ ਹੋਈ ਸੀ। ਸੂਤਰਾਂ ਮੁਤਾਬਿਕ ਲੰਘੀ ਰਾਤ ਕਿਸਾਨ ਆਗੂਆਂ ਦੇ ਘਰਾਂ 'ਚ ਪੁਲੀਸ ਵੱਲੋਂ ਛਾਪੇਮਾਰੀ ਕੀਤੀ ਗਈ। ਦੱਸਿਆ ਜਾ ਰਿਹਾ ਹੈ ਕਿ ਕੁੱਝ ਕਿਸਾਨਾਂ ਨੂੰ ਘਰਾਂ 'ਚ ਨਜ਼ਰਬੰਦ ਕੀਤਾ ਗਿਆ ਹੈ ਅਤੇ ਕੁੱਝ ਨੂੰ ਹਿਰਾਸਤ 'ਚ ਲੈ ਲਿਆ ਗਿਆ ਹੈ। ਗ਼ੌਰਤਲਬ ਹੈ ਕਿ 6 ਫਰਵਰੀ ਨੂੰ ਯੂਨੀਅਨ ਵੱਲੋਂ ਬਠਿੰਡਾ 'ਚ ਡੀ.ਸੀ. ਦਫ਼ਤਰ ਅੱਗੇ ਅਣਮਿੱਥੇ ਸਮੇਂ ਲਈ ਧਰਨਾ ਲਾਉਣ ਦੇ ਪ੍ਰੋਗਰਾਮ ਨੂੰ ਪੁਲੀਸ ਪ੍ਰਸ਼ਾਸਨ ਨੇ ਥਾਂ-ਥਾਂ 'ਤੇ ਰੋਕਾਂ ਲਾ ਕੇ ਸਾਬੋਤਾਜ਼ ਕਰ ਦਿੱਤਾ ਸੀ ਅਤੇ ਅੱਗੇ ਵਧਦੇ ਕਿਸਾਨਾਂ ਦੇ ਕਾਫ਼ਲਿਆਂ ਨੂੰ ਰੋਕਣ ਲਈ ਅੱਥਰੂ ਗੈਸ, ਜਲ ਤੋਪਾਂ ਅਤੇ ਹਲਕੇ ਬਲ ਦਾ ਪ੍ਰਯੋਗ ਕੀਤਾ ਗਿਆ ਸੀ।

# ਤਰਨਤਾਰਨ : ਫਾਰਮ ਹਾਊਸ 'ਚ ਵਿਆਹ ਦੌਰਾਨ ਅਣਪਛਾਤਿਆਂ ਵੱਲੋਂ ਮੌਜੂਦਾ ਸਰਪੰਚ 'ਤੇ ਫਾਇਰਿੰਗ, ਮੌਕੇ 'ਤੇ ਹੋਈ ਮੌਤ



ਤਰਨਤਾਰਨ ਵਿਚ ਤੋਂ ਵੱਡੀ ਵਾਰਦਾਤ ਵਾਪਰੀ ਹੈ। ਇਥੇ ਵਿਆਹ ਸਮਾਰੋਹ ਦੌਰਾਨ ਫਾਰਮ ਹਾਊਸ ਵਿਚ ਮੌਜੂਦਾ ਸਰਪੰਚ ਤੇ ਉਸ ਦੇ ਭਰਾ 'ਤੇ ਅਣਪਛਾਤਿਆਂ ਵੱਲੋਂ ਗੋਲੀਆਂ ਚਲਾ ਦਿੱਤੀਆਂ ਗਈਆਂ। ਹਮਲੇ ਵਿਚ ਸਰਪੰਚ ਹਰਪਿੰਦਰ ਸਿੰਘ ਦੀ ਮੌਕੇ 'ਤੇ ਮੌਤ ਹੋ ਗਈ। ਫਾਰਮ ਹਾਊਸ ਵਿਚ ਸਰਪੰਚ ਦੇ ਚਚੇਰੇ ਭਰਾ ਦਾ ਵਿਆਹ ਸੀ। ਇਸ ਦੌਰਾਨ ਹਮਲਾਵਰ ਅੰਦਰ ਵੜੇ ਤੇ ਵਾਰਦਾਤ ਨੂੰ ਅੰਜਾਮ ਦਿੱਤਾ। ਜਦੋਂ ਸਰਪੰਚ ਸਟੇਜ 'ਤੇ ਦੋਸਤਾਂ ਨਾਲ ਡਾਂਸ ਕਰ ਰਹੇ ਸਨ ਤਾਂ ਭੀੜ ਤੋਂ ਇਕ ਨੌਜਵਾਨ ਨਿਕਲਿਆ ਤੇ ਫਾਇਰਿੰਗ ਕਰ ਦਿੱਤੀ। ਹਰਪਿੰਦਰ ਸਿੰਘ ਦੇ ਪੇਟ ਤੇ ਸਿਰ ਵਿਚ ਚਾਰ ਗੋਲੀਆਂ ਮਾਰੀਆਂ ਜਿਸ ਨਾਲ ਉਨ੍ਹਾਂ ਦੀ ਮੌਕੇ 'ਤੇ ਹੀ ਮੌਤ ਹੋ ਗਈ। ਜਦੋਂ ਚਚੇਰੇ ਭਰਾ ਜਰਮਨਜੀਤ ਸਿੰਘ ਨੇ ਹਮਲਾਵਰਾਂ ਦਾ ਪਿੱਛਾ ਕੀਤਾ ਤਾਂ ਉਨ੍ਹਾਂ ਨੇ ਉਸ ਦੇ ਪੇਟ ਵਿਚ ਗੋਲੀ ਮਾਰ ਦਿੱਤੀ। ਜ਼ਖਮੀ ਨੂੰ ਇਲਾਜ ਲਈ ਅੰਮ੍ਰਿਤਸਰ ਦੇ ਇਕ ਨਿੱਜੀ ਹਸਪਤਾਲ ਵਿਚ ਭਰਤੀ ਕਰਾਇਆ ਗਿਆ ਹੈ। ਘਟਨਾ ਵਾਲੀ ਥਾਂ 'ਤੇ ਹੜਝਾ-ਦਫੜੀ ਮਚ ਗਈ ਤੇ ਮੁਲਜ਼ਮ ਮੌਕੇ ਤੋਂ ਫਰਾਰ ਹੋ ਗਏ।

ਸੂਚਨਾ ਮਿਲਦੇ ਹੀ ਪੁਲਿਸ ਮੌਕੇ 'ਤੇ ਪਹੁੰਚੀ ਤੇ ਜਾਂਚ ਸ਼ੁਰੂ ਕਰ ਦਿੱਤੀ। ਪੁਲਿਸ ਨੇ ਲਾਸ਼ ਨੂੰ ਪੋਸਟਮਾਰਟਮ ਲਈ ਭੇਜ ਦਿੱਤਾ ਹੈ ਤੇ ਆਸ-ਪਾਸ ਲੱਗੇ ਸੀਸੀਟੀਵੀ ਕੈਮਰਿਆਂ ਦੀ ਫੁਟੇਜ ਖੰਗਾਲੀ ਜਾ ਰਹੀ ਹੈ। ਮੁਲਜ਼ਮਾਂ ਦੀ ਭਾਲ ਜਾਰੀ ਹੈ। ਦੱਸ ਦੇਈਏ ਕਿ ਹਰਪਿੰਦਰ ਸਿੰਘ ਦੇ 2 ਪੁੱਤਰ ਹਨ। ਫਾਇਰਿੰਗ ਵਿਚ ਸਰਪੰਚ ਦਾ ਚਚੇਰਾ ਭਰਾ ਵੀ ਜ਼ਖਮੀ ਹੋ ਗਿਆ ਜਿਸ ਦੇ ਪੇਟ ਵਿਚ ਗੋਲੀ ਲੱਗੀ ਹੈ।

ਜਖਮੀ ਨੂੰ ਇਲਾਜ ਲਈ ਅੰਮ੍ਰਿਤਸਰ ਦੇ ਇਕ ਨਿੱਜੀ ਹਸਪਤਾਲ ਵਿਚ ਭਰਤੀ ਕਰਾਇਆ ਗਿਆ ਹੈ। ਪੁਲਿਸ ਨੇ ਮਾਮਲੇ ਵਿਚ ਅੱਗੇ ਦੀ ਕਾਨੂੰਨੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# 'ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਆਉਣ 'ਤੇ ਪੰਜਾਬ 'ਚੋਂ ਗੈਂਗਸਟਰਵਾਦ ਨੂੰ ਜੜ੍ਹੋਂ ਕਰਾਂਗੇ ਖ਼ਤਮ": ਸੁਖਬੀਰ ਬਾਦਲ



ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸ. ਸੁਖਬੀਰ ਸਿੰਘ ਬਾਦਲ ਅੱਜ 'ਪੰਜਾਬ ਬਚਾਓ ਯਾਤਰਾ' ਦੇ ਦੂਜੇ ਪੜਾਅ ਖੇਮਕਰਨ ਵਿਚ ਪਹੁੰਚੇ। ਇਸ ਦੌਰਾਨ ਸ. ਬਾਦਲ ਨੇ ਕਈ ਵੱਡੇ ਐਲਾਨ ਕੀਤੇ। ਉਨ੍ਹਾਂ ਕਿਹਾ ਕਿ 2027 'ਚ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਆਉਣ 'ਤੇ ਪੰਜਾਬ 'ਚੋਂ ਗੈਂਗਸਟਰਵਾਦ ਤੇ ਨਸ਼ੇ ਨੂੰ ਜੜ੍ਹੋਂ ਖਤਮ ਕਰਾਂਗੇ। ਸਰਕਾਰ ਬਣਨ 'ਤੇ ਪਹਿਲੀ ਕੈਬਨਿਟ ਮੀਟਿੰਗ ਵਿਚ ਹੀ ਲੋੜਵੰਦਾਂ ਨੂੰ ਤੁਰੰਤ ਟਿਊਬਵੈੱਲ ਕੁਨੈਕਸ਼ਨ ਦਿੱਤੇ ਜਾਣਗੇ।

ਸਰਕਾਰੀ ਜ਼ਮੀਨਾਂ 'ਤੇ ਲੰਬੇ ਸਮੇਂ ਤੋਂ ਖੇਤੀ ਕਰ ਰਹੇ ਕਿਸਾਨਾਂ ਨੂੰ ਮਾਲਕੀ ਹਿੱਕ ਦਿੱਤੇ ਜਾਣਗੇ। ਆਟਾ-ਦਾਲ ਸਕੀਮ ਫਿਰ ਤੋਂ ਸ਼ੁਰੂ ਕੀਤੀ ਜਾਵੇਗੀ। ਸ਼ਗਨ ਸਕੀਮ 1 ਲੱਖ 1 ਰੁਪਏ ਤੇ ਬਜ਼ੁਰਗਾਂ ਦੀ ਪੈਨਸ਼ਨ 3100 ਰੁਪਏ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਨੌਜਵਾਨਾਂ ਲਈ ਰੋਜ਼ਗਾਰ ਨੂੰ ਲੈ ਕੇ ਨਵਾਂ ਕੰਮ ਸ਼ੁਰੂ ਕਰਨ ਲਈ 10 ਲੱਖ ਰੁਪਏ ਦਾ ਲੋਨ ਦਿੱਤਾ ਜਾਵੇਗਾ। 75 ਫੀਸਦੀ ਨੌਕਰੀਆਂ ਪੰਜਾਬ ਦੇ ਨੌਜਵਾਨਾਂ ਲਈ ਰਾਖਵੀਆਂ ਰੱਖੀਆਂ ਜਾਣਗੀਆਂ। ਹਰ ਹਲਕੇ ਵਿਚ ਮੈਰੀਟੋਰੀਅਸ ਸਕੂਲ ਤੇ ਹਰ ਜ਼ਿਲ੍ਹੇ ਵਿਚ ਮੈਡੀਕਲ ਕਾਲਜ ਖੋਲ੍ਹੇ ਜਾਣਗੇ। ਸੇਵਾ ਕੇਂਦਰਾਂ ਵਿਚ ਮੁਫਤ ਦਵਾਈਆਂ ਦੀਆਂ ਦੁਕਾਨਾਂ ਖੋਲ੍ਹੀਆਂ ਜਾਣਗੀਆਂ। ਅਖੀਰ ਵਿਚ ਸ. ਬਾਦਲ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਬਜ਼ੁਰਗਾਂ ਦੀ ਬਣਾਈ ਹੋਈ ਪਾਰਟੀ ਹੈ। ਅਕਾਲੀ ਦਲ ਉਹ ਬਹਾਦਰ ਕੌਮ ਤੇ ਸ਼ਹੀਦਾਂ ਦੀ ਜਥੇਬੰਦੀ ਹੈ ਜਿਸਨੇ ਜ਼ੁਲਮ ਖਿਲਾਫ਼ ਲਗਾਤਾਰ ਲੜਾਈ ਲੜੀ। ਜੇ ਪੰਜਾਬ ਨੂੰ ਬਚਾਉਣਾ ਹੈ ਤਾਂ ਸ਼੍ਰੋਮਣੀ ਅਕਾਲੀ ਦਲ ਨੂੰ ਲੈ ਕੇ ਆਉਣਾ ਪੈਣਾ।

# ਸਿੱਧੂ ਮੂਸੇਵਾਲਾ ਦੀ ਰੇਕੀ ਕਰਨ ਵਾਲਾ ਕਬੂਰਤ ਗ੍ਰਿਫ਼ਤਾਰ

## ਦਿੱਲੀ ਪੁਲਿਸ ਨੇ ਗੁਰੂਗ੍ਰਾਮ ਤੋਂ ਫੜ੍ਹਿਆ



ਦਿੱਲੀ ਪੁਲਿਸ ਦੇ ਸਪੈਸ਼ਲ ਸੈੱਲ ਨੇ ਗੈਂਗਸਟਰ ਬੌਬੀ ਕਬੂਤਰ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਉਸਨੂੰ ਗੁਰੂਗ੍ਰਾਮ ਤੋਂ ਗ੍ਰਿਫ਼ਤਾਰ ਕੀਤਾ ਗਿਆ ਸੀ। ਦਿੱਲੀ ਪੁਲਿਸ ਦੀ ਜਾਂਚ ਮੁਤਾਬਕ ਬੌਬੀ ਕਬੂਤਰ ਨੇ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੇ ਕਤਲ ਲਈ ਰੇਕੀ ਕੀਤੀ ਸੀ। ਦੋਸ਼ੀ ਮੂਸੇਵਾਲਾ ਨੂੰ ਮਾਰਨ ਆਏ ਸ਼ੂਟਰ ਸ਼ਾਹਰੁਖ ਦੇ ਟਚ ਵਿੱਚ ਸੀ। ਹਾਲਾਂਕਿ, ਸ਼ਾਹਰੁਖ ਨੇ ਬਾਅਦ ਵਿੱਚ ਮੂਸੇਵਾਲਾ ਦੇ ਏਕੇ-47 ਵਾਲੇ ਬੰਦੂਕਧਾਰੀਆਂ ਨੂੰ ਦੇਖ ਕੇ ਕਤਲ ਕਰਨ ਤੋਂ ਇਨਕਾਰ ਕਰ ਦਿੱਤਾ। ਇਸ ਤੋਂ ਬਾਅਦ ਲਾਰੈਂਸ ਗੈਂਗ ਨੇ ਪੰਜਾਬ ਅਤੇ ਹਰਿਆਣਾ ਦੇ ਸ਼ੂਟਰਾਂ ਰਾਹੀਂ ਸਿੱਧੂ ਮੂਸੇਵਾਲਾ ਦਾ ਕਤਲ ਕਰਵਾਇਆ।

ਮੂਸੇਵਾਲਾ ਦੇ ਕਤਲ ਤੋਂ ਲਗਭਗ ਚਾਰ ਸਾਲ ਬਾਅਦ ਪੁਲਿਸ ਨੇ ਉਸ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਪੁਲਿਸ ਮੁਤਾਬਕ ਉਸਦੇ ਖਿਲਾਫ ਕਈ ਕਤਲ ਦੇ ਮਾਮਲੇ ਵੀ ਦਰਜ ਹਨ। ਦਿੱਲੀ ਪੁਲਿਸ ਦਾ ਸਪੈਸ਼ਲ ਸੈੱਲ ਸਿੱਧੂ ਮੂਸੇਵਾਲਾ ਦੇ ਕਤਲ ਸਮੇਤ ਕਈ ਮਾਮਲਿਆਂ ਵਿੱਚ ਬੌਬੀ ਕਬੂਤਰ ਦੀ ਭਾਲ ਕਰ ਰਿਹਾ ਸੀ। ਦੋਸ਼ੀ ਬੌਬੀ, ਦਿੱਲੀ ਦੇ ਸੀਲਮਪੁਰ ਇਲਾਕੇ ਦਾ ਰਹਿਣ ਵਾਲਾ ਹੈ।

ਜਾਂਚ ਵਿੱਚ ਇਹ ਵੀ ਸਾਹਮਣੇ ਆਇਆ ਕਿ ਬੌਬੀ ਕਬੂਤਰ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੇ ਕਤਲ ਤੋਂ ਪਹਿਲਾਂ ਰੇਕੀ ਵਿੱਚ ਸ਼ਾਮਲ ਸੀ। ਕਿਹਾ ਜਾਂਦਾ ਹੈ ਕਿ ਉਸਦੀ ਭੂਮਿਕਾ ਇਸ ਹਾਈ-ਪ੍ਰੋਫਾਈਲ ਕਤਲ ਤੋਂ ਪਹਿਲਾਂ ਜ਼ਮੀਨੀ ਪੱਧਰ ਦੀ ਜਾਣਕਾਰੀ ਇਕੱਠੀ ਕਰਨ ਨਾਲ ਸਬੰਧਤ ਸੀ, ਜਿਸ ਨੇ ਪੂਰੇ ਦੇਸ਼ ਨੂੰ ਹੈਰਾਨ ਕਰ ਦਿੱਤਾ। ਦੱਸ ਦੇਈਏ ਕਿ ਸਿੱਧੂ ਮੂਸੇਵਾਲਾ ਦੀ 29 ਮਈ, 2022 ਨੂੰ ਪੰਜਾਬ ਦੇ ਮਾਨਸਾ ਜ਼ਿਲ੍ਹੇ ਦੇ ਪਿੰਡ ਜਵਾਹਰਕੇ ਵਿੱਚ ਅਣਪਛਾਤੇ ਹਮਲਾਵਰਾਂ ਨੇ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਸੀ।

# ਸਿੱਖਿਆ ਮੰਤਰੀ ਹਰਜੋਤ ਬੈਂਸ ਨੇ ਮਾਛੀਵਾੜਾ ਸਾਹਿਬ ਦੇ BPEO ਨੂੰ ਕੀਤਾ ਸਸਪੈਂਡ, 3 ਅਧਿਆਪਕਾਂ ਨੂੰ ਕਾਰਨ ਦੱਸੋ ਨੋਟਿਸ ਜਾਰੀ



ਪੰਜਾਬ ਦੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਲੁਧਿਆਣਾ ਜ਼ਿਲ੍ਹੇ ਦੇ ਮਾਛੀਵਾੜਾ ਦੇ ਬਲਾਕ ਪ੍ਰਾਇਮਰੀ ਸਿੱਖਿਆ ਅਧਿਕਾਰੀ (ਬੀਪੀਈਓ) ਨੂੰ ਤੁਰੰਤ ਪ੍ਰਭਾਵ ਨਾਲ ਮੁਅੱਤਲ ਕਰ ਦਿੱਤਾ ਹੈ। ਤਿੰਨ ਅਧਿਆਪਕਾਂ ਨੂੰ ਕਾਰਨ ਦੱਸੋ ਨੋਟਿਸ ਵੀ ਜਾਰੀ ਕੀਤਾ ਗਿਆ ਹੈ। ਬੈਂਸ ਨੇ ਮਾਛੀਵਾੜਾ ਦੇ ਇੰਦਰਾ ਕਲੋਨੀ ਸਰਕਾਰੀ ਪ੍ਰਾਇਮਰੀ ਸਕੂਲ 'ਤੇ ਛਾਪਾ ਮਾਰਿਆ। ਅਚਾਨਕ ਨਿਰੀਖਣ ਵਿੱਚ ਹੈਰਾਨ ਕਰਨ ਵਾਲੀ ਸਥਿਤੀ ਦਾ ਖੁਲਾਸਾ ਹੋਇਆ।

ਅਚਨਚੇਤ ਦੌਰੇ ਦੌਰਾਨ, ਜ਼ਿਆਦਾਤਰ ਵਿਦਿਆਰਥੀ ਸਧਾਰਨ ਪੰਜਾਬੀ ਪਾਠ ਵੀ ਪੜ੍ਹਨ ਤੋਂ ਅਸਮਰੱਥ ਪਾਏ ਗਏ। ਸਖ਼ਤ ਕਾਰਵਾਈ ਕਰਦੇ ਹੋਏ, ਮੰਤਰੀ ਨੇ ਮਾਛੀਵਾੜਾ ਦੇ ਬਲਾਕ ਪ੍ਰਾਇਮਰੀ ਸਿੱਖਿਆ ਅਧਿਕਾਰੀ (ਬੀਪੀਈਓ) ਨੂੰ ਤੁਰੰਤ ਪ੍ਰਭਾਵ ਨਾਲ ਮੁਅੱਤਲ ਕਰ ਦਿੱਤਾ। ਮੰਤਰੀ ਬੈਂਸ ਨੇ ਘੱਟੋ-ਘੱਟ ਅਕਾਦਮਿਕ ਨਤੀਜੇ ਯਕੀਨੀ ਬਣਾਉਣ ਵਿੱਚ ਅਸਫਲ ਰਹਿਣ 'ਤੇ ਸਕੂਲ ਵਿੱਚ ਤਾਇਨਾਤ ਤਿੰਨ ਅਧਿਆਪਕਾਂ ਨੂੰ ਕਾਰਨ ਦੱਸੋ ਨੋਟਿਸ ਜਾਰੀ ਕਰਨ ਦੇ ਵੀ ਹੁਕਮ ਦਿੱਤੇ।

ਮੰਤਰੀ ਬੈਂਸ ਨੇ ਕਿਹਾ, "ਜੋ ਮੈਂ ਅੱਜ ਦੇਖਿਆ ਉਹ ਅਸਵੀਕਾਰਨਯੋਗ ਹੈ। ਬੱਚੇ ਆਪਣੀ ਮਾਂ ਬੋਲੀ ਵੀ ਨਹੀਂ ਪੜ੍ਹ ਸਕਦੇ।" ਅਜਿਹੀ ਸਥਿਤੀ ਵਿੱਚ, ਉਹ ਭਵਿੱਖ ਵਿੱਚ ਡਾਕਟਰ, ਇੰਜੀਨੀਅਰ ਜਾਂ ਜ਼ਿੰਮੇਵਾਰ ਨਾਗਰਿਕ ਕਿਵੇਂ ਬਣਨਗੇ? ਨਿਰੀਖਣ ਦੌਰਾਨ, ਮੰਤਰੀ ਨੇ ਸਕੂਲ ਦੀ ਅਧਿਕਾਰਤ ਅਕਾਦਮਿਕ ਰਿਪੋਰਟ ਦੀ ਵੀ ਸਮੀਖਿਆ ਕੀਤੀ, ਜਿਸ ਵਿੱਚ ਸਾਰੇ ਵਿਦਿਆਰਥੀਆਂ ਲਈ ਵਧੀਆ ਪ੍ਰਦਰਸ਼ਨ ਦਿਖਾਇਆ ਗਿਆ ਸੀ।

ਆਪਣੀ ਨਾਰਾਜ਼ਗੀ ਜ਼ਾਹਰ ਕਰਦੇ ਹੋਏ, ਉਨ੍ਹਾਂ ਕਿਹਾ ਕਿ ਕਾਗਜ਼ਾਂ 'ਤੇ ਕੀ ਸੀ ਅਤੇ ਜ਼ਮੀਨੀ ਪੱਧਰ 'ਤੇ ਕੀ ਸੀ, ਵਿੱਚ ਇੱਕ ਮਹੱਤਵਪੂਰਨ ਅੰਤਰ ਹੈ, ਅਤੇ ਇਸ ਦੀ ਜਾਂਚ ਕੀਤੀ ਜਾਵੇਗੀ। ਬੈਂਸ ਨੇ ਅਧਿਕਾਰੀਆਂ ਨੂੰ ਚੇਤਾਵਨੀ ਦਿੱਤੀ ਕਿ ਰਿਕਾਰਡਾਂ ਨੂੰ ਜਾਅਲੀ ਬਣਾਉਣਾ ਜਨਤਕ ਵਿਸ਼ਵਾਸ ਨਾਲ ਵਿਸ਼ਵਾਸਘਾਤ ਹੈ। ਸਕੂਲ ਦੇ ਕੁਝ ਕਲਾਸਰੂਮਾਂ ਵਿੱਚ ਮਾੜੀ ਰੋਸ਼ਨੀ ਅਤੇ ਗੰਦਗੀ ਦੇਖਣ ਤੋਂ ਬਾਅਦ, ਮੰਤਰੀ ਨੇ ਬੁਨਿਆਦੀ ਢਾਂਚੇ ਅਤੇ ਸਫਾਈ ਵਿੱਚ ਤੁਰੰਤ ਸੁਧਾਰ ਕਰਨ ਦੇ ਆਦੇਸ਼ ਦਿੱਤੇ।

ਅਜਵਾ ਖਜ਼ੂਰਾਂ ਖਾਓ ਤੰਦਰੁਸਤ ਰਹੋ
ਦਿਲ, ਦਿਮਾਗ, ਲਿਵਰ ਅਤੇ ਗੁਰਦਿਆਂ ਲਈ ਬਹੁਤ ਹੀ ਲਾਭਕਾਰੀ
AJWA DATE
FRESH SEED POWDER
UNROASTED | 100% NATURAL | PREMIUM QUALITY
HEART BRAIN LIVER KIDNEYS




ਅਜਵਾ ਖਜੂਰ ਕੀ ਹੈ?
ਅਜਵਾ ਖਜੂਰ ਇਕ ਵਿਸ਼ੇਸ਼ ਤਰ੍ਹਾਂ ਦੀ ਖਜੂਰ ਹੈ ਜਿਹੜੀ ਸਿਹਤ ਸਬੰਧੀ ਆਪਣੇ ਚੰਗੇ ਗੁਣਾਂ ਕਰਕੇ ਜਾਣੀ ਜਾਂਦੀ ਹੈ। ਅਜਵਾ ਖਜੂਰਾਂ ਆਪਣੇ ਗੁਣਾਂ ਕਰਕੇ ਬਹੁਤ ਮਸ਼ਹੂਰ ਅਤੇ ਮਹਿੰਗੀਆਂ ਵੀ ਹਨ। ਕਿਉਂਕਿ ਅਜਵਾ ਖਜੂਰ ਦਾ ਬੀਜ ਬਹੁਤ ਹੀ ਗੁਣਕਾਰੀ ਹੈ ਮਨੁੱਖੀ ਸਰੀਰ 'ਤੇ ਇਸ ਦੇ ਪ੍ਰਭਾਵ ਬਹੁਤ ਹੀ ਲਾਜੁਆਬ ਅਤੇ ਲਾਭਦਾਇਕ ਹਨ।
ਅਜਵਾ ਖਜੂਰ ਦੇ ਫਾਇਦੇ:
ਅਜਵਾ ਖਜੂਰਾਂ ਵਿੱਚ ਐਂਟੀਔਕਸੀਡੈਂਟ, ਫਾਈਬਰ ਵਧੇਰੇ ਮਾਤਰਾ ਵਿਚ ਹੁੰਦਾ ਹੈ, ਐਂਟੀ ਇਨਫਲਮੇਟੋਰੀ ਅਤੇ ਐਂਟੀ ਮਾਈਕ੍ਰੋਬਲ ਗੁਣਾਂ ਕਰਕੇ ਦਿਲ ਦੇ ਰੋਗਾਂ, ਖਰਾਬ ਬਲੱਡ ਸਰਕੂਲੇਸ਼ਨ, ਹਾਈ ਬਲੱਡ ਪ੍ਰੈਸ਼ਰ, ਕਮਜ਼ੋਰੀ, ਇੰਨਫਰਟਿਲੀ ਅਤੇ ਬੰਦ ਨਾੜੀਆਂ ਨੂੰ ਖੋਲ੍ਹਣ, ਖਰਾਬ ਕੋਲੈਸਟ੍ਰੋਲ ਨੂੰ ਘਟਾਉਣ ਵਿੱਚ ਵੀ ਮਦਦਗਾਰ ਹੈ।
ਅਜਵਾ ਖਜੂਰ ਦਾ ਪਾਊਡਰ ਸਾਡੇ ਤੋਂ ਹੀ ਕਿਉਂ ਲਓ?
ਸਾਨੂੰ ਮਾਣ ਹੈ ਅਸੀਂ ਆਪਣੇ ਕਸਟਮਜ਼ ਲਈ ਵਧੀਆ ਕੁਆਲਿਟੀ ਦਾ ਅਜਵਾ ਪਾਊਡਰ ਕੈਨੇਡਾ ਵਿਚ ਹੀ ਤਿਆਰ ਕਰਦੇ ਹਾਂ, ਕਿਉਂਕਿ ਅਸੀਂ ਅਜਵਾ ਖਜੂਰਾਂ ਸਾਊਦੀ ਅਰਬ ਦੇ ਮਦੀਨਾ ਸ਼ਹਿਰ ਤੋਂ ਮੰਗਵਾਉਂਦੇ ਹਾਂ ਅਤੇ ਕੈਨੇਡਾ ਵਿਚ ਇਨ੍ਹਾਂ ਤੋਂ ਤਾਜ਼ਾ ਤਰੀਨ ਪਾਊਡਰ ਤਿਆਰ ਕਰਦੇ ਹਾਂ, ਇਸ ਲਈ ਇੱਥੇ ਤਿਆਰ ਹੋਣ ਕਰਕੇ ਸਾਰੇ ਗੁਣਕਾਰੀ ਤੱਤ 100% ਵਿਚ ਮਿਲਦੇ ਹਨ।
100% NATURAL PRODUCT
PRODUCT OF CANADA
ਇਨ੍ਹਾਂ ਸਟੋਰ ਤੋਂ ਲੈ ਸਕਦੇ ਹੋ
Bestway Food Market, 20 Red Maple Dr. Brampton
Indian Food Land, 45 Dusk Drive, Brampton
NUTRA SELECT
ਅਜਵਾ ਖਜੂਰਾਂ ਦਾ ਪਾਊਡਰ ਮੰਗਵਾਉਣ ਲਈ ਫੋਨ ਕਰੋ
905-923-0414
ਸਾਡੀ ਕੰਪਨੀ ਨਿਊਟਰਾ ਸਲੈਕਟ ਕੈਨੇਡੀਅਨ ਕੰਪਨੀ ਹੈ ਅਤੇ ਹੈਲਥ ਕੈਨੇਡਾ ਦੇ ਨਿਯਮਾਂ ਅਨੁਸਾਰ ਕੰਮ ਕਰਦੇ ਹਾਂ, ਸਾਡੀਆਂ ਅਜਵਾ ਖਜੂਰਾਂ ਕਈ ਤਰ੍ਹਾਂ ਦੀਆਂ ਸਰਟੀਫਿਕੇਸ਼ਨਾਂ ਵਿੱਚੋਂ ਲੰਘ ਕੇ ਉਨ੍ਹਾਂ ਤੋਂ ਪਾਊਡਰ ਤਿਆਰ ਕੀਤਾ ਜਾਂਦਾ ਹੈ। ਇਸ ਲਈ ਨਿਊਟਰਾਸਲੈਕਟ ਦਾ ਅਜਵਾ ਪਾਊਡਰ ਜ਼ਰੂਰ ਅਜ਼ਮਾਓ।

ਲਾਈਫ, ਵਿਜ਼ਟਰ, ਡਿਸਅਬਿਲਟੀ, ਮੌਰਗੇਜ ਇੰਸ਼ੋਰੈਂਸ
Special Rates for Super Visa Insurance
- Disability Income Insurance
- No Income Proof for up to $2000/month benefit (injury or sickness)
- $10,000-$20,000 of Accidental death included NEW!!
- Up tp $18,000 of rehabilitation benefit included
- $100/day cash of hospitalization for upto one full year
- You can also qualify for up to $2000/month on top from any other providers
- Get all or partial of your paid premium refunded on death and at maturity even if you make a claim
- Life Insurance
- Disability Insurance
- Visitor Insurance
- Save Tax R.R.S.P.
- Mortgage Insurance
- Income Tax Planning
- Drug & Dental Plan
- R.E.S.P.
Guaranteed Issued Critical Illness Insurance with premium refund
- Have High Blood Pressure, No Problem!!
- Have High Cholestrol, No Problem!!
- You are qualified!! & will pay the claim!!
- Get peace of mind
RAJPAL BRAR
Your Insurance Specialist
Call for Consultation
416-917-1456
Consolidate your insurance under one policy to save the high cost rather wasting too much money on just policy fees
Trusted Name in the community from the last 12 years for our professional, honest, dedicated & committed service
PRAIRIE FINANCIAL GROUP LTD. 2355 Derry Road, E., Unit#29, Mississauga, ON. L5S 1V6

Action Auto Collision
ਵੱਡੀ ਅਤੇ ਖੁੱਲ੍ਹੀ ਜਗ੍ਹਾ



Salvage Inspection Station
Government Approved Licensed Body Shop
We Welcome ALL INSURANCE CLAIMS
Jessie Srai
Specializes In Collision Custom Paint
Tel: (416) 746-6699
Fax: (416) 746-6667
2662 Drew Road, Mississauga
ਕੁਲੀਜ਼ਨ ਦਾ ਹਰ ਤਰ੍ਹਾਂ ਦਾ ਕੰਮ ਕਰਦੇ ਹਾਂ ਅਤੇ ਸਾਰੀਆਂ ਇੰਸ਼ੋਰੈਂਸ ਕੰਪਨੀਆਂ ਨਾਲ ਡੀਲ ਕਰਦੇ ਹਾਂ
We deal with all Insurance Claim

ਕੀ ਤੁਹਾਡਾ ਪਿਛਲੇ ਸਮੇਂ ਵਿੱਚ
ਕੈਨੇਡਾ ਦਾ
ਵੀਜਾ ਰੱਦ ਹੋਇਆ ਹੈ ਜਾਂ
ਕੇਸ ਨੂੰ ਫਾਇਲ ਕਰਨ ਤੋਂ ਬਾਅਦ
ਤੁਹਾਨੂੰ ਆਪਣੇ CASE ਦਾ STATUS ਨਹੀਂ ਪਤਾ ਚੱਲਿਆ ਤਾਂ
ਅੱਜ ਹੀ ਕਾਨੂੰਨੀ ਅਧਿਕਾਰ ਜਾਣਨ ਲਈ ਹੇਠਾਂ ਦਿੱਤੇ ਪਤੇ ਤੇ ਸੰਪਰਕ ਕਰੋ
CWC IMMIGRATION SOLUTIONS
2565 STEELES AVE. EAST, UNIT-19, BRAMPTON, ON L6T4L6
905 670 4444

GET PRE-APPROVED
& SHOP WITH CONFIDENCE
- Save Money ...with one application you get access to many lenders, from major banks to private lenders; so we can find you the mortgage with the best rate and terms that fit your needs.
- Get Pre-Approved ...find out how much you qualify for and get pre-approved so you can choose your dream home with peace of mind.
- Expert Advice ...with many years of experience in the financial industry, you'll get the Right counsel.
- No Cost ...all my services are at no cost to you. OAC. Some restrictions apply.
- PURCHASES
- REFINANCES
- RENEWALS
- DEBT CONSOLIDATION
- SELF-EMPLOYED
- NEW TO CANADA
- HOME RENOVATIONS
- PRIVATE MORTGAGE
- INVESTMENTS
NOW HIRING
Start your career as a Mortgage Professional.
20 Maritime Blvd, Unit #11, Brampton, ON L6S0C2
MORTGAGE ALLIANCE
THE RIGHT BROKER™
THE RIGHT MORTGAGE®



CONTACT ME TODAY FOR DETAILS
Parminder Mangat
Mortgage Agent | Lic# 10530
647-285-9119
pmangat@mortgagealliance.com
mortgagealliance.com/ParminderMangat

ਪੰਜਾਬ ਸਟਾਰ

To Contact Us:

Editor:
Simrat Grewal
905-673-7666

Marketing Director:
Lakhwinder Singh Sandhu
647-400-7314

Senior Advisors:
Harkirat Singh
Abnash Nijjor
Davinder Sandhu
Onkar Grewal

Technical Director :
Bobby Bhamra

Accounts Advisor:
Sandeep Assi (CGA)
905-450-8999

Correspondant:
Raghbir Singh Kahlon (Ludhiana)
Amolak Mann (San jose)
Kulwinder Singh (New Jersey)
Ragvir Singh (Jalandhar)

Registered Office:
7035 Maxwell Rd.,
Suite#203, Mississauga, ON.
L5S 1R5
Ph: 905-673-7666
Fax: 289-206-8611

website:-
www.punjabstar.com
Email:-
editor@punjabstar.com

Annual Subscription
Canada:- $1:00
International:-$1:50

ਪੰਜਾਬ ਸਟਾਰ ਦੇ ਸੰਪਾਦਕ ਜਾਂ ਇਸ ਨਾਲ ਜੁੜੇ ਲੋਕਾਂ ਦਾ ਪੰਜਾਬ ਸਟਾਰ ਵਿੱਚ ਛਪਦੀਆਂ ਲਿਖਤਾਂ ਅਤੇ ਇਸ਼ਤਿਹਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।

The Punjab Star management & people associated with it are not responsible for any claims made by the advertisers & do not endorse any product or services advertised in Punjab star. We sell the space in the newspaper, and the clains are those of the advertisers. Please consult your lawyer before buying through the advertisements published in Punjab Star.

# ਫੁੱਟਬਾਲ ਖੇਡਣ, ਕਬੱਡੀ ਖੇਡਣ/ਖਿਡਾਉਣ ਤੇ ਲੰਮੀਆਂ ਦੌੜਾਂ ਲਾਉਣ ਦਾ 'ਮਹਾਂਰਥੀ' -ਪਰਮਿੰਦਰ ਗਿੱਲ















"ਖੇਡਾਂ ਸਾਨੂੰ ਆਪਣੇ ਸਰੀਰ, ਆਪਣੇ ਸਾਹਾਂ ਅਤੇ ਆਪਣੀ ਇੱਛਾ-ਸ਼ਕਤੀ ਵੱਲ ਵਾਪਸ ਮੋੜਦੀਆਂ ਹਨ। ਇਹ ਉਹ ਇਕਲੌਤਾ ਖੇਤਰ ਹੈ ਜੋ ਅਜੋਕੇ ਕੰਪਿਊਟਰੀ ਐਲਗੋਰਿਦਮਾਂ ਦੀ ਪਕੜ ਤੋਂ ਪਰੇ ਹੈ।" (ਹਰਾਰੀ, ਹੇਡਟ, ਨਿਊਪੋਰਟ ਤੇ ਜ਼ੁਬੋਫ਼ ਜਿਹੇ ਵਿਦਵਾਨਾਂ ਦਾ ਸਾਂਝਾ ਕਥਨ) ਪਰਮਿੰਦਰ ਗਿੱਲ ਦੇ ਜੀਵਨ ਉੱਪਰ ਉਪਰੋਕਤ ਵਿਦਵਾਨਾਂ ਦਾ ਇਹ ਕਥਨ ਕਾਫ਼ੀ ਹੱਦ ਤੀਕ ਢੁੱਕਦਾ ਹੈ। ਉਸ ਨੇ ਖੇਡਾਂ ਨੂੰ ਆਪਣੀ ਜੀਵਨ-ਸ਼ੈਲੀ ਦਾ ਆਧਾਰ ਬਣਾਇਆ ਅਤੇ ਕੰਪਿਊਟਰੀ ਦੁਨੀਆਂ ਦੀ ਅਜੋਕੀ 'ਦੌੜ-ਭੱਜ' ਤੋਂ ਉਹ ਪਰੇ ਹੀ ਰਿਹਾ। ਹਾਈ ਸਕੂਲ 'ਚ ਉਹ ਫੁੱਟਬਾਲ ਟੀਮ ਦਾ ਕੈਪਟਨ ਸੀ। ਡੀ. ਐੱਮ. ਕਾਲਜ ਮੋਗਾ 'ਚ ਜਾ ਕੇ ਉਹ ਕਾਲਜ ਦੀ ਕਬੱਡੀ ਟੀਮ ਦਾ 'ਧਾਵੀ' (ਰੇਡਰ) ਬਣਿਆ ਅਤੇ ਨਾਲ ਹੀ 1500 ਮੀਟਰ, 5000 ਮੀਟਰ ਤੇ 10,000 ਮੀਟਰ ਲੰਮੀਆਂ ਦੌੜਾਂ ਵੀ ਲਾਈਆਂ। ਕੈਨੇਡਾ ਆ ਕੇ ਉਸ ਨੇ 'ਮਾਂ-ਖੇਡ' ਕਬੱਡੀ ਭਾਵੇਂ ਖੇਡੀ ਨਹੀਂ, ਪਰ ਖਿਡਾਈ ਇਹ ਪੂਰੇ ਇਹ ਜ਼ੋਰ-ਸ਼ੋਰ ਨਾਲ ਹੈ। 'ਓਨਟਾਰੀਓ ਕਬੱਡੀ ਕਲੱਬ' ਬਣਾਈ ਅਤੇ ਕਬੱਡੀ' ਨੂੰ ਪ੍ਰਫੁੱਲਤ ਕਰਨ ਲਈ ਆਪਣੇ ਹਮ-ਖਿਆਲ ਸਾਥੀਆਂ ਨਾਲ ਮਿਲ਼ ਕੇ ਕਈ ਰਾਸ਼ਟਰੀ ਤੇ ਅੰਤਰਰਾਸ਼ਟਰੀ ਈਵੈਂਟ ਆਯੋਜਿਤ ਕੀਤੇ।

ਆਓ, ਇਸ ਬਹੁ-ਪ੍ਰਤਿਭੀ ਸ਼ਖ਼ਸੀਅਤ ਪਰਮਿੰਦਰ ਗਿੱਲ ਬਾਰੇ ਹੋਰ ਵਧੇਰੇ ਜਾਣਨ ਦੀ ਕੋਸ਼ਿਸ਼ ਕਰਦੇ ਹਾਂ। ਪਰਮਿੰਦਰ ਗਿੱਲ ਦਾ ਪਿਛੋਕੜ ਮੋਗਾ ਦੇ ਪਿੰਡ 'ਝੰਡੇਵਾਲਾ-ਚੜਿੱਕ' ਦਾ ਹੈ ਜੋ ਦੋ ਪਿੰਡਾਂ 'ਝੰਡੇਵਾਲਾ' ਅਤੇ 'ਚੜਿੱਕ' ਦਾ ਸ਼ਾਨਦਾਰ ਸੰਗਮ ਹੈ। ਉਸ ਦਾ ਜਨਮ ਇੱਥੇ ਸ. ਬੰਤਾ ਸਿੰਘ ਗਿੱਲ ਅਤੇ ਮਾਤਾ ਗੁਰਦੀਪ ਕੌਰ ਦੇ ਘਰ 20 ਮਈ 1951 ਨੂੰ ਹੋਇਆ। ਪ੍ਰਾਇਮਰੀ ਤੱਕ ਪਰਮਿੰਦਰ ਆਪਣੇ ਪਿੰਡ ਦੇ ਸਰਕਾਰੀ ਸਕੂਲ 'ਝੰਡੇਵਾਲਾ' ਵਿੱਚ ਪੜ੍ਹਿਆ ਅਤੇ ਉਸ ਤੋਂ ਬਾਅਦ ਛੇਵੀਂ ਜਮਾਤ ਵਿੱਚ ਉਹ ਨੇੜਲੇ ਪਿੰਡ ਚੜਿੱਕ ਦੇ ਹਾਈ ਸਕੂਲ ਵਿੱਚ ਚਲਾ ਗਿਆ। ਇੱਥੇ ਆ ਕੇ ਉਸ ਨੇ 200 ਮੀਟਰ, 400 ਮੀਟਰ ਅਤੇ 800 ਮੀਟਰ ਦੌੜਾਂ ਵਿੱਚ ਹਿੱਸਾ ਲਿਆ ਅਤੇ ਸਕੂਲਾਂ ਦੇ ਜ਼ੋਨਲ ਅਤੇ ਜ਼ਿਲਾ ਪੱਧਰ ਦੇ ਮੁਕਾਬਲਿਆਂ ਵਿੱਚ ਪਹਿਲੇ ਜਾਂ ਦੂਸਰੇ ਨੰਬਰ 'ਤੇ ਆਉਂਦਾ ਰਿਹਾ। ਇਸ ਦੇ ਨਾਲ ਹੀ ਉਸ ਨੂੰ ਇਸ ਸਕੂਲ ਵਿੱਚ ਫੁੱਟਬਾਲ ਖੇਡਣ ਦਾ ਵੀ ਸ਼ੌਕ ਜਾਗਿਆ ਅਤੇ ਨੌਵੀਂ ਜਮਾਤ ਵਿੱਚ ਉਹ ਸਕੂਲ ਦੀ ਫੁੱਟਬਾਲ ਟੀਮ ਦਾ ਕੈਪਟਨ ਬਣ ਗਿਆ। ਨੌਵੀਂ ਤੇ ਦਸਵੀਂ ਜਮਾਤਾਂ ਦੌਰਾਨ ਜ਼ਿਲਾ-ਪੱਧਰੀ ਟੂਰਨਾਮੈਂਟਾਂ ਵਿਚ ਸਕੂਲ ਟੀਮ ਦੀ ਕਪਤਾਨੀ ਕਰਦਿਆਂ ਉਹ ਆਪਣੀ ਟੀਮ ਨੂੰ ਪਹਿਲੇ ਸਾਲ ਦੂਸਰੇ ਨੰਬਰ 'ਤੇ ਅਤੇ ਦੂਸਰੇ ਸਾਲ ਪਹਿਲੇ ਨੰਬਰ 'ਤੇ ਲਿਆ ਕੇ ਸਕੂਲ ਦੇ ਮਾਣ-ਸਤਿਕਾਰ ਵਿੱਚ ਵਾਧਾ ਕੀਤਾ।

1971 ਵਿੱਚ ਉਹ ਡੀ.ਐੱਮ. ਕਾਲਜ ਮੋਗਾ ਦਾ ਵਿਦਿਆਰਥੀ ਬਣਿਆ ਅਤੇ ਇੱਥੇ ਆ ਕੇ 1500 ਮੀਟਰ, 5000 ਮੀਟਰ ਅਤੇ 10,000 ਮੀਟਰ ਦੀਆਂ ਲੰਮੀਆਂ ਦੌੜਾਂ ਵਿੱਚ ਭਾਗ ਲੈਣ ਲੱਗਾ। ਸਕੂਲ ਵਿੱਚ ਉਸਦੀ ਮਨਭਾਉਂਦੀ ਖੇਡ ਫੁੱਟਬਾਲ ਸੀ, ਪਰ ਕਾਲਜ ਵਿੱਚ ਆ ਕੇ ਫੁੱਟਬਾਲ ਖੇਡਣ ਦੇ ਨਾਲ-ਨਾਲ ਉਸਦੀ ਦਿਲਚਸਪੀ ਕਬੱਡੀ ਵਿੱਚ ਵੀ ਬਣ ਗਈ ਅਤੇ ਉਸ ਨੂੰ ਕਾਲਜ ਦੀ ਕਬੱਡੀ ਟੀਮ ਵਿੱਚ ਵੀ 'ਧਾਵੀ' (ਰੇਡਰ) ਵਜੋਂ ਸ਼ਾਮਲ ਕਰ ਲਿਆ ਗਿਆ। ਇੱਥੇ ਉਹ 1975 ਤੱਕ ਚਾਰ ਸਾਲ ਕਬੱਡੀ ਖੇਡਿਆ ਅਤੇ ਉਨ੍ਹਾਂ ਦੀ ਟੀਮ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਜ਼ੋਨਲ ਟੂਰਨਾਮੈਂਟਾਂ ਵਿੱਚ ਬਹੁਤ ਵਾਰ ਜੇਤੂ ਰਹੀ। ਇੱਥੇ ਉਸਦੀ ਫੁੱਟਬਾਲ ਦੀ ਗੇਮ ਵੀ ਨਾਲੋ-ਨਾਲ ਚੱਲਦੀ ਰਹੀ। ਉਹ ਪਿੰਡ ਦੀ ਕਬੱਡੀ ਟੀਮ ਵਿੱਚ ਵੀ ਖੇਡਦਾ ਰਿਹਾ। ਆਪਣੇ ਪਿੰਡ ਵਿੱਚ 'ਨੌਜੁਆਨ ਸਭਾ' ਬਣਾਈ ਅਤੇ ਉਸ ਦੇ ਪ੍ਰਧਾਨ ਦੀ ਹੈਸੀਅਤ ਵਿੱਚ ਸਭਾ ਵੱਲੋਂ ਕਬੱਡੀ ਦੇ ਕਈ 'ਇੱਕ-ਦਿਨਾ ਕਬੱਡੀ ਟੂਰਨਾਮੈਂਟ' ਕਰਵਾਏ ਜਿਨ੍ਹਾਂ ਵਿੱਚ ਉਦੋਂ ਆਲੇ-ਦੁਆਲੇ ਦੇ 10-12 ਪਿੰਡਾਂ ਦੀਆਂ ਸ਼ਾਮਲ ਹੋਇਆ ਕਰਦੀਆਂ ਸਨ।

ਮਾਰਚ 1975 ਵਿੱਚ ਪਰਮਿੰਦਰ ਗਿੱਲ ਵਿਆਹ ਦੇ ਆਧਾਰ 'ਤੇ ਕੈਨੇਡਾ ਦੇ ਸ਼ਹਿਰ ਬਰੈਂਪਟਨ ਆ ਗਿਆ। ਇੱਥੇ ਆ ਕੇ 'ਕੋਕਾ ਕੋਲਾ' ਵਾਲੇ ਕੈਨ ਬਨਾਉਣ ਵਾਲੀ 'ਕੰਟੀਨੈਂਟਲ ਕੈਨ ਫ਼ੈਕਟਰੀ' ਵਿੱਚ ਲੱਗਭੱਗ 18 ਸਾਲ ਕੰਮ ਕੀਤਾ ਅਤੇ ਇਸ ਫੈਕਟਰੀ ਵਿੱਚ ਕੰਮ ਕਰਦਿਆਂ 1980 ਤੋਂ 1982 ਤੱਕ ਤਿੰਨ ਸਾਲ 'ਕੁਆਲਿਟੀ-ਕੰਟਰੋਲ' ਦੀ ਅਹਿਮ ਜ਼ਿੰਮੇਂਵਾਰੀ ਵੀ ਨਿਭਾਈ। ਫ਼ੈਕਟਰੀ ਦਾ ਇਹ ਕੰਮ ਬੜਾ ਵਧੀਆ ਤੇ ਉਸਦੇ ਮਨਭਾਉਂਦਾ ਸੀ, ਪਰ ਬਦਕਿਸਮਤੀ ਨਾਲ 1995 ਵਿੱਚ ਇਹ ਫ਼ੈਕਟਰੀ ਬੰਦ ਹੋ ਗਈ ਅਤੇ ਮਜ਼ਬੂਰਨ ਉਸ ਨੂੰ ਪੱਕੇ ਤੌਰ 'ਤੇ ਡਰਾਈਵਿੰਗ ਦੇ ਪੇਸ਼ੇ ਵੱਲ ਆਉਣਾ ਪਿਆ ਜਿਸ ਨੂੰ ਵਿੱਚ-ਵਿਚਾਲੇ ਉਹ 'ਪਾਰਟ-ਟਾਈਮ' ਵਜੋਂ ਲੈ ਰਿਹਾ ਸੀ। ਟੋਰਾਂਟੋ ਏਅਰਪੋਰਟ 'ਤੇ 'ਲਿਮੋਜ਼ੀਨ ਕੰਪਨੀ' ਵਿੱਚ ਪਾਰਟ-ਟਾਈਮ ਤੇ ਫਿਰ ਫੁੱਲ-ਟਾਈਮ ਟੈਕਸੀ ਚਲਾਈ। 2001 ਵਿੱਚ ਟੈਕਸੀ ਦੀ ਆਪਣੀ ਪਲੇਟ ਲੈ ਕੇ 'ਗਰੇਟਰ ਟੋਰਾਂਟੋ ਏਅਰਪੋਰਟ ਅਥਾਰਿਟੀ' (ਜੀ.ਟੀ.ਏ.ਏ.) ਦੀ 'ਏਅਰਪੋਰਟ ਮਿਉਂਨਿਸਿਪਲ ਟ੍ਰਾਂਸਪੋਰਟ ਵਹੀਕਲ' (ਏ.ਐੱਮ.ਟੀ.ਵੀ.) ਨਾਲ ਜੁੜ ਕੇ ਆਜ਼ਾਦਾਨਾ ਟੈਕਸੀ ਚਲਾਈ। ਇੱਥੇ ਉਹ ਆਪਣੀ ਲਿਆਕਤ ਸਦਕਾ 1200 ਡਰਾਈਵਰਾਂ ਚੁਣੇ ਗਏ 45 ਡਰਾਈਵਰਾਂ ਵਿੱਚ ਸ਼ਾਮਲ ਸੀ। ਕੁਝ ਸਾਲ ਇਸ ਕੰਪਨੀ ਵਿੱਚ 'ਡਿਸਪੈਚਰ' ਦਾ ਕੰਮ ਵੀ ਕੀਤਾ ਅਤੇ ਫਿਰ 'ਏ-ਵੱਨ ਏਅਰਲਾਈਨ ਐਂਡ ਵੈਨ ਸਰਵਿਸ' ਨਾਲ ਜੁੜ ਕੇ ਉਸਦਾ 'ਹਿੱਸੇਦਾਰ' (ਸ਼ੇਅਰ-ਹੋਲਡਰ) ਬਣਿਆ ਅਤੇ ਕੁਝ ਸਾਲ ਇਸ ਦਾ ਪ੍ਰਧਾਨ ਵੀ ਰਿਹਾ। ਮਾਰਚ 2023 ਵਿੱਚ ਡਰਾਈਵਰੀ ਦੇ ਉਸ ਕੰਮ ਤੋਂ ਸਵੈ-ਇੱਛਤ 'ਸੇਵਾ-ਮੁਕਤੀ' (ਰਿਟਾਇਰਮੈਂਟ) ਲੈ ਲਈ ਅਤੇ ਹੁਣ ਆਪਣੇ ਪਰਿਵਾਰ ਵਿੱਚ ਆਰਾਮਦਾਇਕ ਜੀਵਨ ਬਿਤਾ ਰਿਹਾ ਹੈ।

ਬਰੈਂਪਟਨ ਵਿੱਚ ਕਬੱਡੀ ਦੀ ਖੇਡ ਨੂੰ ਹੁਲਾਰਾ ਦੇਣ ਵਿੱਚ ਪਰਮਿੰਦਰ ਗਿੱਲ ਦਾ ਬੜਾ ਵੱਡਾ ਯੋਗਦਾਨ ਹੈ। ਆਪਣੇ ਕੁਝ ਹਮ-ਖ਼ਿਆਲ ਸਾਥੀਆਂ ਨਾਲ ਮਿਲ ਕੇ ਉਸ ਦੇ ਵੱਲੋਂ ਇੱਥੇ 1990 ਵਿੱਚ 'ਓਨਟਾਰੀਓ ਕਬੱਡੀ ਕਲੱਬ' ਦੀ ਸਥਾਪਨਾ ਕੀਤੀ ਗਈ ਅਤੇ ਇਸ ਕਲੱਬ ਵੱਲੋਂ 'ਇੰਟਰਨੈਸ਼ਨਲ ਕਬੱਡੀ ਚੈਂਪੀਅਨਸ਼ਿਪ' ਦੇ ਨਾਂ ਹੇਠ ਤਿੰਨ ਇੰਟਰਨੈਸ਼ਨਲ ਕਬੱਡੀ ਟੂਰਨਾਮੈਂਟ ਕਰਵਾਏ ਗਏ। ਇਨਾਂ ਕਬੱਡੀ ਟੂਰਨਾਮੈਂਟਾਂ ਇੱਥੇ ਨੂੰ 'ਕੈਨੇਡਾ ਕਬੱਡੀ ਕੱਪ' ਵਜੋਂ ਜਾਣਿਆਂ ਜਾਂਦਾ ਹੈ। ਦਰਅਸਲ, ਇਹ 'ਕੈਨੇਡਾ ਕਬੱਡੀ ਕੱਪ' ਇੱਥੇ 1991 ਵਿੱਚ ਸ਼ੁਰੂ ਕੀਤੇ ਗਏ ਅਤੇ ਪਹਿਲੇ ਤਿੰਨ ਸਾਲ 1991 ਤੋਂ 1993 ਤੱਕ ਇਹ 'ਮੈਟਰੋ ਪੰਜਾਬੀ ਸਪੋਰਟਸ ਕਲੱਬ' ਵੱਲੋਂ ਕਰਵਾਏ ਗਏ। ਉਸ ਤੋਂ ਬਾਅਦ 1994 ਵਿੱਚ 'ਓਨਟਾਰੀਓ ਕਬੱਡੀ ਫ਼ੈਡਰੇਸ਼ਨ' ਬਣਨ 'ਤੇ ਉਸ ਦੇ ਵੱਲੋਂ ਇਹ 'ਕੈਨੇਡਾ ਕਬੱਡੀ ਕੱਪ' ਕਰਵਾਉਣ ਦੀ ਜ਼ਿੰਮੇਂਵਾਰੀ ਪਰਮਿੰਦਰ ਗਿੱਲ ਹੁਰਾਂ ਦੀ 'ਓਨਟਾਰੀਓ ਕਬੱਡੀ ਕਲੱਬ' ਨੂੰ ਦਿੱਤੀ ਗਈ ਜਿਸ ਨੇ ਪਹਿਲਾ 'ਕੈਨੇਡਾ ਕਬੱਡੀ ਕੱਪ' 1995 ਵਿੱਚ 'ਇੰਟਰਨੈਸ਼ਨਲ ਕਬੱਡੀ ਚੈਂਪੀਅਨਸ਼ਿਪ' ਦੇ ਨਾਂ ਹੇਠ ਇੱਥੋਂ ਦੇ ਨਾਮਵਰ 'ਕੋਪਸ ਸਪੋਰਟਸ ਸਟੇਡੀਅਮ' ਕਰਵਾਇਆ। ਫਿਰ ਦੂਸਰਾ 2002 ਵਿੱਚ ਯੌਰਕ ਯੂਨੀਵਰਸਿਟੀ ਦੇ ਇਨਡੋਰ ਸਟੇਡੀਅਮ ਵਿੱਚ ਅਤੇ ਤੀਸਰਾ 2007 ਵਿੱਚ ਬਰੈਂਪਟਨ ਦੇ ਪਾਵਰੇਡ ਇਨਡੋਰ ਸਟੇਡੀਅਮ ਵਿੱਚ ਕਰਵਾਇਆ ਗਿਆ।

ਇਨ੍ਹਾਂ ਤਿੰਨ ਵੱਡੇ ਅੰਤਰਰਾਸ਼ਟਰੀ ਕਬੱਡੀ ਟੂਰਨਾਮੈਂਟਾਂ ਤੋਂ ਇਲਾਵਾ ਇਨ੍ਹਾਂ ਦੀ ਕਲੱਬ ਵੱਲੋਂ ਇਸ ਦੌਰਾਨ 15 ਸਥਾਨਕ ਟੂਰਨਾਮੈਂਟ ਵੀ ਕਰਵਾਏ ਗਏ। ਇਨ੍ਹਾਂ ਟੂਰਨਾਮੈਂਟਾਂ ਵਿੱਚ ਅਥਲੈਟਿਕਸ, ਵਾਲੀਬਾਲ, ਰੈੱਸਲਿੰਗ ਅਤੇ 'ਟੱਗ ਆਫ਼ ਵਾਰ' (ਰੱਸਾ-ਕਸ਼ੀ) ਦੇ ਮੁਕਾਬਲੇ ਕਰਵਾਏ ਗਏ ਅਤੇ ਇਨ੍ਹਾਂ ਵਿੱਚ ਟੋਰਾਂਟੋ, ਹੈਮਿਲਟਨ, ਬਰਲਿੰਗਟਨ, ਮਿਸੀਸਾਗਾ, ਆਦਿ ਸ਼ਹਿਰਾਂ ਤੋਂ ਟੀਮਾਂ ਸ਼ਾਮਲ ਹੁੰਦੀਆਂ ਰਹੀਆਂ। ਇਸ ਤੋਂ ਇਲਾਵਾ ਇਸ ਕਲੱਬ ਦੀਆਂ ਟੀਮਾਂ ਸਮੇਂ-ਸਮੇਂ ਅਮਰੀਕਾ ਦੇ ਸ਼ਹਿਰਾਂ ਯੂਬਾ ਸਿਟੀ, ਕੈਲੇਫ਼ੋਰਨੀਆ ਤੇ ਸੈਨ ਫਰਾਂਸਿਸਕੋ ਅਤੇ ਕੈਨੇਡਾ ਦੀ ਰਾਜਧਾਨੀ ਔਟਵਾ ਅਤੇ ਇਸ ਦੇ ਸੂਬੇ ਬ੍ਰਿਟਿਸ਼ ਕੋਲੰਬੀਆ ਦੇ ਸ਼ਹਿਰ ਵੈਨਕੂਵਰ ਵੀ ਖੇਡਣ ਜਾਂਦੀਆਂ ਰਹੀਆਂ ਅਤੇ ਇੱਕ-ਦੋ ਵਾਰ ਛੱਡ ਕੇ ਇਹ ਆਮ ਤੌਰ 'ਤੇ ਜਿੱਤ ਕੇ ਹੀ ਵਾਪਸ ਆਉਂਦੀਆਂ ਰਹੀਆਂ। ਇਨ੍ਹਾਂ ਕਬੱਡੀ ਮੁਕਾਬਲਿਆਂ ਤੋਂ ਇਲਾਵਾ ਇਸ ਕਬੱਡੀ ਕਲੱਬ ਨੇ 40 ਸਾਲ ਤੋਂ ਉੱਪਰ ਵਾਲੇ ਖਿਡਾਰਿਆਂ ਲਈ ਵੀ ਕਬੱਡੀ ਦੇ ਕਈ ਟੂਰਨਾਮੈਂਟ ਕਰਵਾਏ ਜਿਨ੍ਹਾਂ ਵਿੱਚ ਵੈਨਕੂਵਰ, ਇੰਗਲੈਂਡ ਅਤੇ ਅਮਰੀਕਾ ਦੇ ਕਈ ਸ਼ਹਿਰਾਂ ਤੋਂ ਟੀਮਾਂ ਸਮੇਂ-ਸਮੇਂ ਸ਼ਾਮਲ ਹੁੰਦੀਆਂ ਰਹੀਆਂ। ਇਸ ਦੌਰਾਨ ਪਰਮਿੰਦਰ ਗਿੱਲ ਨੂੰ 'ਓਨਾਰੀਓ ਕਬੱਡੀ ਫ਼ੈਡਰੇਸ਼ਨ' ਦੇ ਪ੍ਰਧਾਨ, 'ਓਨਟਾਰੀਓ ਕਬੱਡੀ ਕਲੱਬ' ਦੇ ਪ੍ਰਧਾਨ, ਰਿਕਾਰਡਿੰਗ ਸੈਕਟਰੀ ਅਤੇ ਕਬੱਡੀ ਕਲੱਬ ਦੇ ਮੈਨੇਜਰ ਵਜੋਂ ਨਿਭਾਈਆਂ ਗਈਆਂ ਸ਼ਾਨਦਾਰ ਸੇਵਾਵਾਂ ਲਈ ਵੱਖ-ਵੱਖ ਸਮੇਂ ਸਨਮਾਨਿਤ ਕੀਤਾ ਗਿਆ। ਪਰਮਿੰਦਰ ਨੇ ਹੋਰ ਦੱਸਿਆ ਕਿ ਉਨ੍ਹਾਂ ਵੱਲੋਂ ਕਬੱਡੀ ਦੇ ਉੱਘੇ-ਖਿਡਾਰੀ ਹਰਜੀਤ ਸਿੰਘ 'ਬਾਜਾਖਾਨਾ' ਦੀ ਯਾਦ ਵਿੱਚ 'ਹਰਜੀਤ ਇੰਟਰਨੈਸ਼ਨਲ ਸਪੋਰਟਸ ਕਲੱਬ ਟੋਰਾਂਟੋ' (ਕੈਨੇਡਾ) ਦੀ ਵੀ ਸਥਾਪਨਾ ਕੀਤੀ ਅਤੇ ਇਸ ਕਲੱਬ ਵੱਲੋਂ ਵੱਖ-ਵੱਖ ਸਮੇਂ ਛੇ ਕਬੱਡੀ ਟੂਰਨਾਮੈਂਟ ਮੋਗੇ ਵਿਖੇ ਕਰਵਾਏ ਗਏ। ਇਸ ਦੇ ਨਾਲ ਹੀ ਇਸ ਕਲੱਬ ਵੱਲੋਂ ਮੋਗੇ ਵਿੱਚ ਅੱਖਾਂ ਦੇ ਚੈੱਕ-ਅੱਪ ਅਤੇ ਸਾਦਾ ਆਪਰੇਸ਼ਨਾਂ ਲਈ ਕਈ ਫ਼ਰੀ ਕੈਂਪ ਲਗਾਏ ਗਏ ਅਤੇ ਗ਼ਰੀਬ ਪਰਿਵਾਰਾਂ ਦੀਆਂ ਕਈ ਲੜਕੀਆਂ ਦੇ ਵਿਆਹ ਵੀ ਕਰਵਾਏ ਗਏ।

ਟੀ.ਪੀ.ਏ.ਆਰ. ਕਲੱਬ ਬਰੈਂਪਟਨ ਨਾਲ ਜੁੜਨ ਬਾਰੇ ਪੁੱਛਣ 'ਤੇ ਪਰਮਿੰਦਰ ਗਿੱਲ ਨੇ ਦੱਸਿਆ ਕਿ ਇਸ ਦਾ ਸਿਹਰਾ ਕਲੱਬ ਦੇ ਚੇਅਰਪਰਸਨ ਸੰਧੂਰਾ ਸਿੰਘ ਬਰਾੜ ਨੂੰ ਜਾਂਦਾ ਹੈ। ਉਹ ਕਬੱਡੀ ਦੇ ਮੈਚ ਵੇਖਣ ਦਾ ਬੜਾ ਸ਼ੌਕੀਨ ਸੀ ਅਤੇ ਉਹ ਉਨ੍ਹਾਂ ਦੀ 'ਓਨਟਾਰੀਓ ਕਬੱਡੀ ਕਲੱਬ' ਵੱਲੋਂ ਕਰਵਾਏ ਜਾਣ ਵਾਲੇ ਲੱਗਭੱਗ ਹਰੇਕ ਮੈਚ ਨੂੰ ਵੇਖਣ ਲਈ ਬੜੇ ਉਤਸ਼ਾਹ ਨਾਲ ਆਉਂਦਾ ਸੀ। ਮੈਚ ਵੇਖਦਿਆਂ ਹੋਇਆਂ ਉਹ ਆਪਣੀ ਉੱਚੀ ਆਵਾਜ਼ ਵਿੱਚ ਖਿਡਾਰੀਆਂ ਨੂੰ ਹੱਲਾਸ਼ੇਰੀ ਦਿੰਦਾ ਅਤੇ ਮੈਚ ਮੁੱਕਣ 'ਤੇ ਉਹ ਕਈਆਂ ਕੋਲੋਂ ਵਧੀਆ ਖਿਡਾਰੀਆਂ ਬਾਰੇ ਪੁੱਛ ਕੇ ਉਨ੍ਹਾਂ ਦੇ ਬਾਰੇ ਜਾਣਕਾਰੀ ਪ੍ਰਾਪਤ ਕਰਨ ਦੀ ਕੋਸ਼ਿਸ਼ ਕਰਦਾ। ਇਨ੍ਹਾਂ ਮੈਚਾਂ ਦੌਰਾਨ ਹੀ ਉਸਦਾ ਪਰਮਿੰਦਰ ਨਾਲ ਮੇਲ਼ ਹੋਇਆ ਅਤੇ ਹੌਲ਼ੀ-ਹੌਲ਼ੀ ਉਨ੍ਹਾਂ ਦੀ ਕਾਫ਼ੀ ਨੇੜਤਾ ਹੋ ਗਈ ਜੋ ਬਾਅਦ ਵਿੱਚ ਵਧੀਆ ਦੋਸਤੀ ਵਿੱਚ ਬਦਲ ਗਈ। ਪਰਮਿੰਦਰ ਨੇ ਦੱਸਿਆ ਕਿ 2012-13 ਦੌਰਾਨ ਜਦੋਂ ਟੀ.ਪੀ.ਏ.ਆਰ. ਕਲੱਬ ਦਾ ਗਠਨ ਹੋਇਆ ਸੀ ਤਾਂ ਉਹ ਉਦੋਂ ਹੀ ਇਸ ਦੀਆਂ ਸਰਗਰਮੀਆਂ ਤੋਂ ਥੋੜ੍ਹਾ-ਥੋੜ੍ਹਾ ਜਾਣੂੰ ਹੋ ਗਿਆ ਸੀ ਕਿ ਇਹ ਕਲੱਬ ਸਿਹਤ ਅਰੋਗਤਾ ਸਬੰਧੀ ਵਧੀਆ ਕੰਮ ਕਰ ਰਹੀ ਹੈ। ਇਹ ਆਪਣੇ ਮੈਂਬਰਾਂ ਨੂੰ ਦੌੜਨ ਅਤੇ ਦੌੜਾਂ ਦੇ ਵੱਖ-ਵੱਖ ਮੁਕਾਬਲਿਆਂ ਵਿੱਚ ਹਿੱਸਾ ਲੈਣ ਲਈ ਉਤਸ਼ਾਹਿਤ ਕਰਦੀ ਹੈ। ਪਰਮਿੰਦਰ ਦੇ ਮਨ ਵਿੱਚ ਇਸ ਕਲੱਬ ਦੇ ਨਾਲ ਜੁੜਨ ਦੀ ਇੱਛਾ ਜਾਗੀ ਅਤੇ ਉਸਨੇ ਇਸਦੇ ਬਾਰੇ ਜਦੋਂ ਸੰਧੂਰਾ ਬਰਾੜ ਨਾਲ ਗੱਲ ਕੀਤੀ ਤਾਂ ਉਸਨੇ ਅੱਗੋਂ ਹੱਸ ਕੇ ਕਿਹਾ, "ਪੰਮਿਆ, ਸਾਨੂੰ ਹੋਰ ਕੀ ਚਾਹੀਦਾ। ਸਾਡੇ ਸਾਰਿਆਂ ਲਈ ਤਾਂ ਇਹ ਬੜੀ ਖ਼ੁਸੀ ਵਾਲੀ ਗੱਲ ਹੋਵੇਗੀ ਕਿ ਪੰਮੇ ਵਰਗਾ ਵੱਡਾ ਕਬੱਡੀ ਖਿਡਾਰੀ ਅਤੇ ਖੇਡ-ਪ੍ਰਬੰਧਕ ਸਾਡੀ ਕਲੱਬ ਨਾਲ ਜੁੜ ਰਿਹਾ ਹੈ।" (ਇੱਥੇ ਇਹ ਜ਼ਿਕਰਯੋਗ ਹੈ ਕਿ ਸੰਧੂਰਾ ਸਿੰਘ ਬਰਾੜ ਪਰਮਿੰਦਰ ਗਿੱਲ ਨੂੰ ਹਮੇਸ਼ਾ ਉਸ ਦੇ ਅੱਧੇ ਨਾਂ 'ਪੰਮਾ' ਨਾਲ ਹੀ ਸੰਬੋਧਨ ਕਰਦਾ ਹੈ, ਜੋ ਉਨ੍ਹਾਂ ਦੀ ਦੋਸਤੀ ਅਤੇ ਨੇੜਤਾ ਨੂੰ ਬਾਖ਼ੂਬੀ ਦਰਸਾਉਂਦਾ ਹੈ)।

ਮਾਰਚ 2023 ਵਿੱਚ ਪਰਮਿੰਦਰ ਵੱਲੋਂ ਟੈਕਸੀ ਡਰਾਈਵਿੰਗ ਦੇ ਆਪਣੇ ਪੇਸ਼ੇ ਤੋਂ ਸਵੈ-ਇੱਛਤ 'ਸੇਵਾ-ਮੁਕਤੀ' ਲੈਣ ਤੋਂ ਬਾਅਦ ਉਸ ਕੋਲ ਕਾਫ਼ੀ ਵਿਹਲਾ ਸਮਾਂ ਸੀ ਅਤੇ ਉਸਨੇ ਇਸ ਨੂੰ ਸਹੀ ਢੰਗ ਨਾਲ ਵਰਤਣ ਲਈ ਸਵੇਰੇ ਸੈਰ ਕਰਨ, ਰੋਜ਼ਾਨਾ ਜਿੰਮ ਜਾਣ ਅਤੇ ਤੈਰਨ ਵੱਲ ਧਿਆਨ ਦੇਣਾ ਸ਼ੁਰੂ ਕੀਤਾ। ਤੈਰਨ ਦੇ ਸ਼ੌਕ ਬਾਰੇ ਉਸ ਨੇ ਦੱਸਿਆ ਕਿ ਉਸ ਨੇ 1975 ਵਿੱਚ ਇਸ ਦੀ ਬਾਕਾਇਦਾ ਟ੍ਰੇਨਿੰਗ 'ਜੇਮਸਨ ਕਾਲਜੀਏਟ ਸਵਿੰਮਿੰਗ ਸਕੂਲ' ਤੋਂ ਲਈ ਸੀ। ਏਸੇ ਸਾਲ ਹੀ ਉਹ 'ਓਨਟਾਰੀਓ ਇਟੈਲੀਅਨ ਸੌਕਰ ਕਲੱਬ' ਵਿੱਚ ਸ਼ਾਮਲ ਹੋਇਆ ਸੀ ਅਤੇ ਇਸ ਦੀ ਸੌਕਰ ਟੀਮ ਵਿੱਚ ਖੇਡਣ ਵਾਲਾ ਉਹ ਇਕੱਲਾ ਹੀ ਪੰਜਾਬੀ ਖਿਡਾਰੀ ਸੀ। ਫਿਰ 1977 ਵਿੱਚ ਭਜਨ ਸਿੰਘ ਥਿੰਦ ਹੁਰਾਂ ਵੱਲੋਂ ਬਣਾਈ ਗਈ ਪੰਜਾਬੀਆਂ ਦੀ 'ਵੈੱਸਟਰਨ ਸੌਕਰ ਕਲੱਬ' ਵਿੱਚ ਸ਼ਾਮਲ ਹੋ ਕੇ ਇਸ ਦੀ ਟੀਮ ਵੱਲੋਂ ਸੌਕਰ ਖੇਡਿਆ। ਪਰਮਿੰਦਰ ਗਿੱਲ ਟੀ.ਪੀ.ਏ.ਆਰ.ਕਲੱਬ ਦੀ ਹਰੇਕ ਸਰਗਰਮੀ ਵਿੱਚ ਵੱਧ-ਚੜ੍ਹ ਕੇ ਹਿੱਸਾ ਲੈਂਦਾ ਹੈ। ਸਾਥੀ ਮੈਂਬਰਾਂ ਨਾਲ 'ਵੀਕ-ਐਂਡਜ਼' 'ਤੇ ਕਲੱਬ ਦੇ ਪ੍ਰੈਕਟਿਸ-ਸੈਸ਼ਨਾਂ ਵਿੱਚ ਸ਼ਮੂਲੀਅਤ ਕਰਦਾ ਹੈ, ਦੌੜਾਂ ਦੇ ਹਰੇਕ ਈਵੈਂਟ ਵਿੱਚ ਹਿੱਸਾ ਲੈਂਦਾ ਹੈ ਅਤੇ ਸੀ.ਐੱਨ. ਟਾਵਰ ਦੀਆਂ 1776 ਪੌੜੀਆਂ ਚੜ੍ਹਨ ਦੇ ਈਵੈਂਟਾਂ ਵੀ ਵਿੱਚ ਬਾ-ਕਾਇਦਾ ਭਾਗ ਲੈਂਦਾ ਹੈ। ਗੱਲਬਾਤ ਦੌਰਾਨ ਪਰਮਿੰਦਰ ਨੇ ਦੱਸਿਆ ਕਿ ਉਹ ਇਸ ਕਲੱਬ ਦੇ ਮੈਂਬਰਾਂ ਨਾਲ ਹੁਣ ਤੀਕ ਦੋ ਵਾਰ 'ਟੋਰਾਂਟੋ ਸਕੋਸ਼ੀਆਬੈਂਕ ਵਾਟਰਫਰੰਟ ਮੈਰਾਥਨ' ਲਗਾ ਚੁੱਕਾ ਹੈ। ਤਿੰਨ ਵਾਰ ਇੱਥੇ ਉਸ ਨੇ ਟੋਰਾਂਟੋ 'ਹਾਫ਼-ਮੈਰਾਥਨ' ਲਗਾਈ ਹੈ ਅਤੇ ਲੱਗਭੱਗ ਵੀਹ 10 ਕਿਲੋਮੀਟਰ ਅਤੇ ਤੀਹ 5 ਕਿਲੋਮੀਟਰ ਦੌੜਾਂ ਹੁਣ ਤੱਕ ਲਗਾ ਚੁੱਕਾ ਹੈ। ਉਸ ਨੇ ਦੱਸਿਆ ਕਿ ਟੀ.ਪੀ.ਏ.ਆਰ. ਕਲੱਬ ਦੇ ਸਾਰੇ ਮੈਂਬਰ ਉਸ ਨੂੰ ਬੇਹੱਦ ਪਿਆਰ ਕਰਦੇ ਹਨ ਅਤੇ ਪੂਰਾ ਮਾਣ-ਸਤਿਕਾਰ ਦਿੰਦੇ ਹਨ। ਉਨ੍ਹਾਂ ਨੇ ਉਸਨੂੰ ਇਸ ਕਲੱਬ ਦਾ ਵਾਈਸ-ਪ੍ਰੈਜ਼ੀਡੈਂਟ ਬਣਾ ਕੇ ਵੱਡਾ ਮਾਣ ਬਖ਼ਸ਼ਿਆ ਹੈ।

ਵਿਹਲੇ ਸਮੇਂ ਦੇ ਸ਼ੁਗਲ (ਹੌਬੀ) ਬਾਰੇ ਜਦੋਂ ਉਸ ਨੂੰ ਪੁੱਛਿਆ ਗਿਆ ਤਾਂ ਉਸ ਦਾ ਕਹਿਣਾ ਸੀ ਕਿ ਉਸ ਨੂੰ ਗਰਮੀਆਂ ਦੇ ਮੌਸਮ ਵਿੱਚ ਘਰ ਦੇ 'ਬੈਕਯਾਰਡ' ਵਿੱਚ ਵੱਖ-ਵੱਖ ਸਬਜ਼ੀਆਂ ਤੇ ਰੰਗ-ਬਿਰੰਗੇ ਲਗਾਉਣ ਦਾ ਬੜਾ ਸ਼ੌਕ ਹੈ। ਗਰਮੀਆਂ ਵਿੱਚ ਇਹ ਮੌਸਮੀ ਫੁੱਲ ਉਸ ਦੇ ਘਰ ਦਾ ਸ਼ਿੰਗਾਰ ਹੁੰਦੇ ਹਨ ਅਤੇ ਇਸ ਮੌਸਮ ਵਿੱਚ ਖਾਣ ਨੂੰ ਘਰੇ ਹੱਥੀਂ ਤਿਆਰ ਕੀਤੀਆਂ ਗਈਆਂ 'ਪਿਓਰ ਔਰਗੈਨਿਕ ਸਬਜ਼ੀਆਂ' ਮਿਲਦੀਆਂ ਹਨ। ਰੋਜ਼ਾਨਾ ਖ਼ੁਰਾਕ ਬਾਰੇ ਪੁੱਛਣ 'ਤੇ ਪਰਮਿੰਦਰ ਗਿੱਲ ਨੇ ਦੱਸਿਆ ਕਿ ਉਹ ਵਧੇਰੇ ਕਰਕੇ ਵੈਜੀਟੇਰੀਅਨ ਖ਼ੁਰਾਕ ਹੀ ਪਸੰਦ ਕਰਦਾ ਹੈ ਅਤੇ ਕਦੇ-ਕਦੇ ਨਾਨ-ਵੈੱਜ ਵੀ ਲੈ ਲੈਂਦਾ ਹੈ। ਖਾਣਾ ਉਹ ਦੁਪਹਿਰੇ ਇੱਕ ਵੇਲੇ ਹੀ ਖਾਂਦਾ ਹੈ ਅਤੇ ਸ਼ਾਮ ਨੂੰ ਖਾਣ ਲਈ ਫ਼ਰੂਟ ਜਾ ਕੁਝ ਹੋਰ ਹਲਕਾ-ਫੁਲਕਾ ਜਿਹਾ ਲੈ ਲੈਂਦਾ ਹੈ। ਪ੍ਰਮਾਤਮਾ ਦੀ ਮਿਹਰ ਸਦਕਾ 75ਵੇਂ ਸਾਲ ਵਿੱਚ ਵੀ ਉਸਦਾ ਜੁੱਸਾ ਜੁਆਨਾ ਵਰਗਾ ਦਿਖਾਈ ਦਿੰਦਾ ਹੈ।

ਪ੍ਰਮਾਤਮਾ ਉਸ ਨੂੰ ਲੰਮੀ ਉਮਰ ਤੇ ਤੰਦਰੁਸਤੀ ਬਖ਼ਸ਼ੇ !



ਡਾ. ਸੁਖਦੇਵ ਸਿੰਘ, ਝੰਡ
+1 647-567-9128
ssjhand121@gmail.com

## ਜਦ ਵਾੜ ਖੇਤ ਨੂੰ ਖਾਵੇ... !

ਜਦ ਵਾੜ ਖੇਤ ਨੂੰ ਖਾਵੇ,
ਖੁਦ ਹੀ ਭੇੜੀਏ ਬਣ ਜਾਵੇ।
ਖਾ ਜਾਵੇ ਫਿਰ ਕਚੀਆਂ ਗੰਦਲਾਂ,
ਉਹ ਰਹੇ ਨਾ ਹਰੀ ਕਚੂਰ ਵੇ ਰੱਬਾ,
ਉਹ ਰਹੇ ਨਾ ਹਰੀ ਕਚੂਰ।
ਫਿਰ ਕਿਸਦਾ ਦੱਸ ਕਸੂਰ ਵੇ ਰੱਬਾ,
ਫਿਰ ਕਿਸਦਾ ਦੱਸ ਕਸੂਰ?
ਏਸੀ ਵਾੜ ਮਖੌਟੇ ਪਾ ਕੇ,
ਬਣੀ ਫਿਰੇ ਜ਼ਹੀਨ,
ਲਾਹ ਕੇ ਜਦੋਂ ਮਖੌਟੇ ਦੇਖੇ,
ਅੰਦਰੋਂ ਨਿਰੇ ਕਮੀਨ ਵੇ ਰੱਬਾ!
ਅੰਦਰੋਂ ਨਿਰੇ ਕਮੀਨ।

CANADIAN TRUCK TRAINING CENTRE







ਤਸੱਲੀਬਖ਼ਸ਼ ਸੇਵਾਵਾਂ ਲਈ

ਹਰਪਾਲ ਸਿੰਘ ਮਾਨ

* ਪੰਜਾਬੀ ਵਿੱਚ ਰਿਟਨ ਟੈਸਟ ਦਾ ਵਿਸ਼ੇਸ਼ ਪ੍ਰਬੰਧ,
* ਕੰਮ ਲੱਭ ਕੇ ਦੇਣ ਦੀ ਵੀ ਗਰੰਟੀ

Approved private career college,
Training Classes for Air Brakes,
Dangerous Goods & Log Book

7270 Torbram Road, Unit 2 & 3
Mississauga (Torbram & Drew)
905-673-7200
416-294-1662

UNIVERSAL MORTGAGES



CALL MUNISH TEGI
Mortgage Agent Level 1
LIC# M14000011
BROKERAGE LIC# 10039
416-317-3487
Need to refinance or payout an existing mortgage?
WE'VE SOLUTION FOR ALL YOUR MORTGAGE NEEDS

## ਬੁੱਧ ਚਿੰਤਨ

# ਘੁਰਕੀ, ਬੁਰਕੀ ਤੇ ਕੁਰਸੀ !



ਜਨਾਬ ਸੁਰਜੀਤ ਪਾਤਰ ਦੀ ਗ਼ਜ਼ਲ ਦੇ ਬੋਲ ਯਾਦ ਕਰੀਏ ਤੇ ਆਪਣਾ ਫਰਜ਼ ਨਿਭਾਈਏ ।

ਲੱਗੀ ਜੇ ਤੇਰੇ ਕਾਲਜੇ ਛੁਰੀ ਨਹੀਂ
ਇਹ ਨਾ ਸਮਝ ਕਿ ਸ਼ਹਿਰ ਹਾਲਤ ਬੁਰੀ ਨਹੀਂ।

ਹੁਣ ਤਾਂ ਆਰਾ ਹੀ ਚੱਲ ਪਿਆ ਹੈ। ਜਿਹੜਾ ਸਭ ਕੁੱਝ ਵੱਢੀ ਜਾ ਰਿਹਾ ਹੈ ਤੇ ਪੰਜਾਬੀ ਬਾਂਹ ਸਿਰਹਾਣੇ ਰੱਖ ਕੇ ਸੁੱਤੇ ਹਨ। ਸੁੱਤੇ ਨੂੰ ਜਗਾਇਆ ਜਾ ਸਕਦਾ ਹੈ ਪਰ ਜਾਗਦਿਆਂ ਨੂੰ ਕੌਣ ਜਗਾਏ ? ਖੈਰ ਆਪਾਂ ਵੀ ਕੀ ਲੈਣਾ ਹੈ। ਨਾਲੇ ਸਾਡਾ ਕੀ ਬਿਗੜਿਆ ਹੈ। ਜਿਹਨਾਂ ਦਾ ਬਿਗੜਿਆ ਹੈ, ਉਨ੍ਹਾਂ ਨੂੰ ਕੋਈ ਫਿਕਰ ਨਹੀਂ ਹੈ। ਫੇਰ ਆਪਾਂ ਕੀ ਫਿਕਰ ਕਰਨਾ ਹੈ। ਨਾਲੇ ਚਿੰਤਾ ਕਰਨੀ ਚਿਖਾ ਸਮਾਨ ਹੈ। ਜੋ ਕੁੱਝ ਹੋ ਰਿਹਾ ਉਪਰ ਵਾਲੇ ਦੀ ਮਰਜ਼ੀ ਨਾਲ ਹੁੰਦਾ ਹੈ। ਸਿਆਣੇ ਕਹਿੰਦੇ ਹੁੰਦੇ ਹਨ ਕਿ " ਉਸਦੇ ਹੁਕਮ ਬਿਨਾਂ ਪੱਤਾ ਨਹੀਂ ਹਿਲਦਾ।" ਬਾਕੀ ਹੁਣ ਕਹਿਣ ਲਈ ਬਚਿਆ ਹੀ ਕੁੱਝ ਨਹੀਂ, ਲਵੋ ਨਜ਼ਾਰੇ। ਬਦਲਾਅ ਦੇਖੋ ਕਿਥੇ ਕਿਥੇ ਹੁੰਦਾ ਹੈ। ਘੁਰਕੀ, ਬੁਰਕੀ ਤੇ ਕੁਰਸੀ ਮੂਹਰੇ ਕੌਣ ਖੜਦਾ ਹੈ।

ਗੁਰਨਾਮ ਗਾਮੀ ਸੰਗਤਪੁਰੀਏ ਦੇ ਗੀਤ ਦੇ ਬੋਲ ਚੇਤੇ ਆਉਦੇ ਹਨ, ਜਿਹੜੇ ਜਨਾਬ ਮੁਹੰਮਦ ਸਦੀਕ ਤੇ ਬੀਬਾ ਰਣਜੀਤ ਕੌਰ ਨੇ ਗਾਏ ਸੀ...ਮੇਰੀ ਭੈਣ ਵੇ ਜਮਾਤਾਂ ਤੇਰਾ ਕਰ ਗੀ.

ਉਹਦੇ ਵਿੱਚੋਂ ਇਹ ਬੋਲ ਹਨ ਜਿਹੜੇ ਅਜੋਕੇ ਸਮਿਆਂ ਦਾ ਸੱਚ ਹਨ.

ਅੰਬੀ ਪੱਕ ਕਦੋਂ ਹੈ ਝੜਦੀ
ਨੀਂ ਨੇਰੀ ਅੱਗੇ ਕੀ ਖੜਦਾ !"
ਮੇਰੀ ਭੈਣ ਵੇ ਜਮਾਤਾਂ ਤੇਰਾਂ ਕਰ ਗਈ।
ਮੇਰਾ ਪੰਜਾਬ ਬਹੁਤ ਪੜ੍ਹ ਗਿਆ ਹੈ।

ਬਾਕੀ ਹਾਲਤ ਕੀ ਹੈ ? ਇਹ ਹੁਣ ਲੁਕਿਆ ਹੋਇਆ ਨਹੀਂ। ਸਮਾਜ ਦੇ ਵਿੱਚ ਆਮ ਆਦਮੀ ਦੀ ਹਾਲਤ ਦਿਨੋਂ ਦਿਨ ਪਾਣੀ ਵਰਗੀ ਹੋ ਰਹੀ ਹੈ। ਆਮ ਆਦਮੀ ਕਰੇ ਤੇ ਕੀ ਨਾ ਕਰੇ? ਇਹ ਉਸਦੇ ਵੱਸ ਨਹੀਂ। ਉਹ ਤੇ ਆਪਣੇ ਢਿੱਡ ਦੀ ਭੁੱਖ ਮਿਟਾਉਣ ਦੇ ਲਈ ਸਾਰਾ ਦਿਨ ਮਿੱਟੀ ਦੇ ਨਾਲ ਮਿੱਟੀ ਹੋ ਕੇ ਇਕ ਦਿਨ ਆਪ ਹੀ ਮਿੱਟੀ ਵਿੱਚ ਮਿਲ ਜਾਂਦਾ ਹੈ। ਇਹ ਸਿਲਸਿਲਾ ਯੁੱਗਾਂ ਤੋਂ ਜਾਰੀ ਹੈ। ਉਸ ਨੂੰ ਤੇ ਆਪਣੇ ਹੱਕਾਂ ਦੀ ਲੜ੍ਹਾਈ ਦਾ ਨੀ ਪਤਾ ਕਿ ਕਿਵੇਂ ਤੇ ਕਿਸ ਦੇ ਖਿਲਾਫ਼ ਲੜਨੀ ਹੈ? ਉਹ ਤੇ ਆਪਣੀ ਤੀਵੀਂ ਨਾਲ ਲੜ ਕੇ ਹੀ ਗੁੱਸਾ ਕੱਢ ਲੈਂਦਾ ਹੈ। ਜਿਹਨਾਂ ਨੂੰ ਪਤਾ ਕਿ ਮਨੁੱਖ ਦੀ ਮਹੱਤਤਾ ਕੀ ਹੈ, ਉਨ੍ਹਾਂ ਨੇ ਉਸ ਨੂੰ ਵੋਟ ਦੀ ਪਰਚੀ ਬਣਾ ਲਿਆ ਹੈ ।

ਹੁਣ ਤੇ ਉਸ ਨੂੰ ਇਹ ਪਤਾ ਹੀ ਨਹੀਂ ਕਿ ਉਹ ਕਿਸ ਦਾ ਕੀ ਲੱਗਦਾ ਹੈ?

ਗੱਲ ਤੇ ਘੁਰਕੀ ਤੇ ਬੁਰਕੀ ਦੀ ਚੱਲਦੀ ਹੈ। ਕੁਰਸੀ ਆਪੇ ਵਿੱਚ ਆ ਗਈ ਹੈ।

ਇਹਨਾਂ ਤਿੰਨ ਸ਼ਬਦਾਂ ਦਾ ਜ਼ਿੰਦਗੀ ਦੇ ਨਾਲ ਬਹੁਤ ਗੂੜ੍ਹਾ ਸੰਬੰਧ ਹੈ.ਜਿਹੜਾ ਕਦੇ ਨਾ ਕਦੇ ਬੰਦੇ ਦੀ ਜ਼ਿੰਦਗੀ ਦੇ ਵਿੱਚ ਆਉਂਦਾ ਹੈ ਪਰ ਰਾਜਨੀਤੀ ਦੇ ਵਿੱਚ ਇਹ ਤਿੰਨ ਸ਼ਬਦ ਅੱਜਕੱਲ੍ਹ ਬਹੁਤ ਚਰਚਾ ਵਿੱਚ ਹਨ। ਉਹ ਇਸ ਕਰਕੇ ਕਿ ਰਾਜਨੀਤੀ ਦੇ ਹੁਣ ਦੋ ਕੋਣ ਨਹੀਂ, ਤਿਕੋਣ ਬਣ ਗਈ ਹੈ। ਇਕ ਧਿਰ ਰਾਜ ਕਰ ਰਹੀ, ਇਕ ਧਿਰ ਦੇਖ ਰਹੀ ਤੇ ਇਕ ਧਿਰ ਆਪਣੇ ਖੁਰਾਂ ਦੇ ਨਾਲ ਮਿੱਟੀ ਪੁੱਟ ਰਹੀ ਹੈ..ਇਹ ਤਿਕੋਣ ਆਮ ਲੋਕਾਂ ਦੇ ਗਲੇ ਦੀ ਹੱਡੀ ਬਣ ਗਈ ਹੈ.ਤੇ ਕਦੇ...ਸਿਰ ਵਿੱਚ ਤੇ ਪਿੱਛੇ ਚੁੱਭਦੀ ਹੈ..!

ਕਦੇ ਘੁਰਕੀ ਕਦੇ ਬੁਰਕੀ ਤੋਂ ਅੱਗੇ ਗੱਲ ਕੁਰਸੀ ਤੱਕ ਪੁੱਜ ਗਈ ਹੈ। ਲੋਕ ਹੁਣ ਉਹਨਾਂ ਦਾ ਕੁਰਸੀਨਾਮਾ ਲੱਭਦੇ ਹਨ ਕਿ ਘੁਰਕੀ ਤੇ ਬੁਰਕੀ ਤੋਂ ਬਾਅਦ ਕੁਰਸੀ ਤੱਕ ਕਿੰਨੀ ਕੁ ਦੇਰ ਅੱਖਾਂ ਬੰਦ ਕੀਤੀਆਂ ਜਾ ਸਕਦੀਆਂ ਹਨ..?

ਜਿਵੇਂ ਕਹਿੰਦੇ ਪਿਆਰ, ਜੰਗ ਤੇ ਰਾਜਨੀਤੀ ਦੇ ਵਿੱਚ ਸਭ ਕੁੱਝ ਜਾਇਜ਼ ਹੁੰਦੇ ਹੈ..ਪਰ ਰਾਜਨੀਤੀ ਦੇ ਵਿੱਚ ਤਾਂ ਸਭ ਕੁੱਝ ਹੀ ਨਜਾਇਜ਼ ਹੋ ਰਿਹਾ ਹੈ! ਕਈ ਵਾਰ ਤੇ ਇੰਝ ਜਾਪਦਾ ਸਭ ਰੱਬ ਆਸਰੇ ਹੀ ਚੱਲ ਰਿਹਾ ਹੈ...ਆਮ ਆਦਮੀ ਦੀ ਕਿਧਰੇ ਵੀ ਸੁਣਵਾਈ ਨਹੀਂ। ਲੋਕ ਮਰ ਰਹੇ ਹਨ, ਲੁੱਟੇ ਜਾ ਰਹੇ ਤੇ ਕੁੱਟੇ ਜਾ ਰਹੇ ਹਨ. ਸਿਸਟਮ ਬੇਸ਼ਰਮ ਹੋਇਆ ਹੱਸ ਰਿਹਾ ਤੇ ਕਾਨੂੰਨ ਦਾ ਪਾਠ ਪੜ੍ਹਾ ਤੇ ਸੁਣਾ ਰਿਹਾ ਹੈ।

ਜੇ ਕੋਈ ਲੋਕਾਂ ਦੀ ਬਾਂਹ ਫੜਦਾ ਹੈ, ਉਸ ਦੀ ਬਾਂਹ ਮਰੋੜੀ ਜਾਂਦੀ ਹੈ...ਰਾਜ ਦੀ ਨੌਕਰਸ਼ਾਹੀ ਬੇਲਗਾਮ ਹੋ ਗਈ ਹੈ..ਲੋਕ ਸਰਕਾਰੀ ਦਫ਼ਤਰਾਂ ਦੇ ਚੱਕਰ ਮਾਰਦੇ ਹਨ ਤੇ ਸਮਾਂ ਤੇ ਮਾਇਆ ਗਵਾ ਕੇ ਘਰ ਆ ਜਾਂਦੇ ਹਨ। ਦੂਜੇ ਪਾਸੇ ਲੋਕਾਂ ਦੇ ਬੁਨਿਆਦੀ ਤੇ ਸੰਵਿਧਾਨਕ ਹੱਕ ਖੋਹੇ ਜਾ ਰਹੇ ਹਨ..ਤਰ੍ਹਾਂ ਤਰ੍ਹਾਂ ਦੀਆਂ ਪਾਬੰਦੀਆਂ ਲਾਈਆਂ ਜਾ ਰਹੀਆਂ ਨੇ..ਲੋਕ ਚੁਪ ਦੀ ਗੁਫਾ ਵਿੱਚ ਬੈਠੇ ਹਨ।

ਲੋਕਾਂ ਨੂੰ ਸਵਰਗ ਦੇ ਰਸਤੇ ਦੱਸਣ ਵਾਲੀ ਚਿੱਟੀ ਸਿਉਕ..ਦੋਵੇਂ ਹੱਥੀਂ ਲੁੱਟ ਰਹੀ ਹੈ..ਲੋਕ ਸਰੀਰਕ ਤੇ ਆਰਥਿਕ ਲੁੱਟ ਕਰਵਾ ਰਹੇ ਹਨ।

ਸਿਹਤ,ਸਿਖਿਆ ਤੇ ਰੁਜ਼ਗਾਰ ਖੋਹ ਲਿਆ ਹੈ..ਜਨਤਕ ਅਦਾਰਿਆਂ ਨੂੰ ਪਹਿਲਾਂ ਬਦਨਾਮ ਕੀਤਾ ਤੇ ਫੇਰ ਉਹਨਾਂ ਦਾ ਨਿੱਜੀਕਰਨ ਕੀਤਾ...।

ਆਰਥਿਕ ਮੰਦੀ ਨੇ ਕਰੋੜਾਂ ਲੋਕ ਵਿਹਲੇ ਕਰ ਦਿੱਤੇ ਹਨ..ਪੰਜਾਬ ਦੇ ਵਿੱਚ ਰਾਜ ਸੱਤਾ ਦੀ ਜੰਗ ਲੱਗੀ ਹੋਈ ਹੈ..ਇਸੇ ਜੰਗ ਦੇ ਵਿੱਚ ਘੁਰਕੀ, ਬੁਰਕੀ ਤੇ ਕੁਰਸੀ ਦਾ ਬੋਲਬਾਲਾ ਹੋਇਆ ਹੈ ..ਕਦੋਂ ਲੋਕਰਾਜ ਬਣੂੰ ?..

ਲੋਕ ਊਠ ਦੇ ਡਿੱਗ ਰਹੇ ਬੁੱਲ੍ਹ ਦੀ ਝਾਕ ਵਿੱਚ ਕੁੱਤੇ ਵਾਂਗ ਤੁਰੇ ਨਹੀ ਰਹੇ ਸਗੋਂ ਆਪਣਿਆਂ ਨੂੰ ਲਤਾੜ ਕੇ ਦੌੜ ਰਹੇ ਹਨ.

ਪਰ ਜਦੋਂ ਲੋਕ ਇੱਕਠੇ ਨੀ ਹੁੰਦੇ, ਉਦੋਂ ਤੱਕ..ਇਸ ਤਰ੍ਹਾਂ ਹੀ ਲੁੱਟਮਾਰ ਜਾਰੀ ਰਹੇਗੀ।

ਹੁਣ ਲੋਕਾਂ ਨੇ ਦੇਖਣਾ ਹੈ ਕਿ ਮਰਨਾ ਹੈ ਜਾ ਫਿਰ ਜਿਉਂਦੇ ਰਹਿਣਾ ਹੈ ? ਹੁਣ ਦੇਸ਼ ਦੂਸਰੀ ਅਜ਼ਾਦੀ ਦੀ ਜੰਗ ਲੜ ਰਹੇ ਹਾਂ, ਇਸ ਸਮੇਂ ਬੁੱਕਲ ਦੇ ਯਾਰ ਇਸ ਜਨ ਅੰਦੋਲਨ ਦੇ ਵਿੱਚ ਘੁਸਪੈਠ ਕਰ ਰਹੇ ਹਨ...ਬੇਲਾ ਸਿੰਘ ਤੇ ਕਿਰਪਾਲ ਸਿੰਘ ਵਰਗੇ ਸੂਹੀਏ ਬਣੇ ਹਨ...ਇਹਨਾਂ ਤੋਂ ਬਚਣ ਦੀ ਲੋੜ ਹੈ..!

ਦੇਸ਼ ਦੇ ਅੰਦਰ ਦੂਸਰੀ ਪੂਰਨ ਆਜ਼ਾਦੀ ਦੀ ਜੰਗ ਦੀ ਜਰੂਰਤ ਹੈ, ਪਰ ਲੜੇ ਕੌਣ ?

ਅਜੇ ਕਿਹੜਾ ਭੁੱਖ ਨਾਲ ਮਰੇ ਹਾਂ। ਸਸਤਾ ਤੇ ਮਹਿੰਗਾ ਸਭ ਕੁੱਝ ਮਿਲ ਰਿਹਾ ਹੈ। ਅਸੀਂ ਕਿਹੜਾ ਜਰਮਨੀ ਹਾਂ ਜੋ ਤੇਲ ਦੀਆਂ ਵਧੀਆ ਕੀਮਤਾਂ ਦਾ ਵਿਰੋਧ ਕਰਕੇ ਸਰਕਾਰ ਨੂੰ ਵਾਪਸ ਲੈਣ ਮਜਬੂਰ ਕਰ ਦਵਾਂਗੇ? ਅਸੀਂ ਤੇ ਭਾਰਤੀ ਗੁਲਾਮ ਲੋਕ ਹਾਂ। ਗੁਲਾਮ ਦੀ ਕੋਈ ਸੋਚ ਤੇ ਸਰਕਾਰ ਦੇ ਲੜ੍ਹਾਈ ਨਹੀਂ ਹੁੰਦੀ .ਤੇ ਘੁਰਕੀ, ਬੁਰਕੀ ਤੇ ਕੁਰਸੀ ਦੀ ਖੇਡ ਸਿਆਸੀ ਹੈ। ਆਪਾਂ ਕੀ ਲੈਣਾ ਹੈ ? ਕਰੋ ਮੌਜ?

ਲਵੋ ਕਿਸੇ ਸਾਧ ਦੇ ਡੇਰੇ ਜਾ ਕੇ ਸਵਰਗ ਦੀਆਂ ਟਿਕਟਾਂ....ਚਿੱਟੀ ਸਿਉਂਕ ਉਡੀਕ ਦੀ ਹੈ ਤੁਹਾਨੂੰ । ਕੀ ਲੈਣਾ ਘੁਰਕੀ ਤੇ ਕੁਰਸੀ ਤੋਂ ਤੁਸੀਂ ਬੁਰਕੀ ਛਕੋ!



ਬੁੱਧ ਸਿੰਘ ਨੀਲੋਂ
94643 70823

## ਕੁਝ ਸੋਚ ਕੇ ਬੋਲਿਆ ਕਰ

ਹਰੇਕ ਨੂੰ ਪੈਸੇ ਨਾਲ ਨਾ ਤੋਲਿਆ ਕਰ।
ਜ਼ਰਾ ਤਾਂ ਕੁਝ ਸੋਚ ਕੇ ਬੋਲਿਆ ਕਰ।

ਉੱਚਾ ਬੋਲ ਕੇ ਨੀਵਾਂ ਨਾ ਦਿਖਾਇਆ ਕਰ।
ਕਿਸੇ ਦੇ ਮਨ ਨੂੰ ਕਦੇ ਨਾ ਦੁਖਾਇਆ ਕਰ।
ਕਦੇ ਵੀ ਖੁਦ ਨੂੰ ਖ਼ੁਦਾ ਨਾ ਕਹਾਇਆ ਕਰ।

ਨੀਲੀ ਛੱਤ ਵਾਲੇ ਤੋਂ ਰਤਾ ਘਬਰਾਇਆ ਕਰ।
"ਮੈਂ" ਨਾ ਰੱਖ ਨੀਵਿਆਂ ਨਾਲ ਮੁਸਕਰਾਇਆ ਕਰ।
ਅਮੀਰ ਗਰੀਬ ਦਾ ਫ਼ਰਕ ਮਿਟਾਇਆ ਕਰ।

ਮਿੱਟੀ ਦੀ ਢੇਰੀ ਹੈ ਮਿੱਟੀ ਨਾਲ ਮਿਲ ਜਾਇਆ ਕਰ।
ਫ਼ਲਕ ਨੂੰ ਛੱਡ ਕੇ ਕਦੇ ਧਰਤ ਨੂੰ ਅਪਨਾਇਆ ਕਰ।
ਹੋਰਾਂ ਦੀ ਮਦਦ ਕਰ ਨਿਵੇਕਲੀ ਖੁਸ਼ੀ ਪਾਇਆ ਕਰ।

ਕਦੇ ਵੀ ਆਪਣਿਆਂ ਤੋਂ ਕੁਝ ਨਾ ਛੁਪਾਇਆ ਕਰ।
ਬੇਗਾਨਿਆ ਸੰਗ ਰਿਸ਼ਤੇ ਨਿਭਾਇਆ ਕਰ ।
ਕੰਡਿਆਂ ਸੰਗ ਫੁੱਲਾਂ ਵਾਂਗ ਖੁਸ਼ਬੂ ਪਾਇਆ ਕਰ ।

ਔਕੜਾਂ ਭਰੀ ਤੋਂ ਜ਼ਿੰਦਗੀ ਨਾ ਘਬਰਾਇਆ ਕਰ।
ਜੁਗਨੂੰ ਬਣ ਹਨ੍ਹੇਰੇ 'ਚ ਰੌਸ਼ਨੀ ਭਰ ਜਾਇਆ ਕਰ ।

ਪਰਮਬੀਰ ਕੌਰ ਰਿਆੜ

# ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਨੇ 'ਅੰਤਰਰਾਸ਼ਟਰੀ ਮਾਂ-ਬੋਲੀ ਦਿਵਸ' ਨਾਲ ਜੋੜ ਕੇ ਜ਼ੂਮ- ਸਮਾਗਮ ਕਰਵਾਇਆ

## ਮਹਿਮਾਨ-ਬੁਲਾਰੇ ਸਨ, ਪ੍ਰਸਿੱਧ ਭਾਸ਼ਾ-ਵਿਗਿਆਨੀ ਡਾ. ਜੋਗਾ ਸਿੰਘ ਵਿਰਕ, ... ਤੇ ਕਵੀ-ਦਰਬਾਰ ਵੀ ਹੋਇਆ




ਬਰੈਂਪਟਨ, (ਡਾ. ਝੰਡ) – ਲੰਘੇ ਐਤਵਾਰ 15 ਫ਼ਰਵਰੀ ਨੂੰ ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਵੱਲੋਂ ਆਪਣਾ ਮਹੀਨਵਾਰ ਸਮਾਗਮ ਜ਼ੂਮ-ਮਾਧਿਅਮ ਦੀ ਵਰਤੋਂ ਕਰਦਿਆਂ ਹੋਇਆਂ 'ਅੰਤਰਰਾਸ਼ਟਰੀ ਮਾਂ-ਬੋਲੀ ਦਿਵਸ' ਨਾਲ ਜੋੜ ਕੇ ਆਯੋਜਿਤ ਕੀਤਾ ਗਿਆ। ਸਮਾਗਮ ਦੇ ਮੁੱਖ-ਬੁਲਾਰੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਸਾਬਕਾ ਪ੍ਰੋਫ਼ੈਸਰ ਪ੍ਰਮੁੱਖ ਭਾਸ਼ਾ ਵਿਗਿਆਨੀ ਡਾ. ਜੋਗਾ ਸਿੰਘ ਵਿਰਕ ਸਨ। ਸਭਾ ਦੇ ਕਨਵੀਨਰ ਮਲੂਕ ਸਿੰਘ ਕਾਹਲੋਂ ਵੱਲੋਂ ਮੁੱਖ-ਮਹਿਮਾਨ ਅਤੇ ਸਮਾਗਮ 'ਚ ਸ਼ਾਮਲ ਮੈਂਬਰਾਂ ਤੇ ਮਹਿਮਾਨਾਂ ਨੂੰ ਸੁਆਗ਼ਤੀ ਸ਼ਬਦ ਕਹਿਣ ਤੇ ਸਮਾਗਮ ਦੀ ਰੂਪ-ਰੇਖਾ ਬਿਆਨਣ ਤੋਂ ਬਾਅਦ ਮੰਚ-ਸੰਚਾਲਕ ਪ੍ਰੋ. ਤਲਵਿੰਦਰ ਮੰਡ ਵੱਲੋਂ ਇਸਦੇ ਮੁੱਖ-ਬੁਲਾਰੇ ਡਾ. ਜੋਗਾ ਸਿੰਘ ਵਿਰਕ ਨੂੰ ਪੰਜਾਬੀ ਮਾਂ-ਬੋਲੀ ਦੀ ਅਜੋਕੀ ਸਥਿਤੀ ਬਾਰੇ ਆਪਣੇ ਵਿਚਾਰ ਸਾਂਝੇ ਕਰਨ ਲਈ ਬੇਨਤੀ ਕੀਤੀ ਗਈ।

ਡਾ. ਵਿਰਕ ਨੇ ਆਪਣੀ ਗੱਲ ਅੰਤਰਰਾਸ਼ਟਰੀ ਸੰਸਥਾ 'ਯੂਨੈਸਕੋ' ਵੱਲੋਂ ਬੋਲੀਆਂ ਲਈ ਨਿਰਧਾਰਿਤ ਕੀਤੇ ਗਏ ਨੌਂ ਕਾਰਕਾਂ ਤੋਂ ਆਰੰਭ ਕੀਤੀ, ਜਿਨ੍ਹਾਂ ਵਿੱਚੋਂ ਸੱਭ ਤੋਂ ਪ੍ਰਮੁੱਖ "ਕੋਈ ਬੋਲੀ ਕਿੰਨੇ ਲੋਕਾਂ ਦੁਆਰਾ ਬੋਲੀ ਜਾਂਦੀ ਹੈ", ਉੱਪਰ ਜ਼ੋਰ ਦਿੰਦਿਆਂ ਕਿਹਾ ਕਿ ਕਹਿਣ ਨੂੰ ਤਾਂ ਲਹਿੰਦੇ ਪੰਜਾਬ ਵਿੱਚ 12 ਕਰੋੜ ਅਤੇ ਚੜ੍ਹਦੇ ਪੰਜਾਬ ਵਿੱਚ ਵੱਸਦੇ ਤਿੰਨ ਕਰੋੜ ਲੋਕ ਪੰਜਾਬੀ ਬੋਲੀ ਬੋਲ ਰਹੇ ਹਨ, ਪਰ ਉਨ੍ਹਾਂ ਵਿੱਚੋਂ ਕਿੰਨੇ ਕੁ ਆਪਣੇ ਬੱਚਿਆਂ ਦੇ ਨਾਲ ਪੰਜਾਬੀ ਵਿੱਚ ਗੱਲ ਕਰਦੇ ਹਨ। ਲਹਿੰਦੇ ਪੰਜਾਬ ਵਿੱਚ ਬੋਲੀ ਜਾਂਦੀ ਪੰਜਾਬੀ ਬੋਲੀ ਵਿੱਚ ਉਰਦੂ ਅਤੇ ਚੜ੍ਹਦੇ ਪੰਜਾਬ ਦੀ ਪੰਜਾਬੀ ਵਿੱਚ ਸੰਸਕ੍ਰਿਤ ਦੇ ਸ਼ਬਦਾਂ ਦੀ ਭਰਮਾਰ ਹੈ। ਇੱਥੇ ਬਹੁਤੇ ਸਕੂਲਾਂ ਦਾ ਪੜ੍ਹਾਈ ਦਾ ਮਾਧਿਅਮ ਅੰਗਰੇਜ਼ੀ ਹੈ। ਭਾਰਤ ਅਤੇ ਪਾਕਿਸਤਾਨ ਦੀਆਂ ਸਰਕਾਰਾਂ ਉੱਪਰ ਕਾਬਜ਼ ਰਾਜਸੀ ਨੇਤਾ ਅੰਗਰੇਜ਼ੀ ਸਾਮਰਾਜ ਦੇ 'ਵਿਚੋਲੇ' ਰਹੇ ਹਨ ਅਤੇ ਉਹ ਅਜੇ ਵੀ ਅੰਗਰੇਜ਼ੀ ਭਾਸ਼ਾ ਦੇ ਹੱਕ ਵਿੱਚ ਵਧੇਰੇ ਭੁਗਤਦੇ ਹਨ। ਪੜ੍ਹਾਈ ਦਾ ਨਿੱਜੀਕਰਨ ਉਨ੍ਹਾਂ ਅਤੇ ਪ੍ਰਾਈਵੇਟ ਸੰਸਥਾਵਾਂ ਦੇ ਲਈ ਵਧੇਰੇ ਮਨਭਾਉਂਦਾ ਤੇ ਲਾਭਦਾਇਕ ਹੈ। ਉਹ ਵਿਦਿਅਕ ਸੰਸਥਾਵਾਂ ਵਿੱਚ ਅੰਗਰੇਜ਼ੀ ਨੂੰ ਵਧੇਰੇ ਮਹੱਤਤਾ ਦਿੰਦੇ ਹਨ ਅਤੇ ਇਸ ਤਰ੍ਹਾਂ ਆਮ ਲੋਕਾਂ ਨੂੰ ਪੰਜਾਬੀ ਮਾਂ-ਬੋਲੀ ਤੋਂ ਦੂਰ ਰੱਖਿਆ ਜਾ ਰਿਹਾ ਹੈ।

ਉਨ੍ਹਾਂ ਕਿਹਾ ਕਿ ਸਾਡੇ ਪੰਜਾਬੀ 'ਦਾਨੀ' ਬਹੁਤ ਹਨ ਅਤੇ ਉਹ ਆਪਣੀਆਂ ਧਾਰਮਿਕ ਭਾਵਨਾਵਾਂ ਨੂੰ ਮੁੱਖ ਰੱਖਦਿਆਂ ਖਾਣ-ਪੀਣ ਦੀਆਂ ਵਸਤਾਂ ਦੇ ਖ਼ੂਬ ਲੰਗਰ ਲਾਉਂਦੇ ਹਨ ਪਰ ਉਹ 'ਗਿਆਨ ਦਾ ਲੰਗਰ' ਲਗਾਉਣ ਵਿੱਚ ਵਿਸ਼ਵਾਸ ਨਹੀਂ ਰੱਖਦੇ। ਉਹ ਕੋਈ ਚੰਗੀ ਕਿਤਾਬ ਤਿਆਰ ਕਰਵਾਉਣ ਜਾਂ ਦੂਸਰੀਆਂ ਭਾਸ਼ਾਵਾਂ ਦੀਆਂ ਗਿਆਨ ਭਰਪੂਰ ਪੁਸਤਕਾਂ ਨੂੰ ਪੰਜਾਬੀ ਵਿੱਚ ਅਨੁਵਾਦ ਕਰਵਾਉਣ ਲਈ ਪੈਸੇ ਖ਼ਰਚਣ ਦੀ ਰੁਚੀ ਨਹੀਂ ਰੱਖਦੇ ਉਨ੍ਹਾਂ ਕਿਹਾ ਕਿ ਅੱਜਕੱਲ੍ਹ ਏ.ਆਈ. ਦੀ ਵਰਤੋਂ ਜੀਵਨ ਦੇ ਲੱਗਭੱਗ ਹਰੇਕ ਖੇਤਰ ਵਿੱਚ ਹੋ ਰਹੀ ਹੈ ਅਤੇ ਪੰਜਾਬੀ ਭਾਸ਼ਾ ਦੀ ਤਰੱਕੀ ਲਈ ਇਸ ਦੀ ਵਰਤੋਂ ਕਰਨੀ ਸਮੇਂ ਦੀ ਲੋੜ ਹੈ। ਪਰ ਬੜੇ ਦੁੱਖ ਤੇ ਅਫ਼ਸੋਸ ਦੀ ਗੱਲ ਹੈ ਕਿ ਪੰਜਾਬੀ ਭਾਸ਼ਾ ਨੂੰ ਅੱਗੇ ਵਧਾਉਣ ਲਈ ਨਾ ਤਾਂ ਸਾਡੀਆਂ ਸਰਕਾਰਾਂ ਵੱਲੋਂ ਕੋਈ ਠੋਸ ਕਦਮ ਉਠਾਏ ਜਾ ਰਹੇ ਅਤੇ ਨਾ ਹੀ ਸਾਡੀਆਂ ਸਾਹਿਤ ਸਭਾਵਾਂ ਇਸ ਪਾਸੇ ਕੋਈ ਵਿਸ਼ੇਸ਼ ਧਿਆਨ ਦੇ ਰਹੀਆਂ ਹਨ। ਲਹਿੰਦੇ ਪੰਜਾਬ ਦੇ ਸਕੂਲਾਂ ਵਿੱਚ ਪੰਜਾਬੀ ਲਾਜ਼ਮੀ ਵਿਸ਼ੇ ਵਜੋਂ ਲਾਗੂ ਕਰਨ ਨੂੰ 'ਸ਼ੁਭ-ਸ਼ਗਨ' ਕਰਾਰ ਦਿੰਦਿਆਂ ਉਨ੍ਹਾਂ ਕਿਹਾ ਕਿ ਇਸ ਦਿਸ਼ਾ ਵਿੱਚ ਅਜੇ ਬਹੁਤ ਕੰਮ ਕਰਨ ਦੀ ਲੋੜ ਹੈ। ਪੰਜਾਬੀ ਭਾਸ਼ਾ ਵਿੱਚ ਹੋਰ ਸ਼ਬਦਾਂ ਦੇ ਰਲੇਵੇਂ ਦੀ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਚੜ੍ਹਦੇ ਪੰਜਾਬ ਵਿੱਚ ਪੰਜਾਬੀ ਗੁਰਮੁਖੀ ਵਿੱਚ ਲਿਖੀ ਜਾ ਰਹੀ ਸੰਸਕ੍ਰਿਤ ਹੈ ਅਤੇ ਲਹਿੰਦੇ ਪੰਜਾਬ 'ਚ ਇਸ ਵਿੱਚ ਉਰਦੂ ਅੱਖਰਾਂ ਦਾ ਬੋਲ-ਬਾਲਾ ਹੈ। ਉਨ੍ਹਾਂ ਹੋਰ ਕਿਹਾ ਕਿ ਇਹ ਵੀ ਸਾਡਾ ਭਰਮ ਹੀ ਹੈ ਕਿ ਪਵਿੱਤਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਹੁੰਦਿਆਂ ਪੰਜਾਬੀ ਬੋਲੀ ਨੂੰ ਕੋਈ ਖ਼ਤਰਾ ਨਹੀਂ ਹੈ, ਕਿਉਂਕਿ ਸਾਡੀਆਂ ਅਗਲੀਆਂ ਪੀੜ੍ਹੀਆਂ ਗੁਰੂ ਗ੍ਰੰਥ ਸਾਹਿਬ ਵੀ ਅੰਗਰੇਜ਼ੀ ਵਿੱਚ ਹੀ ਪੜ੍ਹ ਰਹੀਆਂ ਹਨ ਅਤੇ ਉਹ ਪੰਜਾਬੀ ਮਾਂ-ਬੋਲੀ ਤੋਂ ਬਹੁਤ ਦੂਰ ਹੁੰਦੀਆਂ ਜਾ ਰਹੀਆਂ ਹਨ।

ਉਪਰੰਤ, ਸੁਆਲਾਂ-ਜੁਆਬਾਂ ਦੇ ਸੈਸ਼ਨ ਵਿੱਚ ਉਨ੍ਹਾਂ ਨੂੰ ਕਹਾਣੀ ਲੇਖਕ ਮੇਜਰ ਮਾਂਗਟ, ਪ੍ਰੋ. ਜਗੀਰ ਸਿੰਘ ਕਾਹਲੋਂ, ਡਾ. ਸੁਖਦੇਵ ਸਿੰਘ ਝੰਡ, ਰਾਜਕੁਮਾਰ ਓਸ਼ੋਰਾਜ, ਜੰਮੂ ਤੋਂ ਡਾ. ਸਨੋਬਰ ਚਿੱਬ, ਸੁਰਿੰਦਰਜੀਤ ਕੌਰ ਅਤੇ ਪ੍ਰੋ. ਆਂਚਲ ਅਰੋੜਾ ਵੱਲੋਂ ਪੰਜਾਬੀ ਦੇ ਰੋਜ਼ਗਾਰ ਦੀ ਭਾਸ਼ਾ ਬਣਨ, ਵਿਗਿਆਨ ਤੇ ਤਕਨਾਲੌਜੀ ਦੇ ਸਿਲੇਬਸਾਂ ਤੇ ਹੋਰ ਵਿਸ਼ਿਆਂ ਦੀਆਂ ਪੁਸਤਕਾਂ ਪੰਜਾਬੀ ਵਿੱਚ ਉਪਲੱਭਧ ਨਾ ਹੋਣ, ਕੋਈ ਸਰਬ-ਪ੍ਰਵਾਨਿਤ ਪੰਜਾਬੀ ਫੌਂਟ ਨਾ ਹੋਣ, ਪੰਜਾਬੀ ਬੋਲੀ ਨੂੰ ਧਰਮ ਨਾਲੋਂ ਨਿਖੇੜਨ, ਕਚਹਿਰੀਆਂ ਵਿੱਚ ਪੰਜਾਬੀ ਭਾਸ਼ਾ ਦੀ ਵਰਤੋਂ ਕਰਨ ਅਤੇ ਪੰਜਾਬੀਆਂ ਦੇ ਵਿਦੇਸ਼ਾਂ ਵੱਲ ਵਹੀਰਾਂ ਘੱਤਣ ਬਾਰੇ ਕੀਤੇ ਗਏ ਸੁਆਲਾਂ ਦੇ ਜੁਆਬ ਬੜੇ ਠਰ੍ਹੰਮੇ ਨਾਲ ਵਿਸਥਾਰ ਪੂਰਵਕ ਦਿੱਤੇ ਗਏ। ਇਸ ਦੌਰਾਨ ਲਾਹੌਰ ਤੋਂ ਇਸ ਸਮਾਗਮ ਨਾਲ ਜੁੜੇ ਅਹਿਮਦ ਰਜ਼ਾ ਜੋ ਲਹਿੰਦੇ ਪੰਜਾਬ ਵਿੱਚ ਸਕੂਲਾਂ ਵਿੱਚ ਪੰਜਾਬੀ ਲਾਗੂ ਕਰਵਾਉਣ ਅਤੇ ਸਰਕਾਰੀ ਦਫ਼ਤਰਾਂ ਦੇ ਕੰਮ-ਕਾਜ ਲਈ ਪੰਜਾਬੀ ਦੀ ਵਰਤੋਂ ਕਰਨ ਸਬੰਧੀ ਆਪਣੇ ਸਾਥੀਆਂ ਨਾਲ ਮਿਲ਼ ਕੇ ਸੰਘਰਸ਼ ਕਰ ਰਹੇ ਹਨ, ਨੇ ਅੰਤਰਰਾਸ਼ਟਰੀ ਪੱਧਰ 'ਤੇ ਪੰਜਾਬੀ ਬੋਲੀ ਨੂੰ ਉੱਚਾ ਚੁੱਕਣ ਲਈ ਸਾਂਝੇ ਯਤਨਾਂ ਦੀ ਲੋੜ ਉੱਪਰ ਜ਼ੋਰ ਦਿੰਦਿਆਂ ਕਿਹਾ ਕਿ ਇਸ ਦੇ ਲਈ ਵੱਖ-ਵੱਖ ਦੇਸ਼ਾਂ ਪੰਜਾਬੀ ਬੋਲੀ ਬੋਲਣ ਵਾਲੇ ਪੰਜਾਬੀਆਂ ਦੀ 'ਤਾਲ-ਮੇਲ ਕਮੇਟੀ' ਹੋਣੀ ਚਾਹੀਦੀ ਹੈ ਜੋ ਇਸ ਦਿਸ਼ਾ ਵਿੱਚ ਕੰਮ ਕਰਨਾ ਸ਼ੁਰੂ ਕਰੇ। ਉਨ੍ਹਾਂ ਕਿਹਾ ਕਿ ਅੰਤਰਰਾਸ਼ਟਰੀ ਪੱਧਰ 'ਤੇ ਵੇਖਿਆ ਜਾਏ ਤਾਂ ਦੁਨੀਆਂ ਦੇ ਵੱਖ-ਵੱਖ ਦੇਸ਼ਾਂ ਵਿੱਚ ਵੱਸਦੇ 20 ਕਰੋੜ ਪੰਜਾਬੀ 'ਗਲੋਬਲ-ਵਰਲਡ' ਦਾ ਵੱਡਾ ਹਿੱਸਾ ਬਣਦੇ ਹਨ, ਪਰ ਅਫ਼ਸੋਸ ਦੀ ਗੱਲ ਹੈ ਕਿ ਅਸੀਂ ਪੰਜਾਬੀ ਇਕੱਠੇ ਨਹੀਂ ਹੁੰਦੇ।

ਸਮਾਗਮ ਦੇ ਦੂਸਰੇ ਸੈਸ਼ਨ ਵਿੱਚ ਹੋਏ ਕਵੀ-ਦਰਬਾਰ ਦਾ ਸੰਚਾਲਨ ਡਾ. ਜਗਮੋਹਨ ਸੰਘਾ ਵੱਲੋਂ ਕੀਤਾ ਗਿਆ ਜਿਸ ਦੇ ਆਰੰਭ ਵਿੱਚ ਉਨ੍ਹਾਂ ਵੱਲੋਂ ਜੰਮੂ ਤੋ ਡਾ. ਸਨੋਬਰ ਚਿੱਬ ਨੂੰ ਆਪਣੀ ਰਚਨਾ ਪੇਸ਼ ਕਰਨ ਲਈ ਬੇਨਤੀ ਕੀਤੀ ਗਈ, ਜਿਨ੍ਹਾਂ ਉਨ੍ਹਾਂ ਵੱਲੋਂ ਅੰਤਰਰਾਸ਼ਟਰੀ ਮਾਂ-ਬੋਲੀ ਨਾਲ ਸਬੰਧਿਤ ਖ਼ੂਬਸੂਰਤ ਕਵਿਤਾ ਸੁਣਾਈ ਗਈ। ਫਿਰ ਵਾਰੋ-ਵਾਰੀ ਕਵਿਤਾ ਸ਼ਰਮਾ, ਆਂਚਲ ਅਰੋੜਾ, ਰੀਵਾ ਦਰਿਆ, ਜਸਵਿੰਦਰ ਕੌਰ, ਇਕਬਾਲ ਬਰਾੜ, ਜਸਵਿੰਦਰ ਸਿੰਘ ਝਬਾਲ, ਲਹਿੰਦੇ ਪੰਜਾਬ ਤੋਂ ਨਦੀਮ ਅਫ਼ਜ਼ਲ ਤੇ ਰਖ਼ਸ਼ੰਦਾ ਨਵੀਦ, ਕਰਨ ਅਜਾਇਬ ਸਿੰਘ ਸੰਘਾ, ਤਲਵਿੰਦਰ ਮੰਡ, ਜੱਸੀ ਭੁੱਲਰ, ਸੁਖਚਰਨਜੀਤ ਕੌਰ ਗਿੱਲ, ਸੁਰਿੰਦਰਜੀਤ ਕੌਰ, ਰਾਜਕੁਮਾਰ ਓਸ਼ੋਰਾਜ, ਸਤਿੰਦਰ ਓਠੀ, ਸੁਖਦੇਵ ਸਿੰਘ ਝੰਡ ਤੇ ਹੋਰਨਾਂ ਵੱਲੋਂ ਅੰਤਰਰਾਸ਼ਟਰੀ ਮਾਂ-ਬੋਲੀ ਦਿਵਸ, ਮਾਂ ਦੇ ਅਨਮੋਲ ਪਿਆਰ, ਭਰੂਣ-ਹੱਤਿਆ ਅਤੇ ਹੋਰ ਕਈ ਵਿਸ਼ਿਆਂ ਨਾਲ ਸਬੰਧਿਤ ਆਪਣੀਆਂ ਕਵਿਤਾਵਾਂ ਤੇ ਗੀਤ ਪੇਸ਼ ਕੀਤੇ ਗਏ।

ਸਮਾਗਮ ਦੇ ਅਖ਼ੀਰ ਵਿੱਚ ਸਭਾ ਦੇ ਚੇਅਰਪਰਸਨ ਕਰਨ ਅਜਾਇਬ ਸਿੰਘ ਸੰਘਾ ਵੱਲੋਂ ਸਮਾਗਮ ਦੇ ਮੁੱਖ-ਬੁਲਾਰੇ ਡਾ. ਜੋਗਾ ਸਿੰਘ ਵਿਰਕ ਅਤੇ ਦੇਸ਼-ਵਿਦੇਸ਼ ਤੋਂ ਜੁੜੇ ਸਮੂਹ ਮਹਿਮਾਨਾਂ ਤੇ ਮੈਂਬਰਾਂ ਦਾ ਬੜੇ ਭਾਵਪੂਰਤ ਸ਼ਬਦਾਂ ਵਿੱਚ ਧੰਨਵਾਦ ਕੀਤਾ ਗਿਆ। ਸਰੋਤਿਆਂ ਦੇ ਰੂਪ ਵਿੱਚ ਇਸ ਜ਼ੂਮ-ਸਮਾਗਮ ਵਿੱਚ ਪਰਮਜੀਤ ਸਿੰਘ ਢਿੱਲੋਂ, ਹਰਦਿਆਲ ਸਿੰਘ ਝੀਤਾ, ਇੰਜ. ਈਸ਼ਰ ਸਿੰਘ ਚਾਹਲ, ਪ੍ਰੋ. ਪਵਨ ਖਿੱਚੀ, ਸੁਜਾਨ ਸਿੰਘ ਸੁਜਾਨ, ਰਮਿੰਦਰ ਵਾਲੀਆ, ਹਰਭਜਨ ਕੌਰ ਗਿੱਲ, ਨੀਨਾ ਅਨੇਜਾ, ਰੂਪ ਸਾਗਰ ਤੇ ਕਈ ਹੋਰਨਾਂ ਵੱਲੋਂ ਬਹੁਤ ਵਧੀਆ ਸ਼ਮੂਲੀਅਤ ਕੀਤੀ ਗਈ।

# ਬਠਿੰਡਾ DC ਦਫ਼ਤਰ ਵੱਲ ਧਰਨਾ ਦੇਣ ਜਾ ਰਹੇ ਕਿਸਾਨਾਂ ਨੂੰ ਪੁਲਿਸ ਨੇ ਰੋਕਿਆ

ਸਮਾਣਾ ਤੋਂ ਬਠਿੰਡਾ ਡੀਸੀ ਦਫ਼ਤਰ ਵੱਲ ਧਰਨਾ ਦੇਣ ਜਾ ਰਹੇ ਕਿਸਾਨਾਂ 'ਤੇ ਪੁਲਿਸ ਵੱਲੋਂ ਵੱਡੀ ਕਾਰਵਾਈ ਕੀਤੀ ਗਈ। ਪੁਲਿਸ ਵੱਲੋਂ ਕਿਸਾਨਾਂ ਨੂੰ ਸਮਾਣਾ-ਭਵਾਨੀਗੜ੍ਹ ਰੋਡ 'ਤੇ ਪਿੰਡ ਗਾਜੇਵਾਸ ਦੇ ਅੱਡੇ ਨੇੜੇ ਹੀ ਰੋਕ ਲਿਆ ਗਿਆ। ਪੁਲਿਸ ਨੇ ਮਿੱਟੀ ਨਾਲ ਭਰੇ ਟਿੱਪਰ ਟਰੱਕ ਸੜਕ 'ਤੇ ਖੜੇ ਕਰਕੇ ਰਸਤਾ ਬੰਦ ਕਰ ਦਿੱਤਾ। ਇਹ ਧਰਨਾ ਭਾਰਤੀ ਕਿਸਾਨ ਯੂਨੀਅਨ ਉਗਰਾਹਾਂ ਵੱਲੋਂ ਲਗਾਇਆ ਜਾਣਾ ਸੀ। ਦੱਸਿਆ ਜਾ ਰਿਹਾ ਹੈ ਕਿ ਕਿਸਾਨ, ਜੋ ਕਿ ਉਗਰਾਹਾ ਗਰੁੱਪ ਦੇ ਵਰਕਰ ਸਨ, ਪਹਿਲਾਂ ਪਿੰਡ ਦੇ ਗੁਰਦੁਆਰੇ ਵਿੱਚ ਇਕੱਠੇ ਹੋਏ ਸਨ। ਇਸ ਦੌਰਾਨ ਪੁਲਿਸ ਨਾਲ ਥੋੜ੍ਹੀ ਖਿੱਚਤਾਣ ਵੀ ਹੋਈ। ਬਾਅਦ ਵਿੱਚ ਜਦੋਂ ਕਿਸਾਨ ਸੜਕ 'ਤੇ ਆਏ ਤਾਂ ਪੁਲਿਸ ਨੇ ਉਨ੍ਹਾਂ ਨੂੰ ਅੱਗੇ ਜਾਣ ਤੋਂ ਰੋਕਣ ਲਈ ਟਿੱਪਰ ਟਰੱਕ ਲਾ ਕੇ ਰਸਤਾ ਬੰਦ ਕਰ ਦਿੱਤਾ। ਕਿਸਾਨਾਂ ਦਾ ਕਹਿਣਾ ਹੈ ਕਿ ਉਹ ਸ਼ਾਂਤੀਪੂਰਨ ਢੰਗ ਨਾਲ ਬਠਿੰਡਾ ਡੀਸੀ ਦਫ਼ਤਰ ਅੱਗੇ ਧਰਨਾ ਦੇਣ ਜਾ ਰਹੇ ਸਨ ਅਤੇ ਆਪਣੇ ਸਾਥੀਆਂ ਦੀ ਰਿਹਾਈ ਦੀ ਮੰਗ ਕਰ ਰਹੇ ਸਨ, ਜਿਨ੍ਹਾਂ ਨੂੰ ਪੁਲਿਸ ਨੇ ਹਿਰਾਸਤ ਵਿੱਚ ਲਿਆ ਹੋਇਆ ਹੈ। ਕਿਸਾਨਾਂ ਨੇ ਦੋਸ਼ ਲਗਾਇਆ ਕਿ ਪੁਲਿਸ ਨੇ ਉਨ੍ਹਾਂ ਨੂੰ ਗੁਰਦੁਆਰੇ ਵਿੱਚ ਘੇਰਿਆ ਅਤੇ ਕੁਝ ਕਿਸਾਨਾਂ ਨੂੰ ਹਿਰਾਸਤ ਵਿੱਚ ਲੈ ਲਿਆ। ਉੱਧਰ, ਸੜਕ ਬੰਦ ਹੋਣ ਕਾਰਨ ਆਮ ਲੋਕਾਂ ਨੂੰ ਵੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ। ਸੰਗਰੂਰ, ਪਾਤੜਾਂ, ਕੈਥਲ ਤੇ ਕੁਰੂਕਸ਼ੇਤਰ ਵੱਲ ਜਾਣ ਵਾਲੇ ਯਾਤਰੀਆਂ ਨੂੰ ਲੰਮਾ ਜਾਮ ਝੇਲਣਾ ਪਿਆ ਅਤੇ ਖਾਸ ਕਰਕੇ ਬਜ਼ੁਰਗਾਂ ਨੂੰ ਦਿੱਕਤ ਆਈ।

# ਪੀ.ਸੀ.ਐੱਚ.ਐੱਸ. ਕਮਿਊਨਿਟੀ ਸਰਵਿਸਿਜ਼ ਦੇ ਸ਼ੁੱਕਰਵਾਰ ਗਰੁੱਪ ਨੇ ਮਨਾਇਆ 'ਵੈਲਨਟਾਈਨ-ਡੇਅ'





ਬਰੈਂਪਟਨ, (ਡਾ.ਝੰਡ): ਸੰਤ ਵੈਲਨਟਾਈਨ ਦੇ ਨਾਂ 'ਤੇ ਹਰ ਸਾਲ 14 ਫ਼ਰਵਰੀ ਨੂੰ ਮਨਾਏ ਜਾਂਦੇ 'ਵੈਲਨਟਾਈਨ ਡੇਅ' ਨੂੰ 'ਪੰਜਾਬੀ ਕਮਿਊਨਿਟੀ ਹੈੱਲਥ ਸਰਵਿਸਿਜ਼' ਦੇ ਸ਼ੁੱਕਰਵਾਰ ਵਾਲੇ ਗਰੁੱਪ ਨੇ ਲੰਘੇ ਸ਼ੁੱਕਰਵਾਰ 13 ਫ਼ਰਵਰੀ ਨੂੰ ਆਪਣੇ ਹਫ਼ਤਾਵਾਰੀ ਪ੍ਰੋਗਰਾਮ ਦੌਰਾਨ ਇਕ ਦਿਨ ਪਹਿਲਾਂ ਹੀ ਮਨਾ ਲਿਆ। ਇਸ ਦਿਨ ਨੂੰ ਮਨਾਉਣ ਲਈ ਇਸ ਗਰੁੱਪ ਦੇ ਮੈਂਬਰਾਂ ਤੇ ਸੰਚਾਲਕਾਂ ਦੀ ਪਹਿਲਾਂ ਹੀ ਤਿਆਰੀ ਸੀ ਅਤੇ ਪ੍ਰੋਗਰਾਮ ਦੇ ਸੰਚਾਲਕਾਂ ਨੇ ਮੀਟਿੰਗ-ਹਾਲ ਨੂੰ ਫੁੱਲਾਂ, ਬਿਜਲਈ ਲਾਈਟਾਂ ਅਤੇ ਤਸਵੀਰਾਂ ਨਾਲ ਸਜਾਇਆ ਹੋਇਆ ਸੀ। ਪ੍ਰੋਗਰਾਮ ਦੀ ਕੋਆਰਡੀਨੇਟਰ ਮੈਡਮ ਸ਼ੀਤਲ ਵੱਲੋਂ 'ਵੈਲਨਟਾਈਨ ਡੇਅ' ਨਾਲ ਜੁੜੀ ਗਰੁੱਪ ਦੇ ਮੈਂਬਰਾਂ ਦੀ ਇਸ ਵਿਸ਼ੇਸ਼ ਇਕੱਤਰਤਾ ਦੇ ਸਬੰਧ ਵਿੱਚ ਆਰੰਭਕ ਸ਼ਬਦ ਕਹਿਣ ਤੋਂ ਬਾਅਦ ਪ੍ਰੋ. ਜਗੀਰ ਸਿੰਘ ਕਾਹਲੋਂ ਨੇ 'ਵੈਲਨਟਾਈਨ-ਦਿਨ' ਦੀ ਸ਼ੁਰੂਆਤ ਅਤੇ ਇਸ ਮਹੱਤਤਾ ਬਾਰੇ ਸੰਖੇਪ ਵਿੱਚ ਦੱਸਦਿਆਂ ਕਿਹਾ ਕਿ 'ਰੋਮ ਐਂਪਾਇਰ' ਵਿੱਚ ਇਹ ਦਿਨ 14 ਫ਼ਰਵਰੀ ਨੂੰ ਸੰਤ ਵੈਲਨਟਾਈਨ ਵੱਲੋਂ ਵਿਆਹ ਦੀ ਸਮਾਜਿਕ ਤੇ ਧਾਰਮਿਕ ਪਰੰਪਰਾ ਉੱਪਰ ਜ਼ੋਰ ਦੇਣ ਲਈ ਮਨਾਉਣਾ ਸ਼ੁਰੂ ਕੀਤਾ ਗਿਆ ਸੀ, ਜਿਸ ਦੇ ਲਈ ਉਨ੍ਹਾਂ ਨੂੰ ਆਪਣੀ ਜਾਨ ਦੀ ਕੁਰਬਾਨੀ ਦੇਣੀ ਪਈ। ਦਰਅਸਲ, ਉਦੋਂ ਲੜਾਈ ਸਮੇਂ ਬਾਲ-ਬੱਚਿਆਂ ਦੀ ਚਿੰਤਾ ਹੋਣ ਕਾਰਨ ਫ਼ੌਜੀਆਂ ਨੂੰ ਵਿਆਹ ਕਰਵਾਉਣ ਦੀ ਆਗਿਆ ਨਹੀਂ ਦਿੱਤੀ ਜਾਂਦੀ ਸੀ। ਨਤੀਜੇ ਵਜੋਂ, ਹੌਲ਼ੀ-ਹੌਲ਼ੀ ਵਿਆਹ ਨਾ ਕਰਾਉਣ ਦਾ ਰਿਵਾਜ ਹੀ ਚੱਲ ਪਿਆ ਸੀ ਜਿਸਦੀ ਸੰਤ ਵੈਲਨਟਾਈਨ ਵੱਲੋਂ ਵਿਰੋਧਤਾ ਕੀਤੀ ਗਈ ਅਤੇ ਉਨ੍ਹਾਂ ਵੱਲੋਂ ਆਪਣੇ ਹੱਥੀ ਇੱਕ ਫ਼ੌਜੀ ਦਾ ਵਿਆਹ ਕੀਤਾ ਗਿਆ। ਸਮੇਂ ਦੀ ਸਰਕਾਰ ਨੂੰ ਇਹ ਮਨਜ਼ੂਰ ਨਹੀਂ ਸੀ ਅਤੇ ਉਸਦੇ ਵੱਲੋਂ ਉਨ੍ਹਾਂ ਨੂੰ ਮੌਤ ਦੀ ਸਜ਼ਾ ਦਿੱਤੀ ਗਈ। ਫਿਰ ਸਮਾਂ ਪਾ ਕੇ ਇਹ ਦਿਨ ਸੱਭਿਆਰਕ ਜਸ਼ਨਾਂ ਦਾ ਰੂਪ ਧਾਰ ਗਿਆ ਅਤੇ ਹੁਣ ਇਹ ਦਿਨ ਪੂਰਨ ਤੌਰ 'ਤੇ ਵਿਹਾਰਕ ਤੇ ਵਪਾਰਿਕ ਬਣ ਗਿਆ ਹੈ। ਡਾ. ਸੁਖਦੇਵ ਸਿੰਘ ਝੰਡ ਨੇ ਇਸ ਮੌਕੇ ਬੋਲਦਿਆਂ ਕਿਹਾ ਕਿ ਵੈਲਨਟਾਈਨ-ਡੇਅ ਪੱਛਮੀ ਸੱਭਿਅਤਾ ਦੀ ਉਪਜ ਹੈ। ਬੇਸ਼ਕ, ਇਸ ਦੀ ਸ਼ੁਰੂਆਤ ਇੱਕ ਚੰਗੇ ਸਮਾਜਿਕ ਕਾਰਜ ਲਈ ਸੀ, ਪਰ ਹੁਣ ਇਸ ਦਿਨ ਉਹ ਮਹੱਤਤਾ ਨਹੀਂ ਹੈ, ਸਗੋਂ ਇਹ ਦਿਨ ਅੱਜਕੱਲ੍ਹ ਨੌਜੁਆਨ ਲੜਕੇ-ਲੜਕੀਆਂ ਦੇ ਲਈ 'ਮੌਜ-ਮਸਤੀਆਂ' ਵਾਲਾ ਦਿਨ ਬਣ ਕੇ ਰਹਿ ਗਿਆ ਹੈ ਅਤੇ ਉਹ ਇਸ ਦਿਨ ਇੱਕ ਦੂਸਰੇ ਨੂੰ ਗੁਲਾਬ ਦੇ ਫੁੱਲਾਂ ਵਾਲੀਆਂ ਟਾਹਣੀਆਂ ਭੇਟ ਕਰਕੇ ਕਈ 'ਸਮਾਜਿਕ ਖੁੱਲ੍ਹਾਂ' ਲੈਣ ਦੀ ਕੋਸ਼ਿਸ਼ ਕਰਦੇ ਹਨ। ਪੱਛਮ ਦੀ ਨਕਲ ਕਰਦਿਆਂ ਹੋਇਆਂ ਹੁਣ ਪੂਰਬ ਵੀ ਏਸੇ ਵਹਿਣ ਵਿੱਚ ਵਹਿ ਤੁਰਿਆ ਹੈ ਅਤੇ ਉੱਥੇ ਵੀ ਹੁਣ 'ਵੈਲਨਟਾਈਨ ਡੇਅ', 'ਫ਼ਾਦਰਜ਼-ਡੇਅ', 'ਮਦਰਜ਼ ਡੇਅ', 'ਫੈਮਿਲੀ-ਡੇਅ', ਆਦਿ ਪੱਛਮੀ ਦੇਸ਼ਾਂ ਵਾਂਗ ਹੀ ਮਨਾਏ ਜਾਣ ਲੱਗ ਪਏ ਹਨ। ਇਸ ਦੌਰਾਨ ਅਸ਼ੋਕ ਕੁਮਾਰ, ਹਰੀਸ਼ ਚੌਹਾਨ, ਰਾਜਿੰਦਰ ਸਿੰਘ ਸਰੋਏ, ਗੁਰਦੇਵ ਸਿੰਘ, ਸੁਰਿੰਦਰ ਸਿੰਘ ਗਾਂਧੀ, ਮਹਿੰਦਰ ਸਿੰਘ ਕੁੰਦੀ, ਯੱਗ ਦੱਤਾ ਅਤੇ ਕਈ ਹੋਰਨਾਂ ਵੱਲੋਂ ਇਸ ਦਿਨ ਬਾਰੇ ਆਪੋ-ਆਪਣੇ ਵਿਚਾਰ ਪੇਸ਼ ਕੀਤੇ ਗਏ। ਇਸ ਦੇ ਨਾਲ ਹੀ ਸ਼ਿਅਰੋ-ਸ਼ਾਇਰੀ ਦਾ ਦੌਰ ਵੀ ਚੱਲਿਆ ਅਤੇ ਗਰੁੱਪ ਦੀਆਂ ਔਰਤ-ਮੈਂਬਰਾਂ ਵਿੱਚੋਂ ਕਈਆਂ ਵੱਲੋਂ ਲੋਕ-ਗੀਤ ਤੇ ਹਾਸੇ-ਮਜ਼ਾਕ ਨਾਲ ਭਰਪੂਰ ਚੁਟਕਲੇ ਸੁਣਾਏ ਗਏ। ਮਿੱਠੇ ਅਤੇ ਨਮਕੀਨ ਖਾਧ-ਪਦਾਰਥਾਂ ਦੇ ਨਾਲ ਚਾਹ-ਪਾਣੀ ਛਕਣ ਤੋਂ ਬਾਅਦ ਟੀ.ਵੀ. ਉੱਪਰ ਲਗਾਏ ਗਏ ਹਿੰਦੀ ਫ਼ਿਲਮੀ ਗੀਤਾਂ ਉੱਪਰ ਨੱਚਣ-ਗਾਉਣ ਦਾ ਸਿਲਸਿਲਾ ਸ਼ੁਰੂ ਹੋ ਗਿਆ ਜਿਸ ਵਿੱਚ ਸ਼ਾਮਲ ਹੋ ਕੇ ਗਰੁੱਪ ਦੇ ਮੈਂਬਰਾਂ ਨੇ ਇਸ ਸ਼ੁਭ-ਮੌਕੇ ਨੂੰ ਬਹੁਤ ਵਧੀਆ ਤਰ੍ਹਾਂ ਮਾਣਿਆਂ।

# ਐੱਫ਼.ਸੀ.ਐੱਫ਼.ਸੀ. ਸੀਨੀਅਰਜ਼ ਕਲੱਬ ਦੇ ਮੈਂਬਰਾਂ ਨੇ ਮਿਲ ਕੇ 'ਵੈਲਨਟਾਈਨ-ਦਿਵਸ' ਮਨਾਇਆ



ਬਰੈਂਪਟਨ, (ਡਾ. ਝੰਡ) – ਲੰਘੇ ਐਤਵਾਰ 15 ਫ਼ਰਵਰੀ ਨੂੰ 'ਫ਼ਲਾਵਰ ਸਿਟੀ ਫ਼ਰੈਂਡਜ਼ ਕਲੱਬ' ਦੇ ਮੈਂਬਰਾਂ ਵੱਲੋਂ ਵੈਲਨਟਾਈਨ-ਦਿਵਸ ਪੂਰੇ ਚਾਅ ਤੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਮੌਕੇ ਸਥਾਨਕ ਪਾਲ ਪਲੈਸ਼ੀ ਰੀਕਰੀਏਸ਼ਨ ਸੈਂਟਰ ਵਿੱਚ ਹੋਏ ਖ਼ੁਸ਼ੀਆਂ ਭਰਪੂਰ ਸਮਾਗ਼ਮ ਵਿੱਚ ਕਲੱਬ ਦੇ 100 ਤੋਂ ਵਧੇਰੇ ਮੈਂਬਰ ਸ਼ਾਮਲ ਹੋਏ। ਰੰਗ-ਬਿਰੰਗੀਆਂ ਪੁਸ਼ਾਕਾਂ ਵਿੱਚ ਸਜੇ ਹੋਏ ਸਾਰੇ ਸੀਨੀਅਰ ਅੰਦਰੂਨੀ ਖ਼ੁਸ਼ੀ ਅਤੇ ਪੂਰੇ ਉਤਸ਼ਾਹ ਤੇ ਉਮਾਹ ਦਾ ਇਜ਼ਹਾਰ ਕਰ ਰਹੇ ਸਨ।

ਸਮਾਗਮ ਦੀ ਸ਼ੁਰੂਆਤ ਕਲੱਬ ਦੇ ਚੇਅਰਪਰਸਨ ਗਿਆਨ ਪਾਲ ਵੱਲੋਂ ਕਲੱਬ ਦੇ ਸਮੂਹ ਮੈਂਬਰਾਂ ਦਾ ਸੁਆਗ਼ਤ ਕਰਦੇ ਹੋਏ ਇਨ੍ਹਾਂ ਸ਼ਬਦਾਂ ਨਾਲ ਕੀਤੀ ਗਈ, "ਵੈਲਨਟਾਈਨ-ਦਿਵਸ ਕੇਵਲ ਰੋਮਾਂਸ ਦਾ ਦਿਨ ਹੀ ਨਹੀਂ ਹੈ, ਸਗੋਂ ਇਹ ਪਰਿਵਾਰਾਂ, ਦੋਸਤਾਂ-ਮਿੱਤਰਾਂ ਤੇ ਕਮਿਊਨਿਟੀਆਂ ਪ੍ਰਤੀ ਪਿਆਰ ਤੇ ਸਤਿਕਾਰ ਦਾ ਇਜ਼ਹਾਰ ਕਰਨ ਅਤੇ ਸ਼ੁਕਰਗੁਜ਼ਾਰ ਹੋਣ ਦੀਆਂ ਭਾਵਨਾਵਾਂ ਦਾ ਸੰਚਾਰ ਕਰਨਾ ਹੈ। ਆਪਣੀ ਇਸ ਐੱਫ਼.ਸੀ.ਐੱਫ਼.ਸੀ. ਕਲੱਬ ਵਿੱਚ ਅਸੀਂ ਆਪਣੇ ਸੀਨੀਅਰਾ ਸਾਥੀਆਂ ਨੂੰ ਸਮਾਜਿਕ ਤੇ ਭਾਵਨਾਤਮਿਕ ਤੌਰ 'ਤੇ ਜੋੜਨ ਅਤੇ ਦੋਸਤੀ ਦੇ ਮਾਹੌਲ ਵਿੱਚ ਵਿਚਰਨ ਦੀ ਕੋਸ਼ਿਸ਼ ਕਰਦੇ ਹਾਂ।"

ਬਰੈਂਪਟਨ ਦੀ ਰੀਜਨਲ ਕੌਂਸਲਰ ਰੋਵੀਨਾ ਸੰਤੋਸ ਵੱਲੋਂ ਇਸ ਸਮਾਗਮ ਵਿੱਚ ਮੁੱਖ-ਮਹਿਮਾਨ ਵਜੋਂ ਵਿਸ਼ੇਸ਼ ਤੌਰ 'ਤੇ ਹਾਜ਼ਰੀ ਲੁਆਈ ਗਈ। ਇਸ ਮੌਕੇ ਬੋਲਦਿਆਂ ਉਨ੍ਹਾਂ ਕਿਹਾ, "ਸੀਨੀਅਰਜ਼ ਵੱਲੋਂ ਇਹ ਸ਼ੁਭ-ਦਿਨ ਏਨੀ ਊਰਜਾ, ਸ਼ੌਕ ਅਤੇ ਉਤਸ਼ਾਹ ਨਾਲ ਮਨਾਉਂਦਿਆਂ ਹੋਇਆਂ ਵੇਖ ਕੇ ਮੈਨੂੰ ਬਹੁਤ ਵਧੀਆ ਲੱਗ ਰਿਹਾ ਹੈ। ਇਹ ਕਲੱਬ ਸੀਨੀਅਰਾਂ ਨੂੰ ਬੜੇ ਚੰਗੇ ਢੰਗ ਨਾਲ ਜੋੜਨ ਅਤੇ ਉਨ੍ਹਾਂ ਲਈ ਉਤਸ਼ਾਹ ਭਰਪੂਰ ਮਾਹੌਲ ਕਾਇਮ ਰੱਖਣ ਲਈ ਬੜੇ ਵਧੀਆ ਉਪਰਾਲੇ ਕਰ ਰਹੀ ਹੈ।" ਕਲੱਬ ਦੀਆਂ ਸਮੇਂ-ਸਮੇਂ ਕਰਵਾਈਆਂ ਜਾਂਦੀਆਂ ਸਰਗਰਮੀਆਂ ਦੀ ਉਨ੍ਹਾਂ ਬੱਲੋਂ ਭਾਰੀ ਸ਼ਲਾਘਾ ਕੀਤੀ ਗਈ।

ਇਸ ਮੌਕੇ ਹੋਏ ਵਰਾਇਟੀ ਪ੍ਰੋਗਰਾਮ ਵਿੱਚ ਕਲੱਬ ਦੇ ਮੈਂਬਰਾਂ ਵੱਲੋਂ ਸੋਲੋ ਗੀਤ, ਸੰਗੀਤ, ਪ੍ਰੇਮ-ਪਿਆਰ ਵਾਲੇ ਹਿੰਦੀ ਫ਼ਿਲਮੀ ਗਾਣੇ, ਗਰੁੱਪ-ਡਾਂਸ, ਕਪਲ-ਡਾਂਸ ਅਤੇ ਮਨੋਰੰਜਨ ਦੀਆਂ ਕਈ ਹੋਰ ਆਈਟਮਾਂ ਪੇਸ਼ ਕੀਤੀਆਂ ਗਈਆਂ। ਇਸ ਦੌਰਾਨ ਖ਼ੂਬ ਹਾਸਾ-ਮਖ਼ੌਲ ਵੀ ਚੱਲਦਾ ਰਿਹਾ। ਇਸ ਸਮੁੱਚੇ ਪ੍ਰੋਗਰਾਮ ਨੂੰ ਕਮਲ ਬਾਬਰਾ ਅਤੇ ਅਨੁਜ ਕਾਬੁਲੀ ਵੱਲੋਂ ਬਹੁਤ ਵਧੀਆ ਤਰਤੀਬ ਦੇ ਕੇ ਪੇਸ਼ ਕੀਤਾ ਗਿਆ। ਇਸ ਦਾ ਇੱਕ ਦਿਲਚਸਪ ਭਾਗ ਯੋਗਾ ਸੈਸ਼ਨ ਸੀ, ਜਿਸ ਨੂੰ ਅਨੁਜ ਕਾਬੁਲੀ ਨੇ ਬੌਲੀਵੁੱਡ ਫ਼ਿਲਮੀ ਸੰਗੀਤ ਦੇ ਨਾਲ ਮੇਚ ਕਰਕੇ ਬਾਖ਼ੂਬੀ ਨਿਭਾਇਆ।

ਕਲੱਬ ਦੀ ਪ੍ਰਧਾਨ ਜਸਵਿੰਦਰ ਦੈਂਦ ਵੱਲੋਂ ਕਲੱਬ ਦੇ ਸਮੂਹ ਮੈਂਬਰਾਂ ਦਾ ਇਸ ਸਮਾਗਮ ਨੂੰ ਸਫ਼ਲ ਬਨਾਉਣ ਲਈ ਧੰਨਵਾਦ ਕੀਤਾ ਗਿਆ। ਮੈਂਬਰਾਂ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ, "ਸਾਡੀ ਇਹ ਕਲੱਬ ਇੱਕ ਪਰਿਵਾਰ ਦੀ ਨਿਆਈਂ ਹੈ। ਇਸ ਵਿੱਚ ਮਨਾਏ ਜਾਂਦੇ ਇਸ ਤਰ੍ਹਾਂ ਦੇ ਉਤਸਵ ਸਾਡੇ ਸੀਨੀਅਰਾਂ ਵਿੱਚ ਨੇੜਤਾ ਪੈਦਾ ਕਰਕੇ ਉਨ੍ਹਾ ਦੇ ਇਕੱਲੇਪਨ ਨੂੰ ਦੂਰ ਰੱਖਦੇ ਹਨ। ਇਨ੍ਹਾਂ ਯਾਦਗਾਰੀ ਸਮਾਗਮਾਂ ਦੀਆਂ ਮਿੱਠੀਆਂ ਯਾਦਾਂ ਕਈ ਦੇਰ ਤੱਕ ਉਨ੍ਹਾਂ ਦੇ ਦਿਮਾਗ਼ਾਂ ਵਿੱਚ ਤਾਜ਼ੀਆਂ ਰਹਿੰਦੀਆਂ ਹਨ। ਮੈਂ ਇਹ ਸ਼ਾਨਦਾਰ ਸਮਾਗਮ ਰਚਾਉਣ ਲਈ ਸਾਰੇ ਮੈਂਬਰਾਂ ਅਤੇ ਵਾਲੰਟੀਅਰਾਂ ਦਾ ਦਿਲੀ ਧੰਨਵਾਦ ਕਰਦੀ ਹਾਂ।"

ਸਮਾਗਮ ਦੇ ਇਨ੍ਹਾਂ ਯਾਦਗਾਰੀ ਪਲਾਂ ਦੀ ਫ਼ੋਟੋਗ੍ਰਾਫ਼ੀ ਕਲੱਬ ਦੇ ਐਗਜ਼ੈਕਟਿਵ ਮੈਂਬਰ ਮਨਮੋਹਨ ਦੁੱਗਲ ਵੱਲੋਂ ਕੀਤੀ ਗਈ। ਉਨ੍ਹਾਂ ਵੱਲੋਂ ਇਸ ਮੌਕੇ ਲਈਆਂ ਗਈਆਂ ਤਸਵੀਰਾਂ ਇਸ ਸਮਾਗਮ ਨੂੰ ਚਿਰੰਜੀਵੀ ਬਣਾਈ ਰੱਖਣਗੀਆਂ। ਸਮਾਗਮ ਦੇ ਅਖ਼ੀਰ ਵਿੱਚ ਕਲੱਬ ਦੇ ਚੇਅਰਪਰਸਨ ਗਿਆਨ ਪਾਲ ਵੱਲੋਂ ਮੁੱਖ ਮਹਿਮਾਨ ਰੋਵੀਨਾ ਸੰਤੋਸ ਕਲੱਬ ਦੇ ਸਮੂਹ ਮੈਂਬਰਾਂ, ਕਲਾਕਾਰਾਂ ਅਤੇ ਵਾਲੰਟੀਅਰਾਂ ਦਾ ਧੰਨਵਾਦ ਕੀਤਾ ਗਿਆ। ਉਨ੍ਹਾਂ ਕਿਹਾ ਕਿ ਸਾਰਿਆਂ ਦੇ ਸਹਿਯੋਗ ਨਾਲ ਇਹ ਸ਼ਾਮ ਬਹੁਤ ਵਧੀਆ ਤੇ ਯਾਦਗਾਰੀ ਬਣ ਗਈ ਅਤੇ ਕਲੱਬ ਵੱਲੋਂ ਅੱਗੋਂ ਵੀ ਅਜਿਹੇ ਯਤਨ ਜਾਰੀ ਰੱਖੇ ਜਾਣਗੇ।









# ਮਨੁੱਖੀ ਸਰੀਰ ਦੇ ਹਾਰਮੋਨ

ਹਾਰਮੋਨ ਜੀਵ ਰਸਾਇਣਿਕ ਸੰਦੇਸ਼ਵਾਹਕ (biochemical messengers) ਹੁੰਦੇ ਹਨ ਜੋ ਮਨੁੱਖੀ ਸਰੀਰ ਦੀ ਲਗਭਗ ਹਰ ਜੈਵਿਕ ਪ੍ਰਕਿਰਿਆ ਨੂੰ ਨਿਯੰਤਰਿਤ ਕਰਦੇ ਹਨ। ਇਹ ਮੁੱਖ ਤੌਰ 'ਤੇ ਐਂਡੋਕ੍ਰਾਈਨ ਗ੍ਰੰਥੀਆਂ ਦੁਆਰਾ ਪੈਦਾ ਕੀਤੇ ਜਾਂਦੇ ਹਨ ਅਤੇ ਖੂਨ ਰਾਹੀਂ ਸਰੀਰ ਦੇ ਨਿਰਧਾਰਿਤ ਅੰਗਾਂ ਤੱਕ ਪਹੁੰਚ ਕੇ ਵਿਕਾਸ, ਮੈਟਾਬੋਲਿਜ਼ਮ, ਪ੍ਰਜਨਨ, ਮਨੋਦਸ਼ਾ, ਰੋਗ-ਰੋਧਕਤਾ ਅਤੇ ਹੋਮਿਓਸਟੇਸਿਸ ਨੂੰ ਪ੍ਰਭਾਵਿਤ ਕਰਦੇ ਹਨ। ਗਰਭ ਅਵਸਥਾ ਤੋਂ ਬੁਢਾਪੇ ਤੱਕ, ਹਾਰਮੋਨਾਂ ਦਾ ਸੰਤੁਲਨ ਸਰੀਰ ਦੀ ਬਣਤਰ, ਮੁਰੰਮਤ ਅਤੇ ਸੁਚਾਰੂ ਕਾਰਗੁਜ਼ਾਰੀ ਦੀ ਸਮਰੱਥਾ ਨਿਰਧਾਰਤ ਕਰਦਾ ਹੈ। ਆਧੁਨਿਕ ਇਲਾਜ਼ ਪ੍ਰਣਾਲੀ ਦੇ ਵਿਗਿਆਨ ਨੇ ਐਂਡੋਕ੍ਰਾਈਨ ਸਿਹਤ ਨੂੰ ਸਮੁੱਚੀ ਤੰਦਰੁਸਤੀ ਦਾ ਕੇਂਦਰੀ ਸਤੰਭ ਮੰਨਿਆ ਹੈ, ਕਿਉਂਕਿ ਹਾਰਮੋਨਾਂ ਦੀ ਗੜਬੜ ਕਈ ਬਿਮਾਰੀਆਂ ਨਾਲ ਜੁੜੀ ਹੋਈ ਹੈ।

**ਐਂਡੋਕ੍ਰਾਈਨ ਪ੍ਰਣਾਲੀ**

ਐਂਡੋਕ੍ਰਾਈਨ ਪ੍ਰਣਾਲੀ ਗ੍ਰੰਥੀਆਂ ਦਾ ਇੱਕ ਜਾਲ ਹੈ ਜੋ ਹਾਰਮੋਨ ਸਿੱਧੇ ਖੂਨ ਵਿੱਚ ਛੱਡਦੀਆਂ ਹਨ।



**ਮੁੱਖ ਐਂਡੋਕ੍ਰਾਈਨ ਗ੍ਰੰਥੀਆਂ:**

ਹਾਇਪੋਥੈਲਾਮਸ — ਨਰਵ ਪ੍ਰਣਾਲੀ ਅਤੇ ਐਂਡੋਕ੍ਰਾਈਨ ਪ੍ਰਣਾਲੀ ਨੂੰ ਜੋੜਣ ਵਾਲਾ ਨਿਊਰੋਐਂਡੋਕ੍ਰਾਈਨ ਨਿਯੰਤਰਣ ਕੇਂਦਰ।

ਪੀਟੂਟਰੀ ਗ੍ਰੰਥੀ — ਮਾਸਟਰ ਗ੍ਰੰਥੀ ਜੋ ਹੋਰ ਗ੍ਰੰਥੀਆਂ ਨੂੰ ਨਿਯੰਤਰਿਤ ਕਰਦੀ ਹੈ।

ਥਾਇਰਾਇਡ ਗ੍ਰੰਥੀ — ਮੈਟਾਬੋਲਿਕ ਦਰ ਅਤੇ ਊਰਜਾ ਉਤਪਾਦਨ ਨੂੰ ਨਿਯੰਤਰਿਤ ਕਰਦੀ ਹੈ।

ਪੈਰਾਥਾਇਰਾਇਡ ਗ੍ਰੰਥੀਆਂ — ਕੈਲਸ਼ੀਅਮ ਸੰਤੁਲਨ ਨੂੰ ਸੰਭਾਲਦੀਆਂ ਹਨ।

ਐਡ੍ਰੀਨਲ ਗ੍ਰੰਥੀਆਂ — ਤਣਾਅ ਪ੍ਰਤੀਕਿਰਿਆ, ਰੱਤ ਦਾ ਦਬਾਅ ਅਤੇ ਮੈਟਾਬੋਲਿਜ਼ਮ ਨੂੰ ਸੰਭਾਲਦੀਆਂ ਹਨ।

ਪੈਂਕਰੀਆਸ — ਖੂਨ ਵਿੱਚ ਗਲੂਕੋਜ਼ ਦੀ ਮਾਤਰਾ ਨੂੰ ਨਿਯੰਤਰਿਤ ਕਰਦਾ ਹੈ।

ਗੋਨਾਡਸ (ਅੰਡਾਸ਼ਯ ਅਤੇ ਵ੍ਰਿਸ਼ਣ) — ਪ੍ਰਜਨਨ ਕਾਰਜਾਂ ਨੂੰ ਨਿਯੰਤਰਿਤ ਕਰਦੇ ਹਨ।

ਹਾਰਮੋਨ ਖਾਸ ਰਿਸੈਪਟਰਾਂ ਰਾਹੀਂ ਕੰਮ ਕਰਦੇ ਹਨ ਅਤੇ ਕੋਸ਼ਿਕਾਵਾਂ ਅੰਦਰ ਐਸੀਆਂ ਪ੍ਰਕਿਰਿਆਵਾਂ ਚਾਲੂ ਕਰਦੇ ਹਨ ਜੋ ਜੀਨ ਬਣਤਰ, ਐਨਜ਼ਾਈਮ ਗਤੀਵਿਧੀ ਜਾਂ ਕੋਸ਼ਿਕਾ ਝਿੱਲੀ ਦੇ ਕਾਰਜ ਨੂੰ ਬਦਲ ਦਿੰਦੀਆਂ ਹਨ। ਬਹੁਤ ਥੋੜ੍ਹੀ ਮਾਤਰਾ ਵੀ ਗਹਿਰਾ ਪ੍ਰਭਾਵ ਪਾ ਸਕਦੀ ਹੈ, ਇਸ ਲਈ ਸੁਚੁੱਕ ਨਿਯੰਤਰਣ ਬਹੁਤ ਜ਼ਰੂਰੀ ਹੈ।

ਹਾਰਮੋਨਾਂ ਦੀ ਵਰਗੀਕਰਨ

ਪੈਪਟਾਈਡ ਅਤੇ ਪ੍ਰੋਟੀਨ ਹਾਰਮੋਨ

ਇਹ ਐਮੀਨੋ ਐਸਿਡਾਂ ਤੋਂ ਬਣੇ ਹੁੰਦੇ ਹਨ ਅਤੇ ਕੋਸ਼ਿਕਾਵਾਂ ਦੀ ਸਤ੍ਹਾ 'ਤੇ ਰਿਸੈਪਟਰਾਂ ਰਾਹੀਂ ਕੰਮ ਕਰਦੇ ਹਨ।

**ਉਦਾਹਰਨ:**

ਇੰਸੁਲਿਨ, ਗ੍ਰੋਥ ਹਾਰਮੋਨ, ਪ੍ਰੋਲੈਕਟਿਨ, ਆਕਸੀਟੋਸਿਨ

**ਕਾਰਜ:**

ਗਲੂਕੋਜ਼ ਮੈਟਾਬੋਲਿਜ਼ਮ ਦਾ ਨਿਯੰਤਰਣ,ਵਿਕਾਸ ਅਤੇ ਟਿਸ਼ੂ ਮੁਰੰਮਤ,ਦੁੱਧ ਸ੍ਰਾਵ ਅਤੇ ਮਾਤ੍ਰਤਵ ਵਰਤਾਅ,ਦ੍ਰਵ ਸੰਤੁਲਨ

ਸਟੀਰਾਇਡ ਹਾਰਮੋਨ।

ਇਹ ਕੋਲੇਸਟਰੋਲ ਤੋਂ ਬਣਦੇ ਹਨ ਅਤੇ ਕੋਸ਼ਿਕਾ ਝਿੱਲੀ ਪਾਰ ਕਰਕੇ ਜੀਨ ਬਣਤਰ ਨੂੰ ਪ੍ਰਭਾਵਿਤ ਕਰਦੇ ਹਨ।

**ਉਦਾਹਰਨ:**

ਕੋਰਟਿਸੋਲ, ਐਲਡੋਸਟੀਰੋਨ, ਈਸਟ੍ਰੋਜਨ, ਪ੍ਰੋਜੈਸਟ੍ਰੋਨ, ਟੈਸਟੋਸਟੇਰੋਨ

**ਕਾਰਜ:**

ਤਣਾਅ ਨਾਲ ਅਨੁਕੂਲਨ,ਲੂਣ ਅਤੇ ਪਾਣੀ ਦਾ ਸੰਤੁਲਨ,ਲਿੰਗੀ ਵਿਕਾਸ ਅਤੇ ਪ੍ਰਜਨਨ ਸਮਰੱਥਾ, ਸੋਜ਼ ਵਿਰੋਧੀ ਪ੍ਰਭਾਵ।

ਐਮੀਨ ਹਾਰਮੋਨ

ਇਹ ਇਕੱਲੇ ਐਮੀਨੋ ਐਸਿਡਾਂ (ਜਿਵੇਂ ਟਾਇਰੋਸੀਨ ਜਾਂ ਟ੍ਰਿਪਟੋਫੈਨ) ਤੋਂ ਬਣਦੇ ਹਨ।

**ਉਦਾਹਰਨ:**

ਥਾਇਰੋਕਸੀਨ (T4), ਟ੍ਰਾਈਆਇਓਡੋਥਾਇਰੋਨਿਨ (T3), ਐਡ੍ਰੇਨਲਿਨ, ਮੇਲਾਟੋਨਿਨ

**ਕਾਰਜ:**

ਮੈਟਾਬੋਲਿਕ ਦਰ ਦਾ ਨਿਯੰਤਰਣ,ਲੜੋ-ਜਾਂ-ਭੱਜੋ ਪ੍ਰਤੀਕਿਰਿਆ,ਨੀਂਦ-ਜਾਗਣ ਚੱਕਰ,ਮਨੋਦਸ਼ਾ ਅਤੇ ਚੌਕਸੀ

ਹਾਰਮੋਨਾਂ ਦੀ ਜੈਵਿਕ ਮਹੱਤਤਾ

ਮੈਟਾਬੋਲਿਜ਼ਮ ਅਤੇ ਊਰਜਾ ਸੰਤੁਲਨ

ਥਾਇਰਾਇਡ ਹਾਰਮੋਨ ਬੇਸਲ ਮੈਟਾਬੋਲਿਕ ਦਰ, ਆਕਸੀਜ਼ਨ ਖਪਤ ਅਤੇ ਗਰਮੀ ਉਤਪਾਦਨ ਨੂੰ ਨਿਯੰਤਰਿਤ ਕਰਦੇ ਹਨ। ਇੰਸੁਲਿਨ ਅਤੇ ਗਲੂਕਾਗੋਨ ਖ਼ੂਨ ਵਿੱਚ ਗਲੂਕੋਜ਼ ਦਾ ਸੰਤੁਲਨ ਬਣਾਈ ਰੱਖਦੇ ਹਨ।

ਵਿਕਾਸ ਅਤੇ ਵਿਕਾਸੀ ਪ੍ਰਕਿਰਿਆ

ਗ੍ਰੋਥ ਹਾਰਮੋਨ, ਥਾਇਰਾਇਡ ਹਾਰਮੋਨ ਅਤੇ ਲਿੰਗੀ ਹਾਰਮੋਨ ਸਰੀਰਕ ਪਕਾਵਟ, ਹੱਡੀਆਂ ਦੇ ਵਿਕਾਸ ਅਤੇ ਕਿਸ਼ੋਰ ਅਵਸਥਾ ਨੂੰ ਨਿਯੰਤਰਿਤ ਕਰਦੇ ਹਨ।

ਪ੍ਰਜਨਨ

ਈਸਟ੍ਰੋਜਨ, ਪ੍ਰੋਜੈਸਟ੍ਰੋਨ, ਟੈਸਟੋਸਟੇਰੋਨ, ਗੈਮੀਟ ਬਣਤਰ, ਮਾਸਿਕ ਚੱਕਰ, ਗਰਭਧਾਰਣ ਅਤੇ ਦੂਜੇ ਲਿੰਗੀ ਲੱਛਣਾਂ ਨੂੰ ਨਿਯੰਤਰਿਤ ਕਰਦੇ ਹਨ।

ਤਣਾਅ ਅਤੇ ਅਨੁਕੂਲਨ

ਕੋਰਟਿਸੋਲ ਅਤੇ ਐਡ੍ਰੇਨਲਿਨ ਤਣਾਅ ਸਮੇਂ ਊਰਜਾ ਜਾਰੀ ਕਰਦੇ ਹਨ ਅਤੇ ਦਿਲ-ਰੱਤ ਪ੍ਰਣਾਲੀ ਨੂੰ ਸਥਿਰ ਰੱਖਦੇ ਹਨ।

ਹੋਮਿਓਸਟੇਸਿਸ,ਏ ਡੀ ਐਚ, ਐਲਡੋਸਟੀਰੋਨ ਅਤੇ ਪੈਰਾਥਾਇਰਾਇਡ ਹਾਰਮੋਨ ਪਾਣੀ ਸੰਤੁਲਨ,ਰੱਤ ਦਬਾਅ ਅਤੇ ਖਣਿਜ ਪੱਧਰ ਨੂੰ ਸੰਭਾਲਦੇ ਹਨ।

ਹਾਰਮੋਨਾਂ ਦੀ ਘਾਟ ਅਤੇ ਸੰਬੰਧਤ ਬਿਮਾਰੀਆਂ

ਥਾਇਰਾਇਡ ਘਾਟ — ਹਾਈਪੋਥਾਇਰਾਇਡਿਜ਼ਮ

ਥਕਾਵਟ, ਵਜ਼ਨ ਵੱਧਣਾ, ਠੰਢ ਅਸਹਿਣਸ਼ੀਲਤਾ, ਸੁੱਕੀ ਚਮੜੀ, ਵਾਲ ਝੜਨਾ, ਡਿਪ੍ਰੈਸ਼ਨ।

ਬੱਚਿਆਂ ਵਿੱਚ ਵਿਕਾਸ ਅਤੇ ਬੁੱਧੀ 'ਤੇ ਅਸਰ

ਇੰਸੁਲਿਨ ਘਾਟ — ਟਾਈਪ 1 ਡਾਇਬਟੀਜ਼

ਖੂਨ ਵਿੱਚ ਸ਼ੱਕਰ ਵੱਧਣਾ, ਬਹੁਤ ਪਿਆਸ, ਵਾਰ-ਵਾਰ ਪੇਸ਼ਾਬ

ਕੀਟੋਐਸੀਡੋਸਿਸ ਦਾ ਖਤਰਾ

ਗ੍ਰੋਥ ਹਾਰਮੋਨ ਘਾਟ, ਬੱਚਿਆਂ ਵਿੱਚ ਵਾਧੇ ਦਾ ਰੁੱਕਣਾ, ਵੱਡਿਆਂ ਵਿੱਚ ਮਾਸਪੇਸ਼ੀਆਂ ਘੱਟਣਾ, ਚਰਬੀ ਵੱਧਣਾ

ਕੋਰਟਿਸੋਲ ਘਾਟ — ਐਡੀਸਨ ਬਿਮਾਰੀ

ਕਮਜ਼ੋਰੀ, ਘੱਟ ਬਲੱਡ ਪ੍ਰੈਸ਼ਰ, ਚਮੜੀ ਦਾ ਕਾਲਾਪਣ

ਇਲੈਕਟ੍ਰੋਲਾਈਟ ਗੜਬੜ

ਲਿੰਗੀ ਹਾਰਮੋਨ ਘਾਟ

ਪੁਰਸ਼ਾਂ ਵਿੱਚ ਮਰਦਾਨਾ ਤਾਕਤ ਦਾ ਘੱਟਣਾ, ਬਾਂਝਪਨ

ਮਹਿਲਾਵਾਂ ਵਿੱਚ ਮਾਸਿਕ ਗੜਬੜ, ਹੱਡੀਆਂ ਦੀ ਕਮਜ਼ੋਰੀ

ਹਾਰਮੋਨਾਂ ਦੀ ਅਧਿਕਤਾ ਨਾਲ ਰੋਗ

ਹਾਈਪਰਥਾਇਰਾਇਡਿਜ਼ਮ—ਵਜ਼ਨ ਘਟਣਾ, ਚਿੰਤਾ

ਕੁਸ਼ਿੰਗ ਸਿੰਡਰੋਮ—ਵੱਧ ਕੋਰਟਿਸੋਲ, ਮੋਟਾਪਾ, ਹਾਈ ਬਲੱਡ ਪ੍ਰੈਸ਼ਰ

ਐਕ੍ਰੋਮੇਗੇਲੀ —ਵੱਧ ਗ੍ਰੋਥ ਹਾਰਮੋਨ ਨਾਲ ਹੱਡੀਆਂ ਵੱਡੀਆਂ

ਹਾਈਪਰਇੰਸੁਲਿਨਿਜ਼ਮ —ਖੂਨ ਵਿੱਚ ਸ਼ੱਕਰ ਘੱਟਣਾ

ਆਹਾਰ, ਜੀਵਨਸ਼ੈਲੀ ਅਤੇ ਹਾਰਮੋਨ ਸਿਹਤ

ਹਾਰਮੋਨ ਖੁਰਾਕ ਤੋਂ ਸਿੱਧੇ ਤੌਰ 'ਤੇ ਪ੍ਰਾਪਤ ਨਹੀਂ ਹੁੰਦੇ ਕਿਉਂਕਿ ਪਚਨ ਦੌਰਾਨ ਟੁੱਟ ਜਾਂਦੇ ਹਨ, ਪਰ ਪੋਸ਼ਣ ਉਨ੍ਹਾਂ ਦੇ ਬਣਨ ਅਤੇ ਕੰਮ 'ਤੇ ਗਹਿਰਾ ਪ੍ਰਭਾਵ ਪਾਂਦਾ ਹੈ।

ਹਾਰਮੋਨ ਬਣਤਰ ਲਈ ਜ਼ਰੂਰੀ ਪੋਸ਼ਕ ਤੱਤ

ਸਿਹਤਮੰਦ ਚਰਬੀਆਂ — ਸਟੀਰਾਇਡ ਹਾਰਮੋਨਾਂ ਲਈ

ਸਰੋਤ: ਸੁੱਕੇ ਫਲ, ਬੀਜ, ਜ਼ੈਤੂਨ ਤੇਲ, ਮੱਛੀ

ਉੱਚ ਗੁਣਵੱਤਾ ਪ੍ਰੋਟੀਨ — ਪੈਪਟਾਈਡ ਹਾਰਮੋਨਾਂ ਲਈ

ਸਰੋਤ: ਅੰਡੇ, ਦਾਲਾਂ, ਦੁੱਧ ਉਤਪਾਦ

ਆਈਓਡਿਨ ਅਤੇ ਸੈਲੇਨੀਅਮ — ਥਾਇਰਾਇਡ ਲਈ

ਸਰੋਤ: ਆਈਓਡਾਈਜ਼ਡ ਨਮਕ, ਸਮੁੰਦਰੀ ਭੋਜਨ

ਜ਼ਿੰਕ ਅਤੇ ਮੈਗਨੀਸ਼ੀਅਮ

ਸਰੋਤ: ਮੋਟਾ ਅਨਾਜ, ਕੱਦੂ ਦੇ ਬੀਜ, ਪਾਲਕ, ਦਾਲਾਂ

ਹਾਰਮੋਨ ਸੰਤੁਲਨ ਲਈ ਲਾਭਕਾਰੀ ਭੋਜਨ

ਰੇਸ਼ੇ ਵਾਲੇ ਭੋਜਨ — ਇੰਸੁਲਿਨ ਸੰਵੇਦਨਸ਼ੀਲਤਾ ਵਧਾਉਂਦੇ

ਸਬਜ਼ੀਆਂ (ਬ੍ਰੋਕਲੀ, ਬੰਦਗੋਭੀ, ਫੁੱਲਗੋਭੀ) — ਈਸਟ੍ਰੋਜਨ ਮੈਟਾਬੋਲਿਜ਼ਮ ਵਿੱਚ ਮਦਦ

ਫਰਮੈਂਟਡ ਭੋਜਨ — ਅੰਤੜੀਆ ਮਾਈਕ੍ਰੋਬਾਇਓਟਾ ਸੁਧਾਰਦੇ

ਜੀਵਨਸ਼ੈਲੀ ਦੇ ਪ੍ਰਭਾਵ

ਨੀਂਦ — ਮੇਲਾਟੋਨਿਨ ਅਤੇ ਹੋਰ ਹਾਰਮੋਨ ਸੰਤੁਲਨ ਲਈ ਜ਼ਰੂਰੀ ਹੈ।

ਕਸਰਤ — ਇੰਸੁਲਿਨ ਸੰਵੇਦਨਸ਼ੀਲਤਾ ਅਤੇ ਗ੍ਰੋਥ ਹਾਰਮੋਨ ਵਧਾਉਂਦਾ ਹੈ।

ਤਣਾਅ ਪ੍ਰਬੰਧਨ — ਵੱਧ ਕੋਰਟਿਸੋਲ ਤੋਂ ਬਚਾਉਂਦਾ ਹੈ।

ਪ੍ਰਦੂਸ਼ਣ — ਰਸਾਇਣਿਕ ਪਦਾਰਥ ਹਾਰਮੋਨਾਂ ਦੀ ਨਕਲ ਜਾਂ ਰੁਕਾਵਟ ਪੈਦਾ ਕਰ ਸਕਦੇ ਹਨ।

ਜੀਵਨ ਦੇ ਵੱਖ-ਵੱਖ ਪੜਾਅ ਵਿੱਚ ਹਾਰਮੋਨ

ਬਚਪਨ — ਗ੍ਰੋਥ ਹਾਰਮੋਨ ਹਾਵੀ

ਕਿਸ਼ੋਰ ਅਵਸਥਾ — ਲਿੰਗੀ ਹਾਰਮੋਨਾਂ ਵਿੱਚ ਵਾਧਾ ।

ਵਿਆਸਕ ਅਵਸਥਾ — ਪ੍ਰਜਨਨ ਸਥਿਰਤਾ।

ਬੁਢ੍ਹਾਪਾ — ਹਾਰਮੋਨਾਂ ਵਿੱਚ ਘਾਟ।

ਇਹ ਬਦਲਾਅ ਸਰੀਰਕ ਬਣਤਰ, ਦਿਮਾਗੀ ਕਾਰਜ, ਹੱਡੀ ਦੀ ਮਜ਼ਬੂਤੀ ਅਤੇ ਰੋਗ ਖਤਰੇ ਨੂੰ ਪ੍ਰਭਾਵਿਤ ਕਰਦੇ ਹਨ।

ਹਾਰਮੋਨ ਸਰੀਰ ਵਿੱਚ ਸੰਚਾਰ ਦਾ ਇੱਕ ਜਟਿਲ ਜਾਲ ਬਣਾਉਂਦੇ ਹਨ ਜੋ ਜੀਵ ਵਿਗਿਆਨਕ ਸੰਤੁਲਨ ਨੂੰ ਬਣਾਈ ਰੱਖਦਾ ਹੈ। ਇਹ ਕੋਸ਼ਿਕਾਵਾਂ ਦੀ ਮੈਟਾਬੋਲਿਜ਼ਮ ਤੋਂ ਲੈ ਕੇ ਭਾਵਨਾਤਮਕ ਨਿਯੰਤਰਣ ਅਤੇ ਪ੍ਰਜਨਨ ਤੱਕ ਹਰ ਖੇਤਰ 'ਤੇ ਪ੍ਰਭਾਵ ਪਾਂਦੇ ਹਨ। ਹਾਰਮੋਨਾਂ ਦੀ ਘਾਟ ਜਾਂ ਵਾਧਾ ਦੋਵੇਂ ਹੀ ਗੰਭੀਰ ਰੋਗ ਪੈਦਾ ਕਰ ਸਕਦੇ ਹਨ, ਇਸ ਲਈ ਸੰਤੁਲਨ ਬਹੁਤ ਜ਼ਰੂਰੀ ਹੈ। ਸਹੀ ਆਹਾਰ, ਕਸਰਤ, ਨੀਂਦ ਅਤੇ ਤਣਾਅ ਨਿਯੰਤਰਣ ਹਾਰਮੋਨਾਂ ਦੇ ਸੁਚਾਰੂ ਕੰਮ ਲਈ ਅਹਿਮ ਹਨ।

ਅਸਲ ਵਿੱਚ, ਹਾਰਮੋਨ ਸਿਰਫ਼ ਰਸਾਇਣ ਨਹੀਂ — ਇਹ ਉਹ ਜੈਵਿਕ ਭਾਸ਼ਾ ਹਨ ਜਿਸ ਰਾਹੀਂ ਸਰੀਰ ਜੀਵਨ ਨੂੰ ਕਾਇਮ ਰੱਖਦਾ, ਬਦਲਾਅ ਨਾਲ ਅਨੁਕੂਲ ਹੁੰਦਾ ਅਤੇ ਸਿਹਤ ਨੂੰ ਬਣਾਈ ਰੱਖਦਾ ਹੈ।



ਡਾ. ਸੁਰਿੰਦਰਪਾਲ ਸਿੰਘ
ਵਿਗਿਆਨ ਵਿਭਾਗ ਦੇ ਅਧਿਆਪਕ
ਸ੍ਰੀ ਅੰਮ੍ਰਿਤਸਰ ਸਾਹਿਬ, ਪੰਜਾਬ।

# ਖੁਸ਼ਬੂਦਾਰ ਮਾਊਥਫ੍ਰੈਸ਼ਨਰ ਖਾਣ ਵਾਲਿਓ ਸਾਵਧਾਨ !




"ਰਸਾਇਣਕ-ਅਧਾਰਤ ਮਾਊਥ ਫ੍ਰੈਸ਼ਨਰ ਕਰਨ ਨਾਲ ਗਲੇ 'ਚ ਜਲਣ, ਘਬਰਾਹਟ, ਪੇਟ ਦਰਦ, ਉਲਟੀ, ਬਦਹਜ਼ਮੀ, ਦੇ ਨਾਲ ਜ਼ਿਆਦਾ ਮਾਤਰਾ 'ਚ ਅਤੇ ਲਗਾਤਾਰ ਸੇਵਨ ਕਰਨ ਨਾਲ, ਚੱਕਰ ਆਉਣੇ, ਸਿਰ-ਪੀੜ, ਸਾਹ ਲੈਣ 'ਚ ਮੁਸ਼ਕਲ ਅਤੇ ਅੰਦਰੂਨੀ ਅੰਗਾਂ ਨੂੰ ਖ਼ਤਮ ਕਰਨ 'ਚ ਕੋਈ ਕਸਰ ਨਹੀਂ ਛੱਡਦੇ"- ਡਾ. ਅਨਿਲ ਧੀਰ, ਕਾਲਮਨਿਸਟ, ਪੀਐਫਏ ਕੈਨੇਡੀਅਨ ਰੈੱਡ ਕਰਾਸ. ਲੇਖਕ "ਹੈਲਥ ਅਲਰਟ ਸੀਰੀਜ਼" ਅਤੇ "ਸੈਲਫ- ਕੇਅਰ ਟਿੱਪਸ ਐਨਸਾਈਕਲੋਪੀਡੀਆ"

ਹੈਲਥ ਅਲਰਟ ਸੀਰੀਜ਼: (ਡਾ ਅਨਿਲ ਧੀਰ): ਅੱਜ ਵਿਸ਼ਵ ਭਰ 'ਚ ਹਿੰਦੁਸਤਾਨੀ ਮਾਊਥਫ੍ਰੈਸ਼ਨਰ ਪਹੁੰਚ ਚੁੱਕਾ ਹੈ। ਮਸ਼ਹੂਰ ਫਿਲਮੀ ਹਸਤੀਆਂ ਨੂੰ ਇੰਡਸਟਰੀ ਵਾਲੇ ਅਰਬਾਂ ਰੁਪਏ ਖਰਚ ਕਰਕੇ ਆਪਣੇ ਪ੍ਰਾਡਕਟ ਦੁਨੀਆ ਦੇ ਕੋਨੇ-ਕੋਨੇ ਤੱਕ ਪਹੁੰਚਾ ਰਹੇ ਹਨ। ਹਰ ਉਮਰ ਦਾ ਵਿਅਕਤੀ ਇਸਦਾ ਸ਼ੌਕੀਨ ਅਤੇ ਆਦੀ ਹੋ ਚੁੱਕਾ ਹੈ। ਇਹ ਦੇਸ਼ ਦੀ ਜਨਤਾ ਹੈਲਥ ਨਾਲ ਉੱਚ ਪੱਧਰ 'ਤੇ ਖਿਲਵਾੜ ਹੋ ਰਿਹਾ ਹੈ।

ਭਾਰਤੀ ਮਾਊਥ ਫ੍ਰੈਸ਼ਨਰ ਦਾ ਬਾਜ਼ਾਰ ਪੰਜ ਸਾਲ ਪਹਿਲਾਂ 9,775 ਕਰੋੜ ਦੀ ਕੀਮਤ ਵਾਲਾ ਸੀ ਅਤੇ 2028 ਤੱਕ ਕਰੀਬ 28500 ਕਰੋੜ ਤੱਕ ਪਹੁੰਚਣ ਦਾ ਅੰਦਾਜ਼ਾ ਹੈ। ਬਾਜ਼ਾਰ 'ਚ ਇਹ ਕੈਂਡੀ, ਚੀਉਂਗਮ, ਸਪ੍ਰੇਅ, ਗੁਟਕਾ, ਵਗੈਰਾ ਕਈ ਸ਼ਕਲ 'ਚ ਲੋਕਾਂ ਤੱਕ ਪਹੁੰਚ ਰਿਹਾ ਹੈ। ਮੀਡੀਆ 'ਚ ਇੱਕ ਖਬਰ ਵੀ ਸਾਹਮਣੇ ਆਈ ਸੀ ਕਿ ਨਸ਼ੇ ਦੇ ਵਪਾਰੀ ਗਲਤ ਅਨਸਰਾਂ ਨਾਲ ਮਿੱਲ ਕੇ ਪਾਨ ਵੇਚਣ ਵਾਲੇ ਨੌਜਵਾਨਾਂ ਨੂੰ ਡਰੱਗ ਵਾਲੇ ਪਾਨ ਦੇ ਆਦੀ ਬਣਾ ਰਹੇ ਹਨ। ਜੋ ਇੱਕ ਚਿੰਤਾ ਦੇ ਵਿਸ਼ੇ ਦੇ ਨਾਲ ਲੋਕਾਂ ਦੀ ਸਿਹਤ ਲਈ ਬਹੁਤ ਬੜਾ ਖ਼ਤਰਾ ਵੀ ਬਣਦਾ ਜਾ ਰਿਹਾ ਹੈ। ਸਰਕਾਰੀ 'ਤੇ ਗੈਰ-ਸਰਕਾਰੀ ਪੱਧਰ 'ਤੇ ਇਸ ਖ਼ਤਰੇ ਨੂੰ ਰੋਕਣ ਦੀ ਲੋੜ ਹੋ ਗਈ ਹੈ।

ਰਵਾਇਤੀ ਮਾਊਥ ਫ੍ਰੈਸ਼ਨਰ ਦੀਆਂ ਜੜਾਂ 5000 ਈਸਾ ਪੂਰਬ ਤੋਂ ਹਨ, ਜੋ ਤਾਲੂ ਨੂੰ ਸਾਫ਼ ਕਰਨ ਅਤੇ ਪਾਚਨ 'ਚ ਮਦਦ ਕਰਨ ਲਈ ਕੁਦਰਤੀ ਤੱਤਾਂ ਦੀ- ਸੌਂਫ, ਜੜੀ-ਬੂਟੀਆਂ, ਤਾਜ਼ਾ ਪਾਨ ਪੱਤਾ, ਮੱਧ ਪੂਰਵੀ ਮਿਸਵਾਕ, ਅਤੇ ਰੋਮਨ ਪਾਰਸਲੇ ਅਤੇ ਪੁਦੀਨਾ ਵਰਤਿਆ ਜਾਂਦਾ ਸੀ। ਜੋ ਸਾਹ ਨੂੰ ਤਾਜ਼ਾ ਅਤੇ ਮੂੰਹ ਦੀ ਸਫਾਈ ਨੂੰ ਬਿਹਤਰ ਬਣਾਉਣ ਲਈ ਕੰਮ ਕਰਦੇ ਸਨ।



Dr. Anil Dheer
Columnist. Alternative Therapist. Health Educator award winner. Social activist. Certified by W.H.O, UNICEF & Canadian Red Cross : PFA. Canada. Global Health Reporter. NTDP Skin Issues: Psoriasis- 2025. GNT Diseases-2023. Air Pollution n Health-2023. Writer: "Self-care Tips Encyclopedia"

ਸਾਵਧਾਨ ਹੋ ਜਾਓ:

* ਰਸਾਇਣਕ-ਅਧਾਰਤ ਮਾਊਥ ਫ੍ਰੈਸ਼ਨਰ ਇਸਤੇਮਾਲ ਕਰਨ ਨਾਲ ਗਲੇ 'ਚ ਜਲਨ, ਘਬਰਾਹਟ, ਪੇਟ ਦਰਦ, ਉਲਟੀ, ਬਦਹਜ਼ਮੀ, ਦੇ ਨਾਲ ਜ਼ਿਆਦਾ ਮਾਤਰਾ 'ਚ ਅਤੇ ਲਗਾਤਾਰ ਸੇਵਨ ਕਰਨ ਨਾਲ, ਚੱਕਰ ਆਉਣੇ, ਸਿਰ-ਪੀੜ, ਸਾਹ ਲੈਣ 'ਚ ਮੁਸ਼ਕਲ ਅਤੇ ਅੰਦਰੂਨੀ ਅੰਗਾਂ ਨੂੰ ਖਤਮ ਕਰਨ 'ਚ ਕੋਈ ਕਸਰ ਨਹੀਂ ਛੱਡਦੇ।
* ਇਹ ਰਸਾਇਣ ਤੱਤ ਕਾਰਨ ਗੈਸਟਰੀਇੰਟੇਸਟਾਈਨਲ ਟ੍ਰੈਕਟ ਅੰਦਰ ਲਗਾਤਾਰ ਜਲਨ ਰਹਿਣੀ ਸ਼ੁਰੂ ਹੋ ਜਾਂਦੀ ਹੈ। ਭੁੱਖ ਵੀ ਘੱਟ ਸਕਦੀ ਹੈ।
* ਫੇਫੜੇ ਕਮਜੋਰ ਹੋ ਜਾਣ ਨਾਲ ਕਈ ਬਾਰ ਸਾਹ ਲੈਣਾ ਵੀ ਔਖਾ ਹੋ ਜਾਂਦਾ ਹੈ। ਸੁੱਕੀ ਖੰਘ ਸ਼ੁਰੂ ਹੋ ਜਾਂਦੀ ਹੈ।
* ਮਾਨਸਿਕ ਤੌਰ 'ਤੇ ਸੋਚ-ਵਿਚਾਰ ਦੀ ਸ਼ਕਤੀ ਅਤੇ ਯਾਦਾਸ਼ਤ ਘਟਣ ਦੀ ਸੰਭਾਵਨਾ ਵੱਧ ਜਾਂਦੀ ਹੈ। ਵਿਅਕਤੀ ਉਦਾਸੀ ਦਾ ਸ਼ਿਕਾਰ ਹੋ ਦੇ ਨਾਲ ਲਗਾਤਾਰ ਸਟ੍ਰੈੱਸ ਦਾ ਸ਼ਿਕਾਰ ਵੀ ਹੋ ਸਕਦਾ ਹੈ।
* ਲਗਾਤਾਰ ਇਸਤੇਮਾਲ ਕਰਨ ਵਾਲੇ ਭਵਿੱਖ 'ਚ ਹਾਰਟ ਅਟੈਕ, ਕਿਡਨੀ-ਫੇਲ, ਦੇ ਨਾਲ-ਨਾਲ ਬੇਸ਼ੁਮਾਰ ਕਿਸਮ ਦੇ ਕੈਂਸਰ ਦੀ ਸੰਭਾਵਨਾ ਬਣੀ ਰਹਿ ਸਕਦੀ ਹੈ।
* ਕਈ ਲੋਕਾਂ ਨੇ ਮਾਊਥ ਫ੍ਰੈਸ਼ਨਰ ਇਸਤੇਮਾਲ ਤੋਂ ਬਾਅਦ ਸੋਜਸ਼, ਅਤੇ ਸਕਿਨ ਅਲਰਜੀ ਦੀ ਸ਼ਿਕਾਇਤ ਵੀ ਕੀਤੀ।
* ਲਗਾਤਾਰ ਮਾਊਥ ਫ੍ਰੈਸ਼ਨਰ ਦਾ ਇਸਤੇਮਾਲ ਕਰਨਾ ਯਾਨਿ ਅਸੀਂ ਖੁਦ ਧੀਮਾ ਜ਼ਹਿਰ ਸਰੀਰ ਅੰਦਰ ਪਹੁੰਚਾ ਰਹੇ ਹਾਂ।

**ਨੋਟ:** ਸਰੀਰ 'ਤੇ ਮਨ ਅੰਦਰ ਬਿਮਾਰੀ ਕੋਈ ਵੀ ਲੱਛਣ ਲਗਾਤਾਰ ਰਹਿਣ ਦੀ ਹਾਲਤ 'ਚ ਤੁਰੰਤ ਆਪਣੇ ਫੈਮਿਲੀ ਡਾਕਟਰ ਜਾਂ ਹਸਪਤਾਲ ਨਾਲ ਸੰਪਰਕ ਕਰਨ ਦੀ ਲੋੜ ਹੁੰਦੀ ਹੈ। ਗਰਭਵਤੀ ਔਰਤਾਂ, ਅਤੇ ਛੋਟੇ ਬੱਚਿਆਂ ਨੂੰ ਮਾਊਥ ਫ੍ਰੈਸ਼ਨਰ ਦੀ ਵਰਤੋਂ ਤੋਂ ਬਚਣਾ ਚਾਹੀਦਾ ਹੈ।



# ਸਾਵਧਾਨ ! ਲਾਂਗ ਕੋਵਿਡ ਬਣ ਸਕਦੈ ਅਲਜ਼ਾਈਮਰ ਦਾ ਕਾਰਨ

ਕੋਵਿਡ ਤੋਂ ਠੀਕ ਹੋਣ ਤੋਂ ਬਾਅਦ ਵੀ ਕਈ ਲੋਕਾਂ 'ਚ ਮਹੀਨਿਆਂ ਤੱਕ ਥਕਾਵਟ, ਧਿਆਨ ਦੀ ਕਮੀ ਤੇ ਯਾਦਦਾਸ਼ਤ ਨਾਲ ਜੁੜੀਆਂ ਪਰੇਸ਼ਾਨੀਆਂ ਬਣੀਆਂ ਰਹਿੰਦੀਆਂ ਹਨ, ਜਿਸ ਨੂੰ ਲਾਂਗ ਕੋਵਿਡ ਕਿਹਾ ਜਾਂਦਾ ਹੈ। ਹੁਣ ਅਮਰੀਕਾ ਦੀ ਨਿਊਯਾਰਕ ਯੂਨੀਵਰਸਿਟੀ ਦੇ ਖੋਜੀਆਂ ਦੇ ਇਕ ਨਵੇਂ ਅਧਿਐਨ ਨੇ ਸੰਕੇਤ ਦਿੱਤੇ ਹੈ ਕਿ ਲਾਂਗ ਕੋਵਿਡ ਸਿਰਫ ਆਮ ਕਮਜ਼ੋਰੀ ਦੀ ਸਮੱਸਿਆ ਨਹੀਂ ਹੈ, ਬਲਕਿ ਦਿਮਾਗ਼ 'ਚ ਅਜਿਹੀਆਂ ਤਬਦੀਲੀਆਂ ਵੀ ਲਿਆ ਸਕਦਾ ਹੈ, ਜੋ ਅਲਜ਼ਾਈਮਰ ਵਰਗੀਆਂ ਬਿਮਾਰੀਆਂ ਨਾਲ ਜੁੜੀਆਂ ਪਾਈਆਂ ਗਈਆਂ ਹਨ। ਭਾਵ ਥਕਾਵਟ, ਧਿਆਨ 'ਚ ਕਮੀ ਤੇ ਯਾਦਦਾਸ਼ਤ ਨਾਲ ਜੁੜੀਆਂ ਪਰੇਸ਼ਾਨੀਆਂ ਅਲਜ਼ਾਈਮਰ ਦਾ ਖ਼ਤਰਾ ਵਧਾ ਸਕਦੀਆਂ ਹਨ।

ਅਧਿਐਨ 'ਚ 179 ਲੋਕਾਂ ਦੇ ਦਿਮਾਗ਼ ਦਾ ਐੱਮਆਰਆਈ ਸਕੈਨ ਕੀਤਾ ਗਿਆ। ਇਨ੍ਹਾਂ 'ਚ ਲਾਂਗ ਕੋਵਿਡ ਨਾਲ ਜੂਝ ਰਹੇ ਮਰੀਜ਼, ਕੋਵਿਡ ਤੋਂ ਪੂਰੀ ਤਰ੍ਹਾਂ ਠੀਕ ਹੋ ਚੁੱਕੇ ਲੋਕ ਤੇ ਉਹ ਲੋਕ ਵੀ ਸ਼ਾਮਲ ਸਨ, ਜਿਨ੍ਹਾਂ ਨੂੰ ਕਦੀ ਇਨਫੈਕਸ਼ਨ ਨਹੀਂ ਹੋਈ। ਜਾਂਚ 'ਚ ਪਾਇਆ ਗਿਆ ਕਿ ਲਾਂਗ ਕੋਵਿਡ ਵਾਲੇ ਲੋਕਾਂ ਦੇ ਦਿਮਾਗ਼ ਦਾ ਕੋਰਾਇਡ-ਪਲੇਕਸਸ ਨਾਂ ਦਾ ਹਿੱਸਾ ਔਸਤਨ ਕਰੀਬ 10 ਫ਼ੀਸਦੀ ਵੱਡਾ ਸੀ ਤੇ ਉਸ ਵਿਚ ਖ਼ੂਨ ਦਾ ਵੇਗ ਘੱਟ ਪਾਇਆ ਗਿਆ। ਇਹ ਹਿੱਸਾ ਸੋਜ ਕੰਟਰੋਲ ਕਰਨ ਨਾਲ ਦਿਮਾਗ਼ 'ਚੋਂ ਵੇਸਟ ਪਦਾਰਥਾਂ ਨੂੰ ਬਾਹਰ ਕੱਢਣ 'ਚ ਅਹਿਮ ਭੂਮਿਕਾ ਨਿਭਾਉਂਦਾ ਹੈ, ਇਸ ਲਈ ਇਸ ਵਿਚ ਬਦਲਾਅ ਹੋਣ 'ਤੇ ਦਿਮਾਗ਼ ਦੇ ਕੰਮ ਵੀ ਪ੍ਰਭਾਵਿਤ ਹੋ ਸਕਦੇ ਹਨ। ਵਿਗਿਆਨੀਆਂ ਨੇ ਇਹ ਵੀ ਪਾਇਆ ਕਿ ਜਿਹੜੇ ਉਮੀਦਵਾਰਾਂ 'ਚ ਇਹ ਹਿੱਸਾ ਜ਼ਿਆਦਾ ਵੱਡਾ ਸੀ, ਉਨ੍ਹਾਂ ਦੀ ਯਾਦਦਾਸ਼•ਤ ਤੇ ਧਿਆਨ ਜਾਂਚਣ ਵਾਲੇ ਮਾਪਦੰਡ ਟੈਸਟ 'ਚ ਔਸਤਨ ਥੋੜ੍ਹਾ ਘੱਟ ਸਕੋਰ ਆਇਆ। ਨਾਲ ਹੀ ਖ਼ੂਨ 'ਚ ਕੁਝ ਅਜਿਹੇ ਪ੍ਰੋਟੀਨ ਵੀ ਵੱਧ ਮਿਲੇ, ਜੋ ਆਮ ਤੌਰ 'ਤੇ ਦਿਮਾਗ਼ੀ ਨੁਕਸਾਨ ਤੇ ਅਲਜ਼ਾਈਮਰ ਨਾਲ ਜੁੜੇ ਮੰਨੇ ਜਾਂਦੇ ਹਨ।

ਮਾਹਿਰਾਂ ਅਨੁਸਾਰ ਕੋਵਿਡ ਤੋਂ ਬਾਅਦ ਕੁਝ ਮਾਮਲਿਆਂ 'ਚ ਲੰਬੇ ਸਮੇਂ ਤੱਕ ਚੱਲਣ ਵਾਲੀ ਰੋਗ ਰੋਕੂ ਪ੍ਰਕਿਰਿਆ ਖ਼ੂਨ ਦੀਆਂ ਨਾੜੀਆਂ 'ਚ ਸੋਜ, ਮੋਟਾਪਾ ਤੇ ਸਕਾਰ ਟਿਸ਼ੂਜ਼ ਬਣਾ ਸਕਦੀ ਹੈ, ਜਿਸ ਨਾਲ ਦਿਮਾਗ਼ 'ਚ ਖ਼ੂਨ ਤੇ ਤਰਲ ਦਾ ਆਮ ਵੇਗ ਪ੍ਰਭਾਵਿਤ ਹੋ ਸਕਦਾ ਹੈ। ਹਾਲਾਂਕਿ, ਖੋਜੀਆਂ ਨੇ ਸਪੱਸ਼ਟ ਕੀਤਾ ਹੈ ਕਿ ਹਾਲੇ ਇਹ ਸਾਬਿਤ ਨਹੀਂ ਹੋਇਆ ਹੈ ਕਿ ਲਾਂਗ ਕੋਵਿਡ ਭਵਿੱਖ 'ਚ ਅਲਜ਼ਾਈਮਰ ਦਾ ਕਾਰਨ ਬਣੇਗਾ। ਇਸ ਲਈ ਜ਼ਰੂਰੀ ਹੈ ਕਿ ਲਾਂਗ ਕੋਵਿਡ 'ਚੋਂ ਲੰਘ ਚੁੱਕੇ ਲੋਕਾਂ ਦੀ ਲੰਬੇ ਸਮੇਂ ਤੱਕ ਨਿਗਰਾਨੀ ਕੀਤੀ ਜਾਵੇ ਤੇ ਇਸ ਵਿਸ਼ੇ 'ਤੇ ਵੱਡੇ ਪੱਧਰ 'ਤੇ ਹੋਰ ਖੋਜ ਕੀਤੀ ਜਾਵੇ ਤਾਂਕਿ ਦਿਮਾਗ਼ 'ਤੇ ਇਸਦੇ ਅਸਰ ਨੂੰ ਬਿਹਤਰ ਢੰਗ ਨਾਲ ਸਮਝਿਆ ਜਾ ਸਕੇ।












# ਰਾਸ਼ੀਫਲ

**ਮੇਖ :** ਅੱਜ ਤੁਸੀ ਥਕਾਵਟ ਮਹਿਸੂਸ ਕਰੋਂਗੇ ਅਤੇ ਛੋਟੀ ਛੋਟੀ ਗੱਲਾਂ ਤੇ ਨਾਰਾਜ਼ ਵੀ ਹੋ ਸਕਦੇ ਹੋ। ਅੱਜ ਤੁਹਾਨੂੰ ਕਿਸੇ ਅਗਿਆਤ ਸਰੋਤ ਤੋਂ ਪੈਸਾ ਪ੍ਰਪਾਤ ਹੋ ਸਕਦਾ ਹੈ ਜਿਸ ਨਾਲ ਤੁਹਾਡੀਆਂ ਕਈਆਂ ਆਰਥਿਕ ਮੁਸ਼ਕਿਲਾਂ ਦੂਰ ਹੋ ਜਾਣਗੀਆਂ। ਸ਼ਾਮ ਦਾ ਸਮਾਂ ਦੋਸਤਾਂ ਦੇ ਨਾਲ ਬਿਤਾਉਣਾ ਸ਼ਾਨਦਾਰ ਤਾਂ ਰਹੇਗਾ ਨਾਲ ਹੀ ਛੁੱਟੀ ਨਾਲ ਬਿਤਾਉਣ ਦੀ ਯੋਜਨਾ ਤੇ ਵੀ ਚਰਚਾ ਹੋ ਸਕੇਗੀ। ਪਿਆਰ ਰੱਬ ਦੀ ਪੂਜਾ ਵਾਂਗ ਪਵਿੱਤਰ ਹੈ ਅੱਜ ਇਹ ਤੁਹਾਨੂੰ ਸੱਚੇ ਅਰਥਾਂ ਵਿਚ ਧਰਮ ਅਧਿਆਤਮਿਕਤਾ ਵੱਲ ਲੈ ਜਾ ਸਕਦਾ ਹੈ। ਜੇਕਰ ਤੁਸੀ ਯਕੀਨ ਕਰਦੇ ਹੋ ਕਿ ਸਮਾਂ ਹੀ ਪੈਸਾ ਹੈ ਤਾਂ ਤੁਹਾਨੂੰ ਆਪਣੀ ਲੋੜਾਂ ਨੂੰ ਸਿਖਰ ਤੇ ਪਹੁੰਚਾਉਣ ਦੇ ਲਈ ਜਰੂਰੀ ਕਦਮ ਉਠਾਉਣੇ ਹੋਣਗੇ। ਇਸ ਰਾਸ਼ੀ ਦੇ ਲੋਕਾਂ ਨੂੰ ਅੱਜ ਆਪਣੇ ਆਪ ਨੂੰ ਸਮਝਣ ਦੀ ਲੋੜ ਹੈ ਜੇਕਰ ਤੁਹਾਨੂੰ ਲਗਦਾ ਹੈ ਕਿ ਤੁਸੀ ਦੁਨੀਆਂ ਦੀ ਭੀੜ ਵਿਚ ਕਿਤੇ ਖੋ ਗਏ ਹੋ ਤਾਂ ਆਪਣੇ ਲਈ ਸਮਾਂ ਕੱਢੋ ਅਤੇ ਆਪਣੇ ਵਿਅਕਤਿਤਵ ਦਾ ਆਂਕਲਣ ਕਰੋ। ਤੁਹਾਡੇ ਅਤੇ ਤੁਹਾਡੇ ਜੀਵਨਸਾਥੀ ਦੇ ਵਿਚਕਾਰ ਵਿਸ਼ਵਾਸ਼ ਦੀ ਘਾਟ ਰਹਿ ਸਕਦੀ ਹੈ ਇਸ ਨਾਲ ਵਿਆਹ ਵਿਚ ਤਣਾਅ ਆਵੇਗਾ।

**ਬ੍ਰਿਸ਼ਭ:** ਚਿੜਚਿੜਾਣਾ ਅਤੇ ਖਿੱਜਣਾ ਤੁਹਾਡੀ ਸਿਹਤ ਖਰਾਬ ਕਰ ਸਕਦੀ ਹੈ ਪੁਰਾਣੀ ਗੱਲਾਂ ਵਿਚ ਨਾ ਉਲਝੋ ਅਤੇ ਜਿਨਾਂ ਹੋ ਸਕੇ ਆਰਾਮ ਕਰਨ ਦੀ ਕੋਸ਼ਿਸ਼ ਕਰੋ। ਤੁਸੀ ਉਨਾਂ ਯੋਜਨਾਵਾਂ ਵਿਚ ਨਿਵੇਸ਼ ਕਰਨ ਤੋਂ ਪਹਿਲਾਂ ਦੋ ਵਾਰ ਸੋਚੋ ਜੋ ਅੱਜ ਤੁਹਾਡੇ ਸਾਹਮਣੇ ਆਈਆਂ ਹਨ। ਗਲਤ ਗੱਲਾਂ ਨੂੰ ਗਲਤ ਕਹਿਣ ਤੋਂ ਬਚੋ ਜਿਨਾਂ ਨੂੰ ਤੁਸੀ ਚਾਹੁੰਦੇ ਹੋ ਉਨਾਂ ਦਾ ਦਿਲ ਦਖਾਉਣ ਤੋਂ ਬਚੋ। ਰੋਮਾਂਟਿਕ ਮੁਲਾਕਾਤ ਬਹੁਤ ਦਿਲਚਸਪ ਹੈ ਪਰੰਤੂ ਲੰਬੇ ਸਮੇਂ ਤੱਕ ਨਹੀਂ ਰਹੇਗੀ । ਇਹ ਦਿਨ ਉਨਾਂ ਦਿਨਾਂ ਵਿਚੋਂ ਇਕ ਦਿਨ ਹੈ ਜਦੋਂ ਕੰਮ ਕਾਰ ਵਿਚ ਤੁਸੀ ਇੱਛਾ ਮਹਿਸੂਸ ਕਰੋਂਗੇ। ਅੱਜ ਤੁਹਾਡੇ ਕਰੀਬੀ ਤੁਹਾਡੇ ਕੰਮ ਦੀ ਹੋਂਸਲਾ ਅਫਜ਼ਾਈ ਕਰਨਗੇ ਅਤੇ ਤੁਹਾਡਾ ਬੋਸ ਵੀ ਤੁਹਾਡੇ ਕੰਮ ਤੋਂ ਖੁਸ਼ ਹੋਵੇਗਾ। ਕਾਰੋਬਾਰੀ ਵੀ ਅੱਜ ਵਪਾਰ ਵਿਚ ਲਾਭ ਕਮਾ ਸਕਦੇ ਹਨ। ਆਪਣਾ ਸਮਾਂ ਅਤੇ ਤਾਕਤ ਦੂਜਿਆਂ ਦੀ ਮਦਦ ਕਰਨ ਤੇ ਅਰਪਣ ਕਰੋ ਪਰੰਤੂ ਅਜਿਹੇ ਮਾਮਲੇ ਵਿਚ ਸ਼ਾਮਲ ਹੋਣ ਤੋਂ ਬਚੋ ਜਿਨਾਂ ਨਾਲ ਤੁਹਾਡੀ ਕੋਈ ਲੈਣ ਦੇਣ ਨਹੀਂ ਹੈ। ਵਿਆਹੁਤ ਜੀਵਨ ਵਿਚ ਤੁਸੀ ਕੁਝ ਨਿਜਤਾ ਮਹਿਸੂਸ ਕਰ ਸਕਦੇ ਹੋ।

**ਮਿਥੁਨ:** ਕਿਸਮਤ ਤੇ ਨਿਰਭਰ ਨਾ ਰਹੋ ਅਤੇ ਆਪਣੀ ਸਿਹਤ ਨੂੰ ਸੁਧਾਰਨ ਦੀ ਕੋਸ਼ਿਸ਼ ਕਰੋ ਕਿਉਂ ਕਿ ਕਿਸਮਤ ਖੁਦ ਬਹੁਤ ਆਲਸੀ ਹੁੰਦੀ ਹੈ। ਜਿਨਾਂ ਵਪਾਰੀਆਂ ਦੇ ਸੰਬੰਧ ਵਿਦੇਸ਼ਾਂ ਵਿਚ ਹੈ ਉਨਾਂ ਨੂੰ ਅੱਜ ਆਰਥਿਕ ਹਾਨੀ ਹੋਣ ਵਾਲੀ ਹੈ ਇਸ ਲਈ ਅੱਜ ਸੋਚ ਸਮਝ ਕੇ ਕਦਮ ਚੁੱਕੋ। ਆਪਣੇ ਪਰਿਵਾਰ ਨੂੰ ਸਹੀ ਸਮਾਂ ਦਿਉ ਉਨਾਂ ਨੂੰ ਮਹਿਸੂਸ ਹੋਣ ਦਿਉ ਕਿ ਤੁਸੀ ਉਨਾਂ ਦਾ ਧਿਆਨ ਰੱਖਦੇ ਹੋ। ਉਨਾਂ ਨਾਲ ਚੰਗਾ ਸਮਾਂ ਬਿਤਾਉ ਅਤੇ ਸ਼ਿਕਾਇਤ ਦਾ ਮੋਕਾ ਨਾ ਦਿਉ। ਬੇਲੋੜੀ ਸ਼ੰਕਾ ਅਤੇ ਸ਼ੱਕ ਰਿਸ਼ਤੇ ਨੂੰ ਵਿਗਾੜ ਦਿੰਦੇ ਹਨ ਤੁਹਾਨੂੰ ਵੀ ਆਪਣੇ ਪਿਆਰੇ ਤੇ ਸ਼ੱਕ ਨਹੀਂ ਕਰਨਾ ਚਾਹੀਦਾ ਜੇਕਰ ਤੁਸੀ ਕਿਸੇ ਚੀਜ ਬਾਰੇ ਮਹਿਸੂਸ ਕਰ ਰਹੇ ਹੋ ਜੋ ਤੁਹਾਨੂੰ ਖਾ ਰਹੀ ਹੈ ਤਾਂ ਉਨਾਂ ਨਾਲ ਬੈਠੋ ਅਤੇ ਹੱਲ ਕੱਢਣ ਦੀ ਕੋਸ਼ਿਸ਼ ਕਰੋ। ਦਫਤਰ ਵਿਚ ਹੋਏ ਬਦਲਾਅ ਨਾਲ ਤੁਹਾਨੂੰ ਲਾਭ ਹੋਵੇਗਾ। ਜੀਵਨ ਦੀਆਂ ਪੇਚੀਦੀਆਂ ਨੂੰ ਸਮਝਦੇ ਹੋਏ ਅੱਜ ਤੁਸੀ ਆਪਣਾ ਸਮਾਂ ਪਰਿਵਾਰ ਦੇ ਕਿਸੇ ਵੱਡੇ ਨਾਲ ਬਿਤਾ ਸਕਦੇ ਹੋ। ਰੋਜ਼ਮਰਾ ਆਪਣੇ ਜੀਵਨਸਾਥੀ ਨੂੰ ਤੋਹਫੇ ਦਿੰਦੇ ਰਹੋ ਨਹੀਂ ਤਾਂ ਉਹ ਖੁਦ ਨੂੰ ਅਖਾਸ ਕਰਨਾ ਸ਼ੁਰੂ ਮਹਿਸੂਸ ਕਰ ਸਕਦਾ ਹੈ।



**ਕਰਕ:** ਕਿਸਮਤ ਤੇ ਨਿਰਭਰ ਨਾ ਰਹੋ ਅਤੇ ਆਪਣੀ ਸਿਹਤ ਨੂੰ ਸੁਧਾਰਨ ਦੀ ਕੋਸ਼ਿਸ਼ ਕਰੋ ਕਿਉਂ ਕਿ ਕਿਸਮਤ ਖੁਦ ਬਹੁਤ ਆਲਸੀ ਹੁੰਦੀ ਹੈ। ਰੁਝਾਨ ਤੋਰ ਤੇ ਮਜ਼ੇ ਲੈਣ ਦੀ ਆਪਣੀ ਪ੍ਰਵਿਰਤੀ ਨੂੰ ਕਾਬੂ ਵਿਚ ਰੱਖੋ ਅਤੇ ਮਨੋਰੰਜਨ ਤੇ ਜ਼ਰੂਰਤ ਤੋਂ ਜ਼ਿਆਦਾ ਖਰਚ ਕਰਨ ਤੋਂ ਬਚੋ। ਦੂਸਰਿਆਂ ਨੂੰ ਪ੍ਰਭਾਵਿਤ ਕਰਨ ਲਈ ਤੁਹਾਡੀ ਸ਼ਮਤਾ ਤੁਹਨੂੰ ਕਈਂ ਸਾਕਾਰਤਮਕ ਚੀਜਾ ਦਵਾਉਗੀ। ਕੁਝ ਲੋਕਾਂ ਦੇ ਲਈ ਜਲਦ ਹੀ ਵਿਆਹ ਦੀ ਘੰਟੀ ਵੱਜ ਸਕਦੀ ਹੈ ਜਦ ਕਿ ਦੂਸਰੇ ਜੀਵਨ ਵਿਚ ਨਵੇਂ ਰੋਮਾਂਸ ਦਾ ਅਨੁਭਵ ਕਰੋਂਗੇ। ਖਾਸ ਲੋਕਾਂ ਦੇ ਨਾਲ ਗੱਲਬਾਤ ਕਰਦੇ ਸਮੇਂ ਆਪਣੇ ਅੱਖ ਤੇ ਕੰਨ ਖੁੱਲੇ ਰੱਖੋ ਹੋ ਸਕਦਾ ਹੈ ਕਿ ਤੁਹਾਡੇ ਹੱਥ ਕੋਈ ਕੀਮਤੀ ਵਿਚਾਰ ਲੱਗ ਜਾਵੇ। ਇਸ ਰਾਸ਼ੀ ਦੇ ਲੋਕਾਂ ਨੂੰ ਅੱਜ ਸ਼ਰਾਬ ਜਾਂ ਸਿਗਰੇਟ ਤੋਂ ਦੂਰ ਰਹਿਣ ਦੀ ਲੋੜ ਹੈ ਕਿਉਂ ਕਿ ਇਸ ਨਾਲ ਤੁਹਾਡਾ ਕੀਮਤੀ ਸਮਾਂ ਬਰਬਾਦ ਹੋ ਸਕਦਾ ਹੈ। ਅੱਜ ਤੁਸੀ ਅਤੇ ਤੁਹਾਡਾ ਜੀਵਨਸਾਥੀ ਸੱਚਮੁਚ ਡੂੰਘੇ ਆਤਮਿਕ ਰੋਮਾਂਟਿਕ ਪਲਾਂ ਨਾਲ ਗੱਲ ਕਰੋਂਗੇ।

**ਸਿੰਘ:** ਦੋੜ ਭੱਜਿਆ ਦਿਨ ਤੁਹਾਨੂੰ ਤੁਣਕ ਮਿਜ਼ਾਜ ਬਣਾ ਸਕਦਾ ਹੈ। ਤੁਹਾਨੂੰ ਆਪਣਾ ਪੈਸਾ ਇਕੱਠਾ ਕਰਨਾ ਅਤੇ ਇਹ ਜਾਣਨ ਦੀ ਲੋੜ ਹੈ ਕਦੋਂ ਤੇ ਕਿੱਥੇ ਸਮਝਦਾਰੀ ਨਾਲ ਖਰਚਣਾ ਹੈ ਨਹੀਂ ਤਾਂ ਤੁਹਾਨੂੰ ਆਉਣ ਵਾਲੇ ਸਮੇਂ ਵਿਚ ਪਛਤਾਉਣਾ ਪੈ ਸਕਦਾ ਹੈ। ਕੁਲ ਮਿਲਾ ਕੇ ਲਾਭਦਾਇਕ ਦਿਨ ਹੈ ਪਰੰਤੂ ਜਿਸ ਨੂੰ ਤੁਸੀ ਸਮਝਦੇ ਅਤੇ ਅੱਖਾਂ ਬੰਦ ਕਰਕੇ ਯਕੀਨ ਕਰਦੇ ਹੋ ਉਹ ਤੁਹਾਡਾ ਭਰੋਸਾ ਤੋੜ ਸਕਦਾ ਹੈ। ਪਿਆਰ ਵਿਚ ਉਤਰਾਅ ਚੜਾਅ ਦਾ ਸਾਹਮਣਾ ਕਰਨ ਲਈ ਖੁਸ਼ ਅਤੇ ਹਿੰਮਤੀ ਬਣੋ। ਨਵੀਂ ਸਾਂਝੀਦਾਰੀ ਅੱਜ ਦੇ ਦਿਨ ਲਾਭਦਾਇਕ ਰਹੇਗੀ। ਅੱਜ ਤੁਸੀ ਆਪਣੇ ਘਰ ਬਿਖਰੀ ਚੀਜਾਂ ਅਤੇ ਸਾਫ ਸਫਾਈ ਕਰਨ ਦੀ ਯੋਜਨਾ ਬਣਾ ਸਕਦੇ ਹੋ ਪਰੰਤੂ ਅੱਜ ਤੁਹਾਨੂੰ ਇਸ ਦੇ ਲਈ ਖਾਲੀ ਸਮਾਂ ਨਹੀਂ ਮਿਲ ਪਾਵੇਗਾ। ਹਾਸੇ ਮਜ਼ਾਕ ਦੇ ਚਲਦੇ ਤੁਹਾਡੇ ਅਤੇ ਤੁਹਾਡੇ ਜੀਵਨ ਸਾਥੀ ਵਿਚ ਕੋਈ ਪੁਰਾਣਾ ਮੁੱਦਾ ਉਠ ਸਕਦਾ ਹੈ ਜੋ ਫਿਰ ਵਾਦ ਵਿਵਾਦ ਦਾ ਰੂਪ ਵੀ ਲੈ ਸਕਦਾ ਹੈ।

**ਕੰਨਿਆ:** ਪਰਿਵਾਰ ਦੇ ਕੁਝ ਮੈਂਬਰ ਆਪਣੇ ਸੁਭਾਅ ਤੋਂ ਤੁਹਾਡੇ ਲਈ ਚਿੜਚਿੜੇਪਣ ਦੀ ਵਜਾਹ ਬਣ ਸਕਦਾ ਹੈ। ਪਰੰਤੂ ਆਪਣਾ ਆਪਾ ਖੋਣ ਦੀ ਜ਼ਰੂਰਤ ਨਹੀ ਹੈ, ਨਹੀਂ ਤਾਂ ਹਾਲਾਤ ਬੇਕਾਬੂ ਸਕਦੇ ਹਨ ਯਾਦ ਰੱਖੋ ਜਿਸ ਨੂੰ ਸੁਧਾਰਿਆ ਨਹੀਂ ਜਾ ਸਕਦਾ ਉਸ ਨੂੰ ਸਵੀਕਾਰ ਕਰਨ ਵਿਚ ਹੀ ਭਲਾਈ ਹੈ। ਅੱਜ ਦੇ ਦਿਨ ਘਰ ਵਿਚ ਕੋਈ ਪੁਰਾਣਾ ਬਿਜਲੀ ਦਾ ਸਾਮਾਨ ਖਰਾਬ ਹੋ ਜਾਣ ਤੇ ਤੁਹਾਡਾ ਪੈਸਾ ਖਰਚ ਹੋ ਸਕਦਾ ਹੈ। ਕਿਸੀ ਇਤਿਹਾਸਿਕ ਇਮਾਰਤ ਦੇ ਨੇੜੇ ਤੇੜੇ ਜਾਣ ਦੀ ਯੋਜਨਾ ਬਣਾਉ ਇਸ ਤੋਂ ਬੱਚੇ ਅਤੇ ਪਰਿਵਾਰ ਦੇ ਮੈਂਬਰਾਂ ਨੂੰ ਜ਼ਰੂਰੀ ਤਾਜ਼ਗੀ ਮਿਲੇਗੀ। ਅੱਜ ਦੇ ਦਿਨ ਤੁਹਾਨੂੰ ਦੋਸਤਾਂ ਦੀ ਮਹਿਕ ਉਨਾਂ ਦੀ ਗੈਰਹਾਜ਼ਰੀ ਵਿਚ ਮਹਿਸੂਸ ਹੋਵੇਗੀ। ਕੰਮ ਕਾਰ ਵਿਚ ਥੋੜੀ ਮੁਸ਼ਕਿਲ ਦੇ ਬਾਅਦ ਤੁਹਾਨੂੰ ਦਿਨ ਵਿਚ ਤੋਹਫਾ ਤੇ ਵਧੀਆ ਦੇਖਣ ਨੂੰ ਮਿਲ ਸਕਦਾ ਹੈ। ਦਿਨ ਦੀ ਸ਼ੁਰੂਆਤ ਭਾਂਵੇ ਥੋੜੀ ਥਕਾਵਟ ਭਰੀ ਹੋਵੇ ਪਰੰਤੂ ਦਿਨ ਜਿਸ ਤਰਾਂ ਵਿਕਾਸ ਕਰੇਗਾ ਤੁਹਾਡੇ ਲਈ ਵਧੀਆ ਨਤੀਜੇ ਆਉਣਗੇ ਦਿਨ ਦੇ ਅੰਤ ਵਿਚ ਤੁਸੀ ਆਪਣੇ ਆਪ ਲਈ ਸਮੇਂ ਦੀ ਭਾਲ ਕਰੋਂਗੇ ਅਤੇ ਕੁਝ ਕਰੀਬੀਆਂ ਨੂੰ ਮਿਲਣ ਦੀ ਯੋਜਨਾ ਬਣਾਉਂਗੇ। ਅੱਜ ਤੁਸੀ ਮਹਿਸੂਸ ਕਰੋਂਗੇ ਕਿ ਖੁਸ਼ਹਾਲ ਵਿਆਹੁਤਾ ਜੀਵਨ ਨੂੰ ਕਿਸ ਤਰਾਂ ਮਹਿਸੂਸ ਕੀਤਾ ਜਾਂਦਾ ਹੈ।

**ਤੁਲਾ:** ਕੋਫੀ ਪੀਣਾ ਛੱਡ ਦਿਉ ਖਾਸ ਤੋਰ ਤੇ ਦਿਲ ਦੇ ਮਰੀਜ਼ਾ ਲਈ । ਅੱਜ ਵਪਾਰ ਵਿਚ ਮੁਨਾਫਾ ਕਈਂ ਵਪਾਰੀਆਂ ਦੇ ਚਿਹਰੇ ਖੁਸ਼ੀ ਲਿਆ ਸਕਦੀ ਹੈ। ਦਫਤਰ ਦੇ ਕੰਮਕਾਜ ਵਿਚ ਜ਼ਿਆਦਾ ਵਿਅਸਤ ਦੇ ਚਲਦੇ ਆਪਣੇ ਜੀਵਨਸਾਥੀ ਦੇ ਨਾਲ ਤੁਹਾਡਾ ਰਿਸ਼ਤਾ ਤਣਾਅਪੂਰਨ ਹੋ ਸਕਦਾ ਹੈ। ਅੱਜ ਤੁਹਾਨੂੰ ਅਹਿਸਾਸ ਹੋਵੇਗਾ ਕਿ ਪਿਆਰ ਹਰ ਚੀਜ ਦਾ ਬਦਲ ਹੈ। ਆਪਣੇ ਪੇਸ਼ੇਵਰ ਬਲਾਕਾਂ ਦੇ ਹੱਲ ਲਈ ਮੁਹਾਰਤ ਦੀ ਵਰਤੋ ਕਰੋ ਤੁਹਾਡੀ ਥੋੜੀ ਜਿਹੀ ਕੋਸ਼ਿਸ਼ ਇਕ ਵਾਰ ਚ ਹੀ ਸਾਰੀ ਸਮੱਸਿਆ ਦਾ ਹੱਲ ਕਰ ਸਕਦੀ ਹੈ। ਇਸ ਰਾਸ਼ੀ ਦੇ ਚਿੰਨ੍ਹਾਂ ਨੂੰ ਅੱਜ ਖਾਲੀ ਸਮਾਂ ਕਿਸੇ ਸਮੱਸਿਆਂ ਜਾ ਸਮਾਧਾਨ ਕੱਢਣ ਦੀ ਕੋਸ਼ਿਸ਼ ਕਰ ਸਕਦੇ ਹਨ। ਤੁਹਾਡੇ ਜੀਵਨਸਾਥੀ ਦੀ ਅੰਦਰੂਨੀ ਸੁੰਦਰਤਾ ਅੱਜ ਬਾਹਰ ਆਵੇਗੀ।

**ਬ੍ਰਿਸ਼ਚਕ:** ਤੁਹਾਡੇ ਘਰਵਾਲੇ ਘਰਵਾਲੀ ਦੀ ਸਿਹਤ ਤਣਾਅ ਅਤੇ ਫਿਕਰ ਦਾ ਕਾਰਨ ਬਣ ਸਕਦੀ ਹੈ। ਜੇਕਰ ਤੁਸੀ ਵਿਦੇਸ਼ ਵਿਚ ਕਿਸੇ ਜ਼ਮੀਨ ਤੇ ਨਿਵੇਸ਼ ਕੀਤਾ ਸੀ ਅੱਜ ਉਸ ਨੂੰ ਵੇਚਣ ਦੀ ਵਧੀਆ ਕੀਮਤ ਮਿਲ ਸਕਦੀ ਹੈ ਜੋ ਤੁਹਾਨੂੰ ਮੁਨਾਫਾ ਕਮਾਉਣ ਵਿਚ ਸਹਾਇਤਾ ਕਰੇਗਾ। ਕਿਸੇ ਦੂਰ ਦੇ ਰਿਸ਼ਤੇਦਾਰ ਦੇ ਇੱਥੋ ਮਿਲੀ ਵਧੀਆ ਖਬਰ ਤੁਹਾਡੇ ਪੂਰੇ ਪਰਿਵਾਰ ਦੇ ਲਈ ਖੁਸ਼ੀ ਦੇ ਪਲ ਲੈ ਕੇ ਆਵੇਗੀ। ਅੱਜ ਦੇ ਦਿਨ ਆਪਣੇ ਪਿਆਰ ਦੀਆਂ ਭਾਵਨਾਵਾਂ ਨੂੰ ਸਮਝੋ। ਤੁਸੀ ਆਪਣੇ ਉਦੇਸ਼ਾ ਦੀ ਪੂਰਤੀ ਕਰਨ ਵਿਚ ਸਫਲ ਹੋਵੋਂਗੇ ਬੇਸ਼ਰਤੇ ਇਸ ਲਈ ਆਪ ਦੂਜਿਆਂ ਨਾਲ ਮਦਦ ਲਉ। ਆਪਣੇ ਵਿਅਸਤ ਜੀਵਨ ਵਿਚੋਂ ਅੱਜ ਤੁਸੀ ਆਪਣੇ ਬੱਚਿਆਂ ਨਾਲ ਬਾਹਰ ਸਮਾਂ ਬਿਤਾਉਣਾ ਪਸੰਦ ਕਰੋਂਗੇ ਉਨਾਂ ਨਾਲ ਸਮਾਂ ਬਿਤਾਉਣਾ ਤੁਹਾਨੂੰ ਇਸ ਗੱਲ ਦਾ ਅਹਿਸਾਸ ਕਰਾਏਗਾ ਜੋ ਤੁਸੀ ਗਵਾ ਰਹੇ ਹੋ। ਤੁਹਾਡਾ ਜੀਵਨਸਾਥੀ ਅੱਜ ਤੁਹਾਡੇ ਨਾਲ ਆਉਣ ਨਾਲ ਕੁਝ ਖੂਬਸੂਰਤ ਸ਼ਬਦਾਂ ਨੂੰ ਬਿਆਨ ਕਰੇਗਾ ਕਿ ਤੁਹਾਡੀ ਜ਼ਿੰਦਗੀ ਵਿਚ ਉਸ ਦੀ ਕੀ ਕੀਮਤ ਹੈ।

**ਧਨੂੰ:** ਤੁਹਾਡਾ ਦੁਖੀ ਸੁਭਾਅ ਤੁਹਾਨੂੰ ਉਦਾਸ ਅਤੇ ਦੁਖੀ ਬਣਾ ਸਕਦਾ ਹੈ ਤੁਸੀ ਇਹ ਚੋਟ ਖੁਦ ਨੂੰ ਪਹੁੰਚਾ ਰਹੇ ਹੋ ਇਸ ਲਈ ਜਿੰਨੀ ਜਲਦੀ ਹੋ ਸਕੇ ਇਸ ਨੂੰ ਛੋਡ ਦਿਉ। ਦੂਸਰਿਆਂ ਦੇ ਦੁੱਖ ਸੁੱਖ ਵੰਡਣ ਦੀ ਆਦਤ ਵਿਕਸਿਤ ਕਰੋ। ਜੇਕਰ ਤੁਸੀ ਆਪਣੇ ਪਰਿਵਾਰ ਦੇ ਕਿਸੇ ਮੈਂਬਰ ਤੋਂ ਉਧਾਰ ਲਿਆ ਹੈ ਤਾਂ ਉਸ ਨੂੰ ਅੱਜ ਵਾਪਸ ਕਰ ਦਿਉ ਨਹੀਂ ਤਾਂ ਤੁਹਾਡੇ ਖਿਲਾਫ ਕਾਨੂੰਨੀ ਕਾਰਵਾਈ ਕਰ ਸਕਦਾ ਹੈ। ਤੁਹਾਡੀ ਗਿਆਨ ਦੀ ਪਿਆਸ ਤੁਹਾਡੇ ਨਵੇਂ ਦੋਸਤ ਬਣਾਉਣ ਵਿਚ ਮਦਦਗਾਰ ਸਾਬਿਤ ਹੋਵੇਗਾ। ਸ਼ਾਮ ਦੀ ਢਲਦੇ ਢਲਦੇ ਕੋਈ ਰੋਮਾਂਟਿਕ ਝੁਕਾਅ ਤੁਹਾਡੇ ਦਮਿਮਾਗ ਨੂੰ ਘੇਰ ਲੇਵੇਗਾ। ਰਚਨਾਤਮਕ ਕੰਮ ਵਿਚ ਲੱਗੇ ਲੋਕਾਂ ਦੇ ਲਈ ਸਫਲਤਾ ਨਾਲ ਭਰਿਆ ਦਿਨ ਹੈ ਉਨਾਂ ਨੂੰ ਉਹ ਸ਼ੋਹਰਤ ਅਤੇ ਪਹਿਚਾਣ ਮਿਲੇਗੀ ਜਿਸ ਦੀ ਉਨਾਂ ਨੂੰ ਲੰਬੇ ਸਮੇਂ ਤੋਂ ਉਡੀਕ ਸੀ। ਤੁਹਾਡੀ ਚੁੰਬਕੀ ਬਾਹਰ ਜਾਣ ਵਾਲੀ ਸਖਸ਼ੀਅਤ ਤੁਹਾਨੂੰ ਪ੍ਰਕਾਸ਼ ਵਿਚ ਲੈ ਜਾਵੇਗੀ। ਅੱਜ ਤੁਸੀ ਮਹਿਸੂਸ ਕਰੋਂਗੇ ਕਿ ਤੁਹਾਡਾ ਵਿਆਹ ਕਦੇ ਇਨਾ ਖੂਬਸੂਰਤ ਨਹੀਂ ਰਿਹਾ ਸੀ।

**ਮਕਰ:** ਸਿਹਤ ਦੇ ਨਜ਼ਰੀਏ ਤੋਂ ਇਹ ਵਕਤ ਥੋੜਾ ਠੀਕ ਨਹੀਂ ਹੈ ਇਸ ਲਈ ਜੋ ਵੀ ਤੁਸੀ ਖਾਵੋ ਉਸ ਦੇ ਪ੍ਰਤੀ ਸਾਵਧਾਨ ਰਹੋ। ਕੁਝ ਜ਼ਰੂਰੀ ਯੋਜਨਾਵਾਂ ਚਲਾਈਗਈ ਅਤੇ ਤਾਜ਼ਾ ਆਰਥਿਕ ਲਾਭ ਪਹੁੰਚਾਉਣਗੀਆਂ। ਪਰਿਵਾਰਕ ਮੈਂਬਰਾਂ ਦੇ ਨਾਲ ਸਕੂਨ ਭਰੇ ਅਤੇ ਸ਼ਾਤ ਦਿਨ ਦਾ ਆਨੰਦ ਲਵੋ ਜੇਕਰ ਲੋਕ ਪਰੇਸ਼ਾਨੀਆਂ ਦੇ ਨਾਲ ਤੁਹਾਡੇ ਕੋਲ ਆਉਣ ਤਾਂ ਉਨਾਂ ਨੂੰ ਨਜ਼ਰਅੰਦਾਜ਼ ਕਰ ਦਿਉ ਅਤੇ ਉਨਾਂ ਨੂੰ ਆਪਣੀ ਮਾਨਸਿਕ ਸ਼ਾਤੀ ਭੰਗ ਨਾ ਕਰਨ ਦਿਉ। ਤੁਹਾਡੀ ਪਿਆਰ ਦੀ ਜ਼ਿੰਦਗੀ ਲਿਹਾਜ਼ ਨਾਲ ਸ਼ਾਨਦਾਰ ਦਿਨ ਹੈ ਪਿਆਰ ਕਰਦੇ ਰਹੋ। ਤੁਸੀ ਖੇਤੀ ਦੇ ਕਿਸੇ ਵੱਡੇ ਲੈਣ ਦੇਣ ਨੂੰ ਅੰਜ਼ਾਮ ਦੇ ਸਕਦੇ ਹੋ ਅਤੇ ਮਨੋਰੰਜਨ ਨਾਲ ਜੁੜੀ ਕਿਸੀ ਪਰਿਯੋਜਨਾ ਵਿਚ ਕਈਂ ਲੋਕਾਂ ਦਾ ਸੰਯੋਜਨ ਕਰ ਸਕਦੇ ਹੋ। ਅੱਜ ਜੀਵਨ ਦੇ ਕਈਂ ਅਹਿਮ ਮਸਲਿਆਂ ਤੇ ਅਤੇ ਘਰ ਵਾਲਿਆਂ ਦੇ ਨਾਲ ਬੈਠ ਕੇ ਗੱਲਬਾਤ ਕਰ ਸਕਦੇ ਹੋ ਤੁਹਾਡੇ ਸ਼ਬਦ ਘਰਵਾਲਿਆਂ ਨੂੰ ਪਰੇਸ਼ਾਨ ਕਰ ਸਕਦੇ ਹਨ ਪਰੰਤੂ ਇਨਾਂ ਗੱਲਾਂ ਦਾ ਹੱਲ ਨਿਕਲ ਸਕਦਾ ਹੈ। ਜ਼ਿੰਦਗੀ ਤੁਹਾਨੂੰ ਤੋਹਫੇ ਦਿੰਦੀ ਰਹਿੰਦੀ ਹੈ ਪਰ ਅੱਜ ਤੁਸੀ ਆਪਣੇ ਸਾਥੀ ਦਾ ਇਕ ਸ਼ਾਨਦਾਰ ਪੱਖ ਦੇਖ ਕੇ ਅਚੰਭੇ ਵਿਚ ਪੈ ਸਕਦਾ ਹੈ।

**ਕੁੰਭ:** ਆਪਣੇ ਵਿਚਾਰ ਅਤੇ ਉਰਜਾ ਨੂੰ ਉਹਨਾਂ ਕੰਮਾਂ ਵਿਚ ਲਗਾਉ ਜਿਨਾਂ ਤੋਂ ਆਪਣੇ ਹਕੀਕਤ ਦਾ ਰੂਪ ਲੈ ਸਕਦੇ ਹਨ। ਸਿਰਫ ਖਿਆਲੀ ਪੁਲ ਬਣਾਉਣ ਨਾਲ ਕੁਝ ਨਹੀਂ ਹੁੰਦਾ। ਹੁਣ ਤੱਕ ਤੁਹਾਡੇ ਕੋਲ ਸਮੱਸਿਆ ਇਹ ਹੈ ਕਿ ਤੁਸੀ ਕੋਸ਼ਿਸ਼ ਕਰਨ ਦੀ ਬਜਾਏ ਕੇਵਲ ਇੱਛਾ ਕਰਦੇ ਹੋ। ਕੁਝ ਖਰੀਦਣ ਤੋਂ ਪਹਿਲਾਂ ਉਨਾਂ ਚੀਜਾਂ ਦਾ ਇਸਤੇਮਾਲ ਕਰੋ ਜੋ ਪਹਿਲਾਂ ਤੋਂ ਤੁਹਾਡੇ ਕੋਲ ਹਨ। ਜੇਕਰ ਤੁਸੀ ਆਪਣੀ ਘਰੇਲੂ ਜ਼ਿੰਮੇਵਾਰੀਆਂ ਨੂੰ ਅਣਦੇਖਾ ਕਰੋਂਗੇ ਤਾਂ ਕੁਝ ਅਜਿਹੇ ਲੋਕ ਨਾਰਾਜ਼ ਹੋ ਸਕਦੇ ਹਨ ਜੋ ਤੁਹਾਡੇ ਨਾਲ ਰਹਿੰਦੇ ਹਨ। ਪਿਆਰ ਬਹਾਰ ਦੀ ਤਰਾਂ ਹੈ ਫੁਲਾਂ, ਹਵਾ, ਧੁੱਪ, ਤਿਤਲੀਆਂ ਤੁਸੀ ਅੱਜ ਰੋਮਾਂਟਿਕ ਗੁੰਝਲਦਾਰ ਮਹਿਸੂਸ ਕਰੋਂਗੇ। ਲੋਕਾਂ ਨੂੰ ਕੰਮ ਤੇ ਲੈ ਕੇ ਜਾਉ ਕਿਉਂ ਕਿ ਤੁਹਾਡੀ ਉਨਤੀ ਵਿਚ ਸਹਾਇਤਾ ਕਰੇਗੀ। ਯਾਤਰਾ ਦੇ ਦੋਰਾਨ ਤੁਸੀ ਨਵੇਂ ਸਥਾਨਾ ਨੂੰ ਜਾਣਗੋ ਅਤੇ ਖਾਸ ਲੋਕਾਂ ਨਾਲ ਮੁਲਾਕਾਤ ਹੋਵੇਗੀ। ਛੂਹਣਾ, ਚੁੰਮੀਆਂ, ਜੱਫੀਆਂ ਵਿਆਹੁਤਾ ਜੀਵਨ ਵਿਚ ਇਸਦੀ ਇਕ ਵਿਸ਼ੇਸ਼ ਮਹੱਤਤਾ ਹੈ ਅੱਜ ਤੁਸੀ ਇਸ ਦਾ ਅਨੁਭਵ ਕਰੋਂਗੇ।

**ਮੀਨ:** ਬਹੁਤ ਜ਼ਿਆਦਾ ਕੰਮ ਕਰਨ ਤੋਂ ਬਚੋ ਕਿਉਂ ਕਿ ਇਹ ਤੁਹਾਨੂੰ ਤਨਾਵ ਅਤੇ ਥਕਾਵਟ ਦੇਵੇਗਾ। ਪ੍ਰਾਪਤ ਹੋਇਆ ਧੰਨ ਤੁਹਾਡੀ ਉਮੀਦ ਮੁਤਾਬਿਕ ਨਹੀਂ ਹੋਵੇਗਾ। ਪਰਿਵਾਰ ਦੀ ਕਿਸੇ ਮਹਿਲਾ ਮੈਂਬਰ ਦੀ ਸਿਹਤ ਚਿੰਤਾ ਦੀ ਵਜਾਹ ਬਣ ਸਕਦੀ ਹੈ। ਆਪਣੇ ਰੁਮਾਂਟਿਕ ਖਿਆਲਾਂ ਨੂੰ ਹਰ ਕਿਸੇ ਨੂੰ ਦੱਸਣ ਤੋਂ ਬਚੋ। ਵੈੱਬ ਡਿਜ਼ਾਇਨਿਰ ਦੇ ਲਈ ਚੰਗਾ ਦਿਨ ਹੈ ਪੂਰੀ ਈਕਾਗਰਤਾ ਦੇ ਨਾਲ ਕੰਮ ਕਰੋ ਕਿਉਂ ਕਿ ਤੁਸੀ ਚਮਕ ਸਕਦੇ ਹੋ ਕੁਝ ਲੋਕਾਂ ਨੂੰ ਵਿਦੇਸ਼ ਜਾਣ ਦਾ ਮੋਕਾ ਵੀ ਮਿਲ ਸਕਦਾ ਹੈ। ਘਰ ਤੋਂ ਬਾਹਰ ਨਿਕਲ ਕੇ ਅੱਜ ਤੁਸੀ ਸਾਫ ਆਸਮਾਨ ਅਤੇ ਸਾਫ ਸੁਥਰੀ ਹਵਾ ਵਿਚ ਟਹਿਲਣਾ ਪਸੰਦ ਕਰੋਂਗੇ ਅੱਜ ਤੁਹਾਡਾ ਮਨ ਸ਼ਾਤ ਹੋਵੇਗਾ ਜਿਸਦਾ ਲਾਭ ਤੁਹਾਨੂੰ ਪੂਰਾ ਦਿਨ ਮਿਲੇਗਾ। ਅੱਜ ਕੋਈ ਵਿਅਕਤੀ ਤੁਹਾਡੇ ਜੀਵਨ ਸਾਥੀ ਵਿਚਕਾਰ ਕਾਫੀ ਦਿਲਚਸਪੀ ਦਿਖਾ ਸਕਦਾ ਹੈ ਪਰੰਤੂ ਦਿਨ ਦੇ ਅੰਤ ਤੱਕ ਤੁਹਾਨੂੰ ਅਹਿਸਾਸ ਹੋਵੇਗਾ ਕਿ ਇਸ ਨਾਲ ਕੁਝ ਗਲਤ ਨਹੀਂ ਹੈ।

# ਮੁਗਲ ਸ਼ਹਿਜ਼ਾਦੀ ਜ਼ੇਬ-ਉਨ-ਨਿਸਾ (Zeb-un-Nissa)

ਲੇਖਕ: ਬਲਰਾਜ ਸਿੰਘ ਸਿੱਧੂ, ਯੂ.ਕੇ.



ਮੁਗਲ ਸ਼ਹਿਜ਼ਾਦੀ ਜ਼ੇਬ-ਉਨ-ਨਿਸਾ, ਜੋ ਕਿ ਔਰੰਗਜ਼ੇਬ ਦੀ ਸਭ ਤੋਂ ਵੱਡੀ ਅਤੇ ਮਸ਼ਹੂਰ ਬੇਟੀ ਸੀ। ਅਕਸਰ ਲੋਕ ਸ਼ਾਹਜਹਾਂ ਦੀ ਬੇਟੀ ਜਹਾਂਆਰਾ ਅਤੇ ਔਰੰਗਜ਼ੇਬ ਦੀ ਬੇਟੀ ਵਿੱਚ ਭੁਲੇਖਾ ਖਾ ਜਾਂਦੇ ਹਨ, ਪਰ ਔਰੰਗਜ਼ੇਬ ਦੀ ਬੇਟੀ ਦਾ ਨਾਂ ਜ਼ੇਬ-ਉਨ-ਨਿਸਾ ਸੀ। ਔਰੰਗਜ਼ੇਬ ਦੀਆਂ ਪੰਜ ਬੇਟੀਆਂ ਸਨ। ਹਾਲਾਂਕਿ ਜ਼ੇਬ-ਉਨ-ਨਿਸਾ ਸਭ ਤੋਂ ਵੱਧ ਪ੍ਰਸਿੱਧ ਸੀ, ਪਰ ਬਾਕੀ ਸ਼ਹਿਜ਼ਾਦੀਆਂ ਦਾ ਵੀ ਇਤਿਹਾਸ ਵਿੱਚ ਜ਼ਿਕਰ ਮਿਲਦਾ ਹੈ,

1-ਜ਼ੀਨਤ-ਉਨ-ਨਿਸਾ (Zinat-un-Nissa) ਨੂੰ ਉਸਦੇ ਸਬਰ ਅਤੇ ਪਰਹੇਜ਼ਗਾਰੀ ਲਈ ਜਾਣਿਆ ਜਾਂਦਾ ਸੀ। ਉਸਨੇ ਦਿੱਲੀ ਵਿੱਚ ਮਸ਼ਹੂਰ 'ਜ਼ੀਨਤ-ਉਲ-ਮਸਾਜਿਦ' (ਘਟਾ ਮਸਜਿਦ) ਬਣਵਾਈ ਸੀ। ਉਸਨੇ ਆਪਣੇ ਪਿਤਾ ਦੀ ਬਿਰਧ ਅਵਸਥਾ ਵਿੱਚ ਬਹੁਤ ਸੇਵਾ ਕੀਤੀ।

2-ਬਦਰ-ਉਨ-ਨਿਸਾ (Badr-un-Nissa) ਵੀ ਬਹੁਤ ਪੜ੍ਹੀ-ਲਿਖੀ ਸੀ ਅਤੇ ਉਸਨੂੰ ਕੁਰਾਨ ਸ਼ਰੀਫ ਜ਼ਬਾਨੀ ਯਾਦ ਸੀ। ਉਸਦੀ ਸ਼ਖਸੀਅਤ ਬਹੁਤ ਨਿਮਰ ਸੀ।

3-ਜ਼ੁਬਦਤ-ਉਨ-ਨਿਸਾ (Zubdat-un-Nissa) ਦਾ ਵਿਆਹ ਉਸਦੇ ਚਚੇਰੇ ਭਰਾ ਸ਼ਹਿਜ਼ਾਦਾ ਸਿਪੀਹਰ ਸ਼ਿਕੋਹ (ਦਾਰਾ ਸ਼ਿਕੋਹ ਦੇ ਪੁੱਤਰ) ਨਾਲ ਹੋਇਆ ਸੀ।

4-ਮਿਹਰ-ਉਨ-ਨਿਸਾ (Mehr-un-Nissa) ਔਰੰਗਜ਼ੇਬ ਦੀ ਸਭ ਤੋਂ ਛੋਟੀ ਬੇਟੀ ਸੀ।

ਜ਼ੇਬ-ਉਨ-ਨਿਸਾ (1638-1702) ਮੁਗਲ ਸਾਮਰਾਜ ਦੀ ਇੱਕ ਪ੍ਰਭਾਵਸ਼ਾਲੀ ਸ਼ਖਸੀਅਤ, ਇੱਕ ਮਹਾਨ ਕਵਿੱਤਰੀ ਅਤੇ ਵਿਦਵਾਨ ਸੀ। ਉਸਦਾ ਜਨਮ 15 ਫਰਵਰੀ 1638 ਨੂੰ ਦੌਲਤਾਬਾਦ ਵਿੱਚ ਹੋਇਆ। ਉਸਦੀ ਮਾਤਾ ਦਿਲਰਾਸ ਬਾਨੋ ਬੇਗਮ ਸੀ। ਜ਼ੇਬ-ਉਨ-ਨਿਸਾ ਬਚਪਨ ਤੋਂ ਹੀ ਬਹੁਤ ਤੇਜ਼ ਬੁੱਧੀ ਵਾਲੀ ਸੀ। ਉਸਨੇ ਸਿਰਫ 7 ਸਾਲ ਦੀ ਉਮਰ ਵਿੱਚ ਕੁਰਾਨ ਸ਼ਰੀਫ ਜ਼ਬਾਨੀ ਯਾਦ ਕਰ ਲਿਆ ਸੀ (ਹਾਫਿਜ਼ਾ ਬਣ ਗਈ ਸੀ), ਜਿਸ ਦੀ ਖੁਸ਼ੀ ਵਿੱਚ ਔਰੰਗਜ਼ੇਬ ਨੇ ਬਹੁਤ ਵੱਡਾ ਜਸ਼ਨ ਮਨਾਇਆ ਸੀ। ਉਸਨੂੰ ਫਾਰਸੀ, ਅਰਬੀ ਅਤੇ ਉਰਦੂ ਭਾਸ਼ਾ ਦਾ ਡੂੰਘਾ ਗਿਆਨ ਸੀ। ਜ਼ੇਬ-ਉਨ-ਨਿਸਾ ਨੂੰ ਉਸਦੀ ਸ਼ਾਇਰੀ ਲਈ ਜਾਣਿਆ ਜਾਂਦਾ ਹੈ। ਉਹ 'ਮਖ਼ਫੀ' (Makhfi – ਜਿਸਦਾ ਮਤਲਬ ਹੈ 'ਛੁਪੀ ਹੋਈ') ਦੇ ਤਖੱਲਸ (ਉਪਨਾਮ) ਹੇਠ ਗਜ਼ਲਾਂ ਲਿਖਦੀ ਸੀ। ਉਸਦੀ ਸ਼ਾਇਰੀ ਦਾ ਸੰਗ੍ਰਹਿ 'ਦੀਵਾਨ-ਏ-ਮਖ਼ਫੀ' ਦੇ ਨਾਂ ਨਾਲ ਮਸ਼ਹੂਰ ਹੈ, ਜਿਸ ਵਿੱਚ ਲਗਭਗ 5,000 ਗਜ਼ਲਾਂ ਅਤੇ ਰੁਬਾਈਆਂ ਹਨ। ਉਸ ਕੋਲ ਉਸ ਸਮੇਂ ਦੀ ਸਭ ਤੋਂ ਵੱਡੀ ਨਿੱਜੀ ਲਾਇਬ੍ਰੇਰੀ ਸੀ ਅਤੇ ਉਹ ਲੇਖਕਾਂ ਤੇ ਵਿਦਵਾਨਾਂ ਦੀ ਬਹੁਤ ਮਦਦ ਕਰਦੀ ਸੀ।

ਜ਼ੇਬ-ਉਨ-ਨਿਸਾ ਬਹੁਤ ਸੁੰਦਰ ਹੋਣ ਦੇ ਨਾਲ-ਨਾਲ ਬੇਹੱਦ ਸਵੈ-ਮਾਣ ਵਾਲੀ ਔਰਤ ਸੀ। ਉਸਨੇ ਕਦੇ ਵਿਆਹ ਨਹੀਂ ਕਰਵਾਇਆ। ਸ਼ੁਰੂਆਤੀ ਦਿਨਾਂ ਵਿੱਚ ਉਹ ਆਪਣੇ ਪਿਤਾ ਔਰੰਗਜ਼ੇਬ ਦੀ ਬਹੁਤ ਚਹੇਤੀ ਸੀ ਅਤੇ ਰਾਜਨੀਤਿਕ ਮਾਮਲਿਆਂ ਵਿੱਚ ਵੀ ਸਲਾਹ ਦਿੰਦੀ ਸੀ।

ਜ਼ੇਬ-ਉਨ-ਨਿਸਾ ਦੀ ਲਿਖਤ ਵਿੱਚ ਅਕਸਰ ਇਕੱਲਾਪਨ ਅਤੇ ਰੂਹਾਨੀ ਇਸ਼ਕ ਝਲਕਦਾ ਸੀ। ਜ਼ੇਬ-ਉਨ-ਨਿਸਾ (ਮਖ਼ਫੀ) ਦਾ ਇਹ ਸ਼ੇਅਰ ਫਾਰਸੀ ਸਾਹਿਤ ਵਿੱਚ ਬਹੁਤ ਉੱਚਾ ਦਰਜਾ ਰੱਖਦਾ ਹੈ। ਇਸਦਾ ਅਸਲ ਫਾਰਸੀ ਰੂਪ (ਪੰਜਾਬੀ ਅੱਖਰਾਂ ਵਿੱਚ) ਅਤੇ ਸ਼ਬਦਾਂ ਦੇ ਅਰਥ ਹੇਠਾਂ ਦਿੱਤੇ ਗਏ ਹਨ:

ਅਸਲ ਫਾਰਸੀ ਸ਼ੇਅਰ (ਪੰਜਾਬੀ ਲਿਪੀ ਵਿੱਚ)

"ਦਰ ਸੁਖ਼ਨ ਪਿਨਹਾਂ ਸ਼ੁਦਮ, ਮਾਨੰਦਿ ਬੂ ਦਰ ਬਰਗਿ ਗੁਲ, ਹਰ ਕੇ ਦਾਵਦ ਮੈਲਿ ਦੀਦਨ, ਦਰ ਸੁਖ਼ਨ ਬੀਨਦ ਮਰਾ।"

ਸ਼ਬਦਾਂ ਦੇ ਅਰਥ (ਵਿਆਖਿਆ): ਇਸ ਸ਼ੇਅਰ ਦੀ ਗਹਿਰਾਈ ਨੂੰ ਸਮਝਣ ਲਈ ਇਹਨਾਂ ਸ਼ਬਦਾਂ 'ਤੇ ਗੌਰ ਕਰੋ:

ਦਰ ਸੁਖ਼ਨ (Dar Sukhan): ਸ਼ਬਦਾਂ ਵਿੱਚ / ਕਵਿਤਾ ਵਿੱਚ।

ਪਿਨਹਾਂ ਸ਼ੁਦਮ (Pinhan Shudam): ਮੈਂ ਛੁਪੀ ਹੋਈ ਹਾਂ।

ਮਾਨੰਦਿ ਬੂ (Manand-e-Bu): ਖੁਸ਼ਬੂ ਦੀ ਤਰ੍ਹਾਂ।

ਦਰ ਬਰਗਿ ਗੁਲ (Dar Barg-e-Gul): ਫੁੱਲ ਦੀ ਪੱਤੀ ਦੇ ਅੰਦਰ।

ਮੈਲਿ ਦੀਦਨ (Mail-e-Didan): ਵੇਖਣ ਦੀ ਇੱਛਾ / ਦੀਦਾਰ ਦੀ ਚਾਹਤ।

ਬੀਨਦ ਮਰਾ (Binad Mara): ਮੈਨੂੰ ਵੇਖ ਲਵੇ।

ਫਾਰਸੀ ਰੁਬਾਈ ਦਾ ਪੰਜਾਬੀ ਭਾਵ ਅਨੁਵਾਦ ਕੁਝ ਇਸ ਤਰ੍ਹਾਂ ਹੈ:

"ਮੈਂ ਆਪਣੀ ਕਵਿਤਾ ਦੇ ਸ਼ਬਦਾਂ ਵਿੱਚ ਇਸ ਤਰ੍ਹਾਂ ਛੁਪੀ ਹੋਈ ਹਾਂ, ਜਿਵੇਂ ਗੁਲਾਬ ਦੇ ਫੁੱਲ ਦੀ ਪੱਤੀ ਵਿੱਚ ਖੁਸ਼ਬੂ ਛੁਪੀ ਹੁੰਦੀ ਹੈ। ਜਿਹੜਾ ਵੀ ਮੈਨੂੰ ਵੇਖਣ ਦਾ ਚਾਹਵਾਨ ਹੈ, ਉਹ ਮੇਰੇ ਸ਼ਬਦਾਂ (ਸ਼ਾਇਰੀ) ਵਿੱਚ ਮੇਰਾ ਦੀਦਾਰ ਕਰ ਲਵੇ।"

ਇਹ ਸਤਰਾਂ ਦੱਸਦੀਆਂ ਹਨ ਕਿ ਉਹ ਇੱਕ ਬਹੁਤ ਹੀ ਸੰਵੇਦਨਸ਼ੀਲ ਅਤੇ ਗੰਭੀਰ ਸੁਭਾਅ ਵਾਲੀ ਸ਼ਖਸੀਅਤ ਸੀ। ਉਸਦੀ ਸ਼ਾਇਰੀ (ਦੀਵਾਨ-ਏ-ਮਖ਼ਫੀ) ਵਿੱਚ 'ਇਸ਼ਕ' ਇੱਕ ਮੁੱਖ ਵਿਸ਼ਾ ਹੈ। ਉਹ ਲਿਖਦੀ ਹੈ:

"ਐ ਮਖ਼ਫੀ! ਤੇਰੇ ਇਸ਼ਕ ਦੇ ਕਿੱਸੇ ਸ਼ਹਿਰ-ਸ਼ਹਿਰ ਹੋ ਰਹੇ ਹਨ, ਪਰ ਤੇਰਾ ਮਹਿਬੂਬ ਤਾਂ ਤੇਰੀਆਂ ਅੱਖਾਂ ਦੇ ਸਾਹਮਣੇ ਵੀ ਪਰਦੇ ਵਿੱਚ ਹੈ।"

ਉਸਦਾ ਇਸ਼ਕ ਸਿਰਫ਼ ਸਰੀਰਕ ਨਹੀਂ ਸੀ, ਬਲਕਿ ਬਹੁਤ ਰੂਹਾਨੀ (Spiritual) ਸੀ। ਉਹ ਆਪਣੀ ਕਵਿਤਾ ਵਿੱਚ ਅਕਸਰ "ਮਹਿਬੂਬ" ਸ਼ਬਦ ਦੀ ਵਰਤੋਂ ਕਰਦੀ ਸੀ, ਜੋ ਕਦੇ ਰੱਬ ਲਈ ਹੁੰਦਾ ਸੀ ਅਤੇ ਕਦੇ ਕਿਸੇ ਅਣਜਾਣ ਪਿਆਰੇ ਲਈ।

ਜ਼ੇਬ-ਉਨ-ਨਿਸਾ ਦੇ ਜੀਵਨ ਨਾਲ ਜੁੜੇ ਕਈ ਕਿੱਸੇ ਮਸ਼ਹੂਰ ਹਨ, ਜੋ ਉਸ ਦੀ ਹਾਜ਼ਰ-ਜਵਾਬੀ, ਸਵੈ-ਮਾਣ ਅਤੇ ਉਸ ਦੇ ਪਿਤਾ ਔਰੰਗਜ਼ੇਬ ਨਾਲ ਉਸ ਦੇ ਗੁੰਝਲਦਾਰ ਰਿਸ਼ਤੇ ਨੂੰ ਦਰਸਾਉਂਦੇ ਹਨ। ਇੱਕ ਬਹੁਤ ਹੀ ਮਸ਼ਹੂਰ ਕਿੱਸਾ ਬਾਦਸ਼ਾਹ ਔਰੰਗਜ਼ੇਬ ਅਤੇ ਜ਼ੇਬ-ਉਨ-ਨਿਸਾ ਦੀ ਕਾਵਿਕ ਜੰਗ (ਸ਼ਾਇਰੀ ਮੁਕਾਬਲਾ) ਬਾਰੇ ਹੈ। ਔਰੰਗਜ਼ੇਬ ਇੱਕ ਬਹੁਤ ਹੀ ਸਖ਼ਤ ਅਤੇ ਧਾਰਮਿਕ ਸੁਭਾਅ ਦਾ ਇਨਸਾਨ ਸੀ, ਜਦੋਂ ਕਿ ਜ਼ੇਬ-ਉਨ-ਨਿਸਾ ਆਜ਼ਾਦ ਖਿਆਲਾਂ ਵਾਲੀ ਅਤੇ ਇਸ਼ਕ-ਮੁਹੱਬਤ ਦੀਆਂ ਗੱਲਾਂ ਲਿਖਣ ਵਾਲੀ ਕਵਿੱਤਰੀ ਸੀ।

ਇੱਕ ਵਾਰ ਔਰੰਗਜ਼ੇਬ ਨੇ ਆਪਣੀ ਬੇਟੀ ਦੀ ਪ੍ਰੀਖਿਆ ਲੈਣ ਲਈ ਜਾਂ ਸ਼ਾਇਦ ਉਸ ਨੂੰ ਨੀਵਾਂ ਦਿਖਾਉਣ ਲਈ ਇੱਕ ਮਿਸਰਾ (ਕਵਿਤਾ ਦੀ ਲਾਈਨ) ਲਿਖਿਆ ਅਤੇ ਉਸ ਨੂੰ ਚੁਣੌਤੀ ਦਿੱਤੀ ਕਿ ਉਹ ਇਸ ਨੂੰ ਪੂਰਾ ਕਰੇ। ਔਰੰਗਜ਼ੇਬ ਦੀ ਲਾਈਨ ਸੀ:

"ਦਰ-ਏ-ਦਿਲ ਬਜ਼ਨ, ਕਿ ਦਰ ਬਿਗੁਸ਼ਾਯੰਦ..." (ਦਿਲ ਦਾ ਦਰਵਾਜ਼ਾ ਖੜਕਾਓ, ਤਾਂ ਜੋ ਉਹ ਖੁੱਲ੍ਹ ਸਕੇ...)

ਇਸ ਲਾਈਨ ਵਿੱਚ ਔਰੰਗਜ਼ੇਬ ਦਾ ਇਸ਼ਾਰਾ ਰੱਬ ਦੀ ਬੰਦਗੀ ਵੱਲ ਸੀ। ਪਰ ਜ਼ੇਬ-ਉਨ-ਨਿਸਾ ਨੇ ਤੁਰੰਤ ਅਗਲੀ ਲਾਈਨ ਲਿਖ ਕੇ ਗੱਲ ਨੂੰ ਇਸ਼ਕ-ਏ-ਹਕੀਕੀ (ਰੂਹਾਨੀ ਪਿਆਰ) ਦੇ ਇੱਕ ਵੱਖਰੇ ਮੁਕਾਮ 'ਤੇ ਪਹੁੰਚਾ ਦਿੱਤਾ। ਉਸਨੇ ਜਵਾਬ ਦਿੱਤਾ:

"ਕਿ ਬਾਰ-ਹਾ ਜ਼ਦਮ, ਵ ਕਿਸੇ ਦਰ ਨਾ-ਕੁਸ਼ਾਦ!" (ਕਿਉਂਕਿ ਮੈਂ ਕਈ ਵਾਰ ਖੜਕਾਇਆ ਹੈ, ਪਰ ਅੰਦਰੋਂ ਕਿਸੇ ਨੇ ਨਹੀਂ ਖੋਲ੍ਹਿਆ!)

ਇਹ ਜਵਾਬ ਸੁਣ ਕੇ ਔਰੰਗਜ਼ੇਬ ਹੈਰਾਨ ਰਹਿ ਗਿਆ। ਇਸ ਵਿੱਚ ਇੱਕ ਡੂੰਘਾ ਦਰਦ ਸੀ ਕਿ ਸੱਚਾ ਪਿਆਰ ਜਾਂ ਰੱਬ ਦੀ ਪ੍ਰਾਪਤੀ ਇੰਨੀ ਸੌਖੀ ਨਹੀਂ ਜਿੰਨੀ ਕਹਿ ਦਿੱਤੀ ਜਾਂਦੀ ਹੈ।

ਇੱਕ ਵਾਰ ਜ਼ੇਬ-ਉਨ-ਨਿਸਾ ਆਪਣੇ ਕਮਰੇ ਵਿੱਚ ਸ਼ੀਸ਼ਾ ਦੇਖ ਰਹੀ ਸੀ। ਉਸ ਸਮੇਂ ਔਰੰਗਜ਼ੇਬ ਅਚਾਨਕ ਉੱਥੇ ਆ ਗਿਆ। ਔਰੰਗਜ਼ੇਬ ਨੇ ਉਸ ਨੂੰ ਸ਼ੀਸ਼ਾ ਦੇਖਦੇ ਹੋਏ ਟੋਕਿਆ (ਕਿਉਂਕਿ ਉਹ ਸੁੰਦਰਤਾ ਅਤੇ ਸ਼ਿੰਗਾਰ ਨੂੰ ਫਜ਼ੂਲ ਸਮਝਦਾ ਸੀ)।

ਜ਼ੇਬ-ਉਨ-ਨਿਸਾ ਨੇ ਉਸੇ ਵੇਲੇ ਇੱਕ ਸ਼ੇਅਰ ਪੜ੍ਹਿਆ ਜਿਸਦਾ ਭਾਵ ਸੀ:

"ਮੈਂ ਸ਼ੀਸ਼ੇ ਵਿੱਚ ਆਪਣਾ ਚਿਹਰਾ ਨਹੀਂ ਦੇਖ ਰਹੀ, ਬਲਕਿ ਇਹ ਦੇਖ ਰਹੀ ਹਾਂ ਕਿ ਰੱਬ ਨੇ ਮੇਰੇ ਅੰਦਰ ਕਿੰਨੀ ਖੂਬਸੂਰਤ ਰੂਹ ਪਾਈ ਹੈ।"

ਉਸ ਦੀ ਅਜਿਹੀ ਹਾਜ਼ਰ-ਜਵਾਬੀ ਕਾਰਨ ਹੀ ਔਰੰਗਜ਼ੇਬ ਉਸ ਦੀ ਕਦਰ ਵੀ ਕਰਦਾ ਸੀ ਅਤੇ ਉਸ ਤੋਂ ਡਰਦਾ ਵੀ ਸੀ ਕਿ ਉਹ ਉਸ ਦੇ ਸਖ਼ਤ ਨਿਯਮਾਂ ਨੂੰ ਆਪਣੀ ਦਲੀਲ ਨਾਲ ਚੁਣੌਤੀ ਦੇ ਦਿੰਦੀ ਸੀ।

ਜ਼ੇਬ-ਉਨ-ਨਿਸਾ ਦੇ ਇਸ਼ਕ ਦੇ ਕਿੱਸੇ ਇਤਿਹਾਸ ਅਤੇ ਲੋਕ-ਕਥਾਵਾਂ ਵਿੱਚ ਬਹੁਤ ਮਸ਼ਹੂਰ ਹਨ। ਹਾਲਾਂਕਿ ਉਹ ਸਾਰੀ ਉਮਰ ਕੁਆਰੀ ਰਹੀ, ਪਰ ਉਸਦੇ ਨਾਂ ਨਾਲ ਕਈ ਪ੍ਰੇਮ ਕਹਾਣੀਆਂ ਜੋੜੀਆਂ ਜਾਂਦੀਆਂ ਹਨ, ਜਿਨ੍ਹਾਂ ਵਿੱਚੋਂ ਅਕੀਲ ਖ਼ਾਨ ਵਾਲੀ ਕਹਾਣੀ ਸਭ ਤੋਂ ਦਰਦਨਾਕ ਅਤੇ ਪ੍ਰਚਲਿਤ ਹੈ। ਸ਼ਹਿਜ਼ਾਦੀ ਜ਼ੇਬ-ਉਨ-ਨਿਸਾ ਅਤੇ ਅਕੀਲ ਖ਼ਾਨ (ਲਾਹੌਰ ਦਾ ਗਵਰਨਰ) ਦੀ ਕਹਾਣੀ ਮੁਗ਼ਲ ਕਾਲ ਦੀਆਂ ਸਭ ਤੋਂ ਚਰਚਿਤ ਅਤੇ ਰੂਹਾਨੀ ਪ੍ਰੇਮ ਕਹਾਣੀਆਂ ਵਿੱਚੋਂ ਇੱਕ ਮੰਨੀ ਜਾਂਦੀ ਹੈ। ਅਕੀਲ ਖ਼ਾਨ ਲਾਹੌਰ ਦਾ ਗਵਰਨਰ ਅਤੇ ਇੱਕ ਉੱਚ ਕੋਟੀ ਦਾ ਸ਼ਾਇਰ ਸੀ। ਉਹਨਾਂ ਦੇ ਇਸ਼ਕ ਦੀਆਂ ਗੱਲਾਂ ਸ਼ਾਇਰੀ ਰਾਹੀਂ ਸ਼ੁਰੂ ਹੋਈਆਂ। ਕਿਹਾ ਜਾਂਦਾ ਹੈ ਕਿ ਜ਼ੇਬ-ਉਨ-ਨਿਸਾ ਉਸਦੀ ਬੁੱਧੀ ਅਤੇ ਸ਼ਾਇਰੀ ਦੀ ਇੰਨੀ ਕਾਇਲ ਸੀ ਕਿ ਉਹ ਉਸ ਨਾਲ ਵਿਆਹ ਕਰਨਾ ਚਾਹੁੰਦੀ ਸੀ। ਪਰ ਔਰੰਗਜ਼ੇਬ ਵਰਗੇ ਸਖ਼ਤ ਪਿਤਾ ਦੇ ਹੁੰਦਿਆਂ, ਇੱਕ ਸ਼ਹਿਜ਼ਾਦੀ ਦਾ ਕਿਸੇ ਦਰਬਾਰੀ ਜਾਂ ਗਵਰਨਰ ਨਾਲ ਪਿਆਰ ਕਰਨਾ ਇੱਕ ਬਹੁਤ ਵੱਡਾ ਗੁਨਾਹ ਮੰਨਿਆ ਜਾਂਦਾ ਸੀ। ਕੁਝ ਇਤਿਹਾਸਕਾਰ ਮੰਨਦੇ ਹਨ ਕਿ ਅਕੀਲ ਖ਼ਾਨ ਦੀ ਮੌਤ ਤੋਂ ਬਾਅਦ ਜ਼ੇਬ-ਉਨ-ਨਿਸਾ ਨੇ ਫੈਸਲਾ ਕਰ ਲਿਆ ਸੀ ਕਿ ਉਹ ਕਦੇ ਵਿਆਹ ਨਹੀਂ ਕਰੇਗੀ।

ਅਕੀਲ ਖ਼ਾਨ ਉਸ ਸਮੇਂ ਦਾ ਇੱਕ ਬਹੁਤ ਹੀ ਸੁੰਦਰ, ਬਹਾਦਰ ਅਤੇ ਪੜ੍ਹਿਆ-ਲਿਖਿਆ ਨੌਜਵਾਨ ਸੀ। ਉਹ ਖ਼ੁਦ ਵੀ ਸ਼ਾਇਰੀ ਦਾ ਬਹੁਤ ਸ਼ੌਕੀਨ ਸੀ। ਇੱਕ ਵਾਰ ਜ਼ੇਬ-ਉਨ-ਨਿਸਾ ਆਪਣੇ ਮਹਿਲ ਦੀ ਛੱਤ 'ਤੇ ਟਹਿਲ ਰਹੀ ਸੀ। ਉਸਨੇ ਹੇਠਾਂ ਤੋਂ ਲੰਘਦੇ ਅਕੀਲ ਖ਼ਾਨ ਨੂੰ ਦੇਖਿਆ। ਅਕੀਲ ਖ਼ਾਨ ਨੇ ਵੀ ਉਸਦੀ ਇੱਕ ਝਲਕ ਦੇਖੀ ਅਤੇ ਉਹ ਉਸਦੀ ਖ਼ੂਬਸੂਰਤੀ ਦਾ ਕਾਇਲ ਹੋ ਗਿਆ।

ਦੋਵਾਂ ਵਿਚਕਾਰ ਗੱਲਬਾਤ ਦਾ ਜ਼ਰੀਆ 'ਸ਼ਾਇਰੀ' ਬਣਿਆ। ਅਕੀਲ ਖ਼ਾਨ ਨੇ ਇੱਕ ਵਾਰ ਜ਼ੇਬ-ਉਨ-ਨਿਸਾ ਦੀ ਸੁੰਦਰਤਾ ਬਾਰੇ ਇੱਕ ਸ਼ੇਅਰ ਲਿਖ ਕੇ ਭੇਜਿਆ। ਜ਼ੇਬ-ਉਨ-ਨਿਸਾ ਨੇ ਉਸਦਾ ਜਵਾਬ ਇੰਨੀ ਹੁਸ਼ਿਆਰੀ ਅਤੇ ਗੰਭੀਰਤਾ ਨਾਲ ਦਿੱਤਾ ਕਿ ਅਕੀਲ ਖ਼ਾਨ ਨੂੰ ਸਮਝ ਆ ਗਈ ਕਿ ਇਹ ਸ਼ਹਿਜ਼ਾਦੀ ਸਿਰਫ਼ ਸੁੰਦਰ ਹੀ ਨਹੀਂ, ਬਲਕਿ ਬਹੁਤ ਉੱਚੇ ਵਿਚਾਰਾਂ ਵਾਲੀ ਹੈ।

ਲੋਕ-ਕਥਾਵਾਂ ਅਨੁਸਾਰ, ਇੱਕ ਵਾਰ ਉਹ ਇੱਕ ਬਾਗ਼ ਵਿੱਚ ਮਿਲੇ। ਔਰੰਗਜ਼ੇਬ ਨੂੰ ਇਸ ਗੱਲ ਦੀ ਭਿਣਕ ਲੱਗ ਗਈ ਅਤੇ ਉਹ ਅਚਾਨਕ ਉੱਥੇ ਪਹੁੰਚ ਗਿਆ। ਅਕੀਲ ਖ਼ਾਨ ਨੇ ਆਪਣੀ ਜਾਨ ਬਚਾਉਣ ਲਈ ਇੱਕ ਵੱਡੀ ਦੇਗ (ਵੱਡਾ ਬਰਤਨ) ਵਿੱਚ ਆਪਣੇ ਆਪ ਨੂੰ ਛੁਪਾ ਲਿਆ। ਔਰੰਗਜ਼ੇਬ ਨੂੰ ਸ਼ੱਕ ਹੋ ਗਿਆ ਅਤੇ ਉਸਨੇ ਹੁਕਮ ਦਿੱਤਾ ਕਿ ਉਸ ਦੇਗ ਦੇ ਹੇਠਾਂ ਅੱਗ ਬਾਲ ਦਿੱਤੀ ਜਾਵੇ। ਅਕੀਲ ਖ਼ਾਨ ਨੇ ਸ਼ਹਿਜ਼ਾਦੀ ਦੀ ਇੱਜ਼ਤ ਬਚਾਉਣ ਲਈ ਅੰਦਰੋਂ ਇੱਕ ਆਵਾਜ਼ ਤੱਕ ਨਹੀਂ ਕੱਢੀ ਅਤੇ ਉੱਥੇ ਹੀ ਦਮ ਤੋੜ ਦਿੱਤਾ।

ਹਾਲਾਂਕਿ ਇਤਿਹਾਸਕਾਰ ਇਸ ਕਹਾਣੀ ਦੀ ਸੱਚਾਈ ਬਾਰੇ ਵੱਖ-ਵੱਖ ਰਾਇ ਰੱਖਦੇ ਹਨ (ਕੁਝ ਇਸ ਨੂੰ ਸਿਰਫ਼ ਇੱਕ ਅਫ਼ਵਾਹ ਮੰਨਦੇ ਹਨ), ਪਰ ਜ਼ੇਬ-ਉਨ-ਨਿਸਾ ਦੀ ਸ਼ਾਇਰੀ ਵਿੱਚ ਜੋ ਦਰਦ ਅਤੇ ਵਿਛੋੜਾ ਮਿਲਦਾ ਹੈ, ਉਹ ਅਕਸਰ ਇਸੇ ਅਧੂਰੇ ਪਿਆਰ ਨਾਲ ਜੋੜਿਆ ਜਾਂਦਾ ਹੈ।

ਉਸਨੇ ਇੱਕ ਥਾਂ ਲਿਖਿਆ ਸੀ:

"ਮੈਂ ਇਸ਼ਕ ਦੀ ਰਾਹ ਵਿੱਚ ਆਪਣੀ ਜਵਾਨੀ ਗੁਆ ਦਿੱਤੀ, ਪਰ ਮੇਰੇ ਦਿਲ ਦਾ ਰਾਜ਼ ਮੇਰੇ ਨਾਲ ਹੀ ਕਬਰ ਵਿੱਚ ਜਾਵੇਗਾ।"

ਇੱਕ ਸ਼ੇਅਰ ਜੋ ਉਸਦੀ ਹਾਲਤ ਬਿਆਨ ਕਰਦਾ ਹੈ:

"ਗੁਲਸ਼ਨ ਮੇਂ ਗੁਲ ਰੁਖ਼ੋਂ ਸੇ ਅਜੀਬ ਇਤਿਫ਼ਾਕ ਹੈ, ਹਮ ਗੁਲ ਸਮਝ ਰਹੇ ਥੇ, ਮਗਰ ਵੋ ਤੋ ਖਾਰ (ਕੰਡਾ) ਨਿਕਲਾ।" (ਬਾਗ਼ ਵਿੱਚ ਖੂਬਸੂਰਤ ਚਿਹਰਿਆਂ ਨਾਲ ਅਜੀਬ ਸਬੱਬ ਬਣਿਆ, ਮੈਂ ਫੁੱਲ ਸਮਝ ਕੇ ਹੱਥ ਪਾਇਆ ਸੀ, ਪਰ ਉਹ ਕੰਡਾ ਨਿਕਲਿਆ।)

ਜ਼ੇਬ-ਉਨ-ਨਿਸਾ ਦੇ ਜੀਵਨ ਦੇ ਆਖਰੀ 20 ਸਾਲ ਬਹੁਤ ਦੁਖਦਾਈ ਸਨ। ਕਿਹਾ ਜਾਂਦਾ ਹੈ ਕਿ ਉਸਨੇ ਆਪਣੇ ਭਰਾ (ਸ਼ਹਿਜ਼ਾਦਾ ਅਕਬਰ) ਦਾ ਸਾਥ ਦਿੱਤਾ ਸੀ ਜਿਸਨੇ ਔਰੰਗਜ਼ੇਬ ਦੇ ਖਿਲਾਫ ਬਗਾਵਤ ਕੀਤੀ ਸੀ। ਇਸ ਕਾਰਨ ਔਰੰਗਜ਼ੇਬ ਨੇ 1681 ਵਿੱਚ ਉਸਨੂੰ ਦਿੱਲੀ ਦੇ ਸਲੀਮਗੜ੍ਹ ਕਿਲੇ ਵਿੱਚ ਕੈਦ ਕਰ ਦਿੱਤਾ।

ਇਤਿਹਾਸਕਾਰ ਕਹਿੰਦੇ ਹਨ ਕਿ ਉਸ ਨੂੰ ਸਲੀਮਗੜ੍ਹ ਦੇ ਕਿਲੇ ਵਿੱਚ ਕੈਦ ਕਰਨ ਦਾ ਇੱਕ ਕਾਰਨ ਇਹ ਵੀ ਸੀ ਕਿ ਉਹ ਆਪਣੇ ਪਿਤਾ ਦੀਆਂ ਕਈ ਕੱਟੜ ਨੀਤੀਆਂ ਨਾਲ ਸਹਿਮਤ ਨਹੀਂ ਸੀ।

ਬਹੁਤ ਸਾਰੇ ਲੋਕ ਮੰਨਦੇ ਹਨ ਕਿ ਔਰੰਗਜ਼ੇਬ ਨੇ ਉਸਨੂੰ ਸਿਰਫ਼ ਰਾਜਨੀਤਿਕ ਬਗਾਵਤ ਕਰਕੇ ਕੈਦ ਨਹੀਂ ਕੀਤਾ ਸੀ, ਬਲਕਿ ਉਸਦੀ ਆਜ਼ਾਦ ਖਿਆਲੀ ਅਤੇ ਇਸ਼ਕੀਆ ਸ਼ਾਇਰੀ ਤੋਂ ਉਹ ਬਹੁਤ ਚਿੜਿਆ ਹੋਇਆ ਸੀ। ਔਰੰਗਜ਼ੇਬ ਚਾਹੁੰਦਾ ਸੀ ਕਿ ਉਸਦੀਆਂ ਬੇਟੀਆਂ ਸਿਰਫ਼ ਧਾਰਮਿਕ ਪੜ੍ਹਾਈ ਕਰਨ।

ਜਦੋਂ ਉਸਨੂੰ ਪਤਾ ਲੱਗਾ ਕਿ ਜ਼ੇਬ-ਉਨ-ਨਿਸਾ ਗੁਪਤ ਤੌਰ 'ਤੇ 'ਮੁਸ਼ਾਇਰਿਆਂ' (ਕਵੀ ਦਰਬਾਰਾਂ) ਵਿੱਚ ਹਿੱਸਾ ਲੈਂਦੀ ਹੈ ਅਤੇ ਉਸਦੇ ਦਿਲ ਵਿੱਚ ਕਿਸੇ ਲਈ ਮੁਹੱਬਤ ਹੈ, ਤਾਂ ਉਸਨੇ ਇਸਨੂੰ ਖਾਨਦਾਨ ਦੀ ਇੱਜ਼ਤ ਦੇ ਖਿਲਾਫ ਮੰਨਿਆ।

ਕੈਦ ਦੇ ਦਿਨਾਂ ਵਿੱਚ ਉਹ ਅਕਸਰ ਇਕੱਲੀ ਬੈਠ ਕੇ ਰੋਂਦੀ ਸੀ ਅਤੇ ਕਵਿਤਾਵਾਂ ਲਿਖਦੀ ਸੀ। ਉਸਨੇ ਆਪਣੀ ਕੈਦ ਦੌਰਾਨ ਲਿਖਿਆ ਸੀ:

"ਇਹ ਮੇਰੀ ਕਿਸਮਤ ਹੈ ਕਿ ਮੈਂ ਫੁੱਲਾਂ ਦੀ ਥਾਂ ਕੰਡਿਆਂ ਵਿੱਚ ਘਿਰੀ ਹੋਈ ਹਾਂ, ਪਰ ਮੇਰੀ ਕਵਿਤਾ ਦੀ ਖੁਸ਼ਬੂ ਇਨ੍ਹਾਂ ਕੰਧਾਂ ਤੋਂ ਬਾਹਰ ਜ਼ਰੂਰ ਜਾਵੇਗੀ।"

1702 ਵਿੱਚ ਕੈਦ ਦੌਰਾਨ ਹੀ ਉਸਦੀ ਮੌਤ ਹੋ ਗਈ। ਉਸਨੂੰ ਦਿੱਲੀ ਦੇ 'ਤੀਸ ਹਜ਼ਾਰੀ' ਬਾਗ ਵਿੱਚ ਦਫਨਾਇਆ ਗਿਆ ਸੀ

ਜ਼ੇਬ-ਉਨ-ਨਿਸਾ ਨੇ ਇਹ ਸ਼ੇਅਰ ਉਸ ਸਮੇਂ ਲਿਖਿਆ ਸੀ ਜਦੋਂ ਮੁਗਲ ਘਰਾਣੇ ਦੀਆਂ ਔਰਤਾਂ ਲਈ ਸਖ਼ਤ ਪੜਦਾ ਪ੍ਰਥਾ ਸੀ। ਉਸਨੇ ਬਹੁਤ ਖੂਬਸੂਰਤੀ ਨਾਲ ਇਹ ਸੁਨੇਹਾ ਦਿੱਤਾ ਕਿ ਭਾਵੇਂ ਕੋਈ ਉਸਨੂੰ ਸਰੀਰਕ ਤੌਰ 'ਤੇ ਨਹੀਂ ਦੇਖ ਸਕਦਾ, ਪਰ ਉਸਦੀ ਰੂਹ ਅਤੇ ਉਸਦੀ ਸ਼ਖਸੀਅਤ ਉਸਦੀ ਸ਼ਾਇਰੀ ਰਾਹੀਂ ਹਮੇਸ਼ਾ ਜ਼ਾਹਿਰ ਰਹੇਗੀ। ਲਾਹੌਰ (ਪਾਕਿਸਤਾਨ) ਵਿੱਚ "ਚੌਬੁਰਜੀ" ਨਾਮ ਦੀ ਇੱਕ ਇਮਾਰਤ ਹੈ, ਜਿਸ ਬਾਰੇ ਕਿਹਾ ਜਾਂਦਾ ਹੈ ਕਿ ਇਹ ਜ਼ੇਬ-ਉਨ-ਨਿਸਾ ਨੇ ਇੱਕ ਬਾਗ਼ ਦੇ ਰੂਪ ਵਿੱਚ ਬਣਵਾਈ ਸੀ। ਲਾਹੌਰ ਵਿੱਚ ਅੱਜ ਵੀ ਲੋਕ ਜ਼ੇਬ-ਉਨ-ਨਿਸਾ ਨੂੰ ਇੱਕ 'ਪਿਆਰ ਦੀ ਸ਼ਹੀਦ' ਵਜੋਂ ਯਾਦ ਕਰਦੇ ਹਨ। ਚੌਬੁਰਜੀ ਬਾਗ਼ ਬਾਰੇ ਕਿਹਾ ਜਾਂਦਾ ਹੈ ਕਿ ਇਹ ਉਹ ਥਾਂ ਸੀ ਜਿੱਥੇ ਉਹ ਆਪਣੇ ਖਿਆਲਾਂ ਵਿੱਚ ਗੁਆਚੀ ਰਹਿੰਦੀ ਸੀ। ਉਸਦੀ ਸ਼ਾਇਰੀ ਵਿੱਚ ਜੋ ਤੜਪ ਹੈ, ਉਹ ਦਰਸਾਉਂਦੀ ਹੈ ਕਿ ਉਸਨੇ ਮੁਹੱਬਤ ਦੀ ਬਹੁਤ ਵੱਡੀ ਕੀਮਤ ਚੁਕਾਈ ਸੀ। ਅੱਜ ਵੀ ਉਸਦੀ ਸ਼ਾਇਰੀ ਪੂਰੀ ਦੁਨੀਆ ਵਿੱਚ ਫਾਰਸੀ ਸਾਹਿਤ ਦੇ ਪ੍ਰੇਮੀਆਂ ਵੱਲੋਂ ਪੜ੍ਹੀ ਜਾਂਦੀ ਹੈ।

# (ਰਿਸ਼ਤਿਆਂ ਦਾ ਬਜ਼ਾਰ)

ਪਤਾ ਨਹੀਂ ਕਿਉਂ ਇੱਕ ਦਿਨ
ਨਿਕਲ ਤੁਰੀ ਮੈਂ ਬਾਹਰ
ਤੇ ਜਾ ਪਹੁੰਚੀ
ਰਿਸ਼ਤਿਆਂ ਦੇ ਬਜ਼ਾਰ ਵਿਚ
ਸੋਚਿਆ ਪਤਾ ਕਰਾਂ ਕਿ
ਅੱਜ -ਕੱਲ੍ਹ ਕਿੱਥੋਂ ਮਿਲਦੀ ਹੈ
ਇਨਸਾਨੀਅਤ

ਬਹੁਤ ਭਟਕੀ ਇਨਸਾਨੀਅਤ
ਨਾ ਮਿਲੀ ਕਿਤੋਂ
ਜਿਸਨੂੰ ਪੁੱਛਾਂ, ਇਹੀ ਜਵਾਬ ਮਿਲੇ
ਜਾ ਬੀਬੀ ਵਾਪਿਸ ਮੁੜ ਜਾ
ਅੱਜ ਕੱਲ੍ਹ ਲੋਕਾਂ ਦੀਆਂ
ਜ਼ਮੀਰਾਂ ਮਰ ਚੁੱਕੀਆਂ ਹਨ
ਤੇ ਇਨਸਾਨੀਅਤ ਕਿੱਥੇ ਰਹੀ

ਨਹੀਂ ਮੰਨੀ ਮੈਂ ਤੇ ਤੁਰੀ ਗਈ
ਕੀ ਦੇਖਦੀ ਹਾਂ ਇਕ ਜਗਹ
ਬਹੁਤ ਭੀੜ ਸੀ
ਜ਼ਰਾ ਰੁੱਕ ਗਈ ਮੈਂ
ਦੇਖਿਆ ਮੰਡੀ ਲੱਗੀ ਹੋਈ ਸੀ
ਪੈਸਿਆਂ ਦੇ ਬਜ਼ਾਰ ਦੀ

ਬੋਲੀ ਲੱਗੀ ਸੀ ਜਿੱਥੇ
ਪੈਸੇ ਦੇ ਕੇ ਕਿਤਾਬਾਂ ਲਿਖਣ,
ਖ਼੍ਰੀਦਣ ਤੇ ਵੇਚਣ ਵਾਲਿਆਂ ਦੀ
ਦੰਗ ਰਹਿ ਗਈ ਮੈਂ ਉਹ
ਅਹਿਸਾਸ ਵੇਚ ਰਹੇ ਹਨ ਆਪਣੇ
ਅਹਿਸਾਸਾਂ ਦੀ ਵੀ ਕਦੀ
ਕੋਈ ਕੀਮਤ ਹੁੰਦੀ ਹੈ ।

ਮਨ ਮਸੋਸ ਰਹਿ ਗਈ ਮੈਂ
ਅੱਗੇ ਤੁਰੀ ਕੀ ਦੇਖਦੀ ਹਾਂ ਮੈਂ ਫਿਰ
ਮਾਣ ਸਨਮਾਨ, ਔਹਦੇ ਵੀ
ਵੇਚੇ ਜਾ ਰਹੇ ਹਨ
ਪੈਸੇ ਦੇ ਕੇ, ਚਾਪਲੂਸੀ ਕਰਕੇ



ਸਿਫ਼ਾਰਸ਼ ਕਰਕੇ
ਇਨਸਾਨ ਦੀ ਆਪਣੀ
ਕਾਬਲੀਅਤ ਦੀ ਕਦਰ ਹੀ ਨਹੀਂ ਕੋਈ ।

ਉਹੋ ਦੁਖੀ ਹੋ ਅੱਗੇ ਵਧੀ ਫਿਰ
ਸ਼ਾਇਦ ਕਿਤੋਂ ਸੱਚਾ ਪਿਆਰ ਮਿਲ ਜਾਏ
ਉਹ ! ਭੁਲੇਖੇ ਵਿਚ ਸੀ ਮੈਂ ਤਾਂ

ਅੱਜ ਕੱਲ੍ਹ ਕਿਸੇ ਵੀ ਰਿਸ਼ਤੇ ਵਿਚ
ਸੱਚਾ ਪਿਆਰ ਰਿਹਾ ਹੀ ਨਹੀਂ
ਸੱਭ ਰਿਸ਼ਤੇ ਨਾਤੇ ਮਤਲਬੀ ਹੋ ਗਏ ਨੇ ।

ਕਿੱਥੇ ਗੁਆਚ ਗਈ ਇਨਸਾਨੀਅਤ
ਕਿਤੇ ਤੇ ਹੋਏਗੀ
ਤੁਰਦੇ ਤੁਰਦੇ ਜਾ ਪਹੁੰਚੀ
ਬਸਤੀ ਇੱਕ ਵਿਚ
ਗਰੀਬ ਗੁਰਬੇ ਮਜ਼ਦੂਰ
ਰਹਿੰਦੇ ਸਨ ਜਿੱਥੇ
ਮੈਨੂੰ ਦੇਖ ਉਹਨਾਂ ਨੂੰ
ਜਿਵੇਂ ਚਾਅ ਹੀ ਚੜ੍ਹ
ਗਿਆ ਹੋਏ ।

ਨਾ ਜਾਣ, ਨਾ ਪਹਿਚਾਣ
ਫਿਰ ਵੀ ਐਨਾ ਮੋਹ ਤੇ ਸਤਿਕਾਰ
ਵਿੱਛ ਵਿੱਛ ਜਾਵਣ ਉਹ
ਮੇਰੇ ਅੱਗੇ ਪਿੱਛੇ
ਮੰਜੇ ਤੇ ਬਿਠਾ ਸੁੱਖ ਸਾਂਦ ਪੁੱਛੀ
ਜੋ ਸਰਦਾ ਬਣਦਾ ਸੀ
ਖਾਣ ਪੀਣ ਨੂੰ ਦਿੱਤਾ
ਕਈ ਤਰ੍ਹਾਂ ਦੇ ਸਵਾਲ

ਮੈਨੂੰ ਉਹਨਾਂ ਕੀਤੇ
ਜਿਹਨਾਂ ਦੇ ਠੀਕ ਜਵਾਬ
ਨਾ ਦੇ ਸਕੀ ਮੈਂ ।

ਮੂੰਹ ਆਪਣਾ ਛੁਪਾਉਂਦੀ
ਫਿਰਾਂ ਮੈਂ ਉਹਨਾਂ ਤੋਂ
ਇੱਕ ਦੂਸਰੇ ਦੇ ਦੁੱਖ ਸੁਖ
ਵਿਚ ਸਾਥ ਦੇਣ ਵਾਲੇ
ਸਾਥ ਨਿਭਾਉਣ ਵਾਲੇ
ਕਿੰਨਾ ਮੋਹ ਪਿਆਰ ਸੀ
ਉਹਨਾਂ ਸੱਭਨਾ ਵਿਚ।

ਕਿਉਂਕਿ ਉਹਨਾਂ ਦੀਆਂ ਜ਼ਮੀਰਾਂ
ਮਰੀਆਂ ਹੋਈਆਂ ਨਹੀਂ ਸਨ
ਜੱਗਦੀਆਂ ਜ਼ਮੀਰਾਂ ਵਾਲੇ ਸਨ ਉਹ ਲੋਕ
ਜਿਸ ਇਨਸਾਨੀਅਤ ਨੂੰ ਮੈਂ ਜਗ੍ਹਾ ਜਗ੍ਹਾ
ਤਲਾਸ਼ ਕਰ ਰਹੀ ਸੀ
ਰਿਸ਼ਤਿਆਂ ਦੇ ਬਜ਼ਾਰ ਵਿਚ
ਮਿਲ ਗਈ ਅੱਜ ਉਹ ਮੈਨੂੰ
ਗਰੀਬਾਂ ਦੀ ਬਸਤੀ ਵਿਚ ।
ਜਿੱਥੇ ਪਿਆਰ, ਸਤਿਕਾਰ
ਤੇ ਸਕੂਨ ਹੀ ਸਕੂਨ ਸੀ ।

(ਰਮਿੰਦਰ ਰੰਮੀ)






# ਸਲਮਾਨ ਖਾਨ ਦੇ ਪਿਤਾ ਸਲੀਮ ਖਾਨ ਹਸਪਤਾਲ ਵਿੱਚ ਦਾਖਲ



ਹਿੰਦੀ ਸਿਨੇਮਾ ਦੇ ਦਿੱਗਜ ਲੇਖਕ ਸਲੀਮ ਖਾਨ ਨੂੰ ਮੰਗਲਵਾਰ ਸਵੇਰੇ ਮੁੰਬਈ ਦੇ ਲੀਲਾਵਤੀ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਹੈ। ਮਿਲੀ ਜਾਣਕਾਰੀ ਮੁਤਾਬਕ ਉਨ੍ਹਾਂ ਨੂੰ ਹਸਪਤਾਲ ਦੇ ਆਈ.ਸੀ.ਯੂ. (ICU) ਵਿੱਚ ਰੱਖਿਆ ਗਿਆ ਹੈ, ਜਿੱਥੇ ਡਾਕਟਰਾਂ ਦੀ ਟੀਮ ਉਨ੍ਹਾਂ ਦੀ ਸਿਹਤ 'ਤੇ ਨਜ਼ਰ ਰੱਖ ਰਹੀ ਹੈ।

90 ਸਾਲਾ ਸਲੀਮ ਖਾਨ, ਜਿਨ੍ਹਾਂ ਨੇ ਪਿਛਲੇ ਸਾਲ ਨਵੰਬਰ ਵਿੱਚ ਆਪਣਾ ਜਨਮਦਿਨ ਮਨਾਇਆ ਸੀ, ਬੌਲੀਵੁੱਡ ਦੇ ਸਭ ਤੋਂ ਸਤਿਕਾਰਤ ਲੇਖਕਾਂ ਵਿੱਚੋਂ ਇੱਕ ਹਨ। ਆਪਣੇ ਪਿਤਾ ਦੀ ਸਿਹਤ ਦਾ ਹਾਲ ਜਾਣਨ ਲਈ ਸੁਪਰਸਟਾਰ ਸਲਮਾਨ ਖਾਨ ਨੂੰ ਵੀ ਹਸਪਤਾਲ ਦੇ ਬਾਹਰ ਦੇਖਿਆ ਗਿਆ।

ਸਲੀਮ ਖਾਨ ਨੇ 70 ਦੇ ਦਹਾਕੇ ਵਿੱਚ ਜਾਵੇਦ ਅਖਤਰ ਨਾਲ ਮਿਲ ਕੇ 'ਸ਼ੋਲੇ', 'ਦੀਵਾਰ' ਅਤੇ 'ਜ਼ੰਜੀਰ' ਵਰਗੀਆਂ ਕਈ ਸੁਪਰਹਿੱਟ ਫਿਲਮਾਂ ਲਿਖ ਕੇ ਭਾਰਤੀ ਸਿਨੇਮਾ ਨੂੰ ਨਵੀਂ ਦਿਸ਼ਾ ਦਿੱਤੀ ਸੀ। ਇਸ ਖ਼ਬਰ ਦੇ ਸਾਹਮਣੇ ਆਉਣ ਤੋਂ ਬਾਅਦ ਸੋਸ਼ਲ ਮੀਡੀਆ 'ਤੇ ਉਨ੍ਹਾਂ ਦੇ ਪ੍ਰਸ਼ੰਸਕ ਅਤੇ ਫਿਲਮੀ ਜਗਤ ਦੀਆਂ ਹਸਤੀਆਂ ਉਨ੍ਹਾਂ ਦੇ ਜਲਦੀ ਠੀਕ ਹੋਣ ਦੀ ਦੁਆ ਮੰਗ ਰਹੀਆਂ ਹਨ।

ਫਿਲਹਾਲ ਹਸਪਤਾਲ ਪ੍ਰਸ਼ਾਸਨ ਜਾਂ ਪਰਿਵਾਰ ਵੱਲੋਂ ਉਨ੍ਹਾਂ ਦੀ ਸਿਹਤ ਬਾਰੇ ਕੋਈ ਅਧਿਕਾਰਤ ਬੁਲੇਟਿਨ ਜਾਰੀ ਨਹੀਂ ਕੀਤਾ ਗਿਆ ਹੈ।

## ਹਾਲੀਵੁੱਡ ਦੇ ਦਿਗਜ ਅਦਾਕਾਰ ਰਾਬਰਟ ਡੁਵਾਲ ਦਾ 95 ਸਾਲ ਦੀ ਉਮਰ 'ਚ ਦੇਹਾਂਤ



ਵੈਨਕੂਵਰ: ਹਾਲੀਵੁੱਡ ਦੇ ਮਸ਼ਹੂਰ ਅਤੇ ਦਿਗਜ ਅਦਾਕਾਰ ਰਾਬਰਟ ਡੁਵਾਲ ਦਾ 95 ਸਾਲ ਦੀ ਉਮਰ ਵਿੱਚ ਦੇਹਾਂਤ ਹੋ ਗਿਆ ਹੈ। ਇਸ ਦੀ ਪੁਸ਼ਟੀ ਉਨ੍ਹਾਂ ਦੀ ਪਤਨੀ ਲੂਸਿਆਨਾ ਡੁਵਾਲ ਨੇ ਆਪਣੇ ਸੋਸ਼ਲ ਮੀਡੀਆ ਪੇਜ਼ 'ਤੇ ਜਾਰੀ ਬਿਆਨ ਰਾਹੀਂ ਕੀਤੀ ਲੂਸਿਆਨਾ ਨੇ ਆਪਣੇ ਬਿਆਨ ਵਿੱਚ ਲਿਖਿਆ ਕਿ ਰਾਬਰਟ ਨੇ ਅਮਰੀਕਾ ਦੇ ਵਰਜੀਨੀਆ ਸਥਿਤ ਆਪਣੇ ਘਰ 'ਚ, ਆਪਣੇ ਪਰਿਵਾਰ ਅਤੇ ਨੇੜੇ ਪਿਆਰਿਆਂ ਦੀ ਮੌਜੂਦਗੀ ਚ ਆਖ਼ਰੀ ਸਾਹ ਲਿਆ। ਰਾਬਰਟ ਡੁਵਾਲ ਨੇ ਛੇ ਦਹਾਕਿਆਂ ਤੋਂ ਵੱਧ ਸਮੇਂ 'ਚ ਫ਼ਿਲਮੀ ਜਗਤ ਵਿੱਚ ਬੇਮਿਸਾਲ ਯੋਗਦਾਨ ਦਿੱਤਾ। ਉਹ ਖ਼ਾਸ ਤੌਰ 'ਤੇ 'ਦ ਗੌਡਫਾਥਰ' ਦੀਆਂ ਫ਼ਿਲਮਾਂ ਵਿਚ ਟੌਮ ਹੈਗਨ ਅਤੇ ਅਪੋਕੈਲਿਪਸ ਨਾਊ ਵਿਚ ਲੇਫਟਿਨੈਂਟ ਕਰਨਲ ਕਿਲਗੋਰ ਵਰਗੀਆਂ ਯਾਦਗਾਰੀ ਭੂਮਿਕਾਵਾਂ ਲਈ ਜਾਣੇ ਜਾਂਦੇ ਰਹੇ। ਫਿਲਮੀ ਖੇਤਰ ਚ ਅਹਿਮ ਪ੍ਰਾਪਤੀਆਂ ਕਰਦਿਆਂ ਉਨ੍ਹਾਂ ਨੇ ਕਈ ਇਨਾਮ ਜਿੱਤੇ ਅਤੇ ਉਹਨਾਂ ਦੀ ਅਦਾਕਾਰੀ ਨੂੰ ਦੁਨੀਆ ਭਰ ਵਿੱਚ ਸਨਮਾਨ ਮਿਲਿਆ। ਦੁਨੀਆ ਭਰ ਵਿੱਚ ਸਿਨੇਮਾ ਪ੍ਰਸ਼ੰਸਕ ਅਤੇ ਸਿਹਤਮੰਦ ਕਲਾਕਾਰਾਂ ਨੇ ਉਨ੍ਹਾਂ ਨੂੰ ਸ਼ਰਧਾਂਜਲੀ ਦਿੱਤੀ ਹੈ ਉਨਾਂ ਦੇ ਦਿਹਾਂਤ ਦੀ ਖਬਰ ਨਸ਼ਰ ਹੋਣ ਮਗਰੋਂ ਫ਼ਿਲਮੀ ਜਗਤ ਸੋਗ ਦੀ ਲਹਿਰ ਹੈ ਦੌੜ ਗਈ ਹੈ।

# 'ਬਾਰਡਰ' ਫ਼ਿਲਮ ਦੇ ਦਾਅਵਿਆਂ 'ਤੇ ਉੱਠੇ ਸਵਾਲ: ਜਿਉਂਦੇ ਫੌਜੀਆਂ ਦੀ ਦਿਖਾਈ ਸ਼ਹੀਦੀ




ਬੌਲੀਵੁੱਡ ਫਿਲਮ 'ਬਾਰਡਰ-2' ਪੂਰੇ ਦੇਸ਼ ਵਿੱਚ ਚਰਚਾ ਦਾ ਵਿਸ਼ਾ ਬਣੀ ਹੋਈ ਹੈ ਪਰ 1997 ਵਿੱਚ ਆਈ ਇਸ ਦੀ ਪਹਿਲੀ ਫਿਲਮ 'ਬਾਰਡਰ' ਨੂੰ ਲੈ ਕੇ ਇੱਕ ਵੱਡਾ ਵਿਵਾਦ ਖੜ੍ਹਾ ਹੋ ਗਿਆ ਹੈ। 1971 ਦੀ ਲੌਂਗੇਵਾਲਾ ਜੰਗ ਲੜਨ ਵਾਲੇ ਅਸਲੀ ਸੂਰਮਿਆਂ ਨੇ ਫਿਲਮ ਦੀ ਕਹਾਣੀ 'ਤੇ ਸਵਾਲ ਖੜ੍ਹੇ ਕੀਤੇ ਹਨ ਫਿਰੋਜ਼ਪੁਰ ਦੇ ਜੰਗੀ ਨਾਇਕ ਜਗਦੇਵ ਸਿੰਘ, ਜੋ 1971 ਦੀ ਜੰਗ ਵੇਲੇ 23 ਪੰਜਾਬ ਰੈਜੀਮੈਂਟ ਦਾ ਹਿੱਸਾ ਸਨ, ਉਨ੍ਹਾਂ ਦਾ ਕਹਿਣਾ ਹੈ ਕਿ ਫਿਲਮ ਵਿੱਚ ਉਨ੍ਹਾਂ ਸਾਰਿਆਂ ਨੂੰ ਸ਼ਹੀਦ ਹੁੰਦੇ ਦਿਖਾਇਆ ਗਿਆ ਹੈ, ਜਦਕਿ ਅਸਲੀਅਤ ਬਿਲਕੁਲ ਵੱਖਰੀ ਹੈ।

ਇਨ੍ਹਾਂ ਸਾਬਕਾ ਫੌਜੀਆਂ ਨੇ ਸਰਕਾਰ ਨੂੰ ਚਿੱਠੀ ਲਿਖ ਕੇ ਇਤਰਾਜ਼ ਜਤਾਇਆ ਹੈ। ਜਗਦੇਵ ਸਿੰਘ ਕਹਿੰਦੇ ਹਨ, "ਫਿਲਮ ਵਿੱਚ ਸਾਨੂੰ ਸ਼ਹੀਦ ਦਿਖਾ ਦਿੱਤਾ ਗਿਆ, ਪਰ ਕਿਸੇ ਨੇ ਇਹ ਜਾਣਨ ਦੀ ਕੋਸ਼ਿਸ਼ ਨਹੀਂ ਕੀਤੀ ਕਿ ਅਸੀਂ ਕਿੱਥੇ ਹਾਂ ਅਤੇ ਕਿਸ ਹਾਲ ਵਿੱਚ ਹਾਂ। ਕਈ ਵਾਰ ਲੋਕ ਸਾਡਾ ਮਜ਼ਾਕ ਵੀ ਉਡਾਉਂਦੇ ਹਨ ਕਿ ਅਸੀਂ ਮਰ ਚੁੱਕੇ ਹਾਂ ਅਤੇ ਭੁਲਾ ਦਿੱਤੇ ਗਏ ਹਾਂ।"

ਜਗਦੇਵ ਸਿੰਘ ਮੁਤਾਬਕ, ਲੌਂਗੇਵਾਲਾ ਪੋਸਟ 'ਤੇ ਉਨ੍ਹਾਂ ਦੀ ਕੰਪਨੀ ਵਿੱਚ 100 ਤੋਂ ਵੀ ਘੱਟ ਜਵਾਨ ਸਨ, ਜਿਨ੍ਹਾਂ ਵਿੱਚੋਂ ਸਿਰਫ਼ 3 ਜਵਾਨ ਸ਼ਹੀਦ ਹੋਏ ਸਨ। ਉਨ੍ਹਾਂ ਨੇ ਦੁਸ਼ਮਣ ਦੇ ਭਾਰੀ ਟੈਂਕਾਂ ਦੇ ਹਮਲੇ ਨੂੰ ਰੋਕ ਕੇ ਰੱਖਿਆ ਸੀ। ਅੱਜ ਉਸ ਜੰਗ ਵਿੱਚ ਸ਼ਾਮਲ ਸਿਰਫ਼ 20 ਦੇ ਕਰੀਬ ਜਵਾਨ ਜਿਉਂਦੇ ਹਨ, ਜਿਨ੍ਹਾਂ ਦਾ ਸਨਮਾਨ ਚੰਡੀਗੜ੍ਹ ਵਿੱਚ ਇੱਕ ਨਿੱਜੀ ਸੰਸਥਾ ਵੱਲੋਂ ਕੀਤਾ ਜਾ ਰਿਹਾ ਹੈ।

ਮਰਹੂਮ ਬ੍ਰਿਗੇਡੀਅਰ ਕੇ.ਐੱਸ. ਚਾਂਦਪੁਰੀ, ਜਿਨ੍ਹਾਂ ਨੂੰ ਮਹਾਵੀਰ ਚੱਕਰ ਨਾਲ ਸਨਮਾਨਿਤ ਕੀਤਾ ਗਿਆ ਸੀ, ਉਨ੍ਹਾਂ ਨੇ ਵੀ ਪਹਿਲਾਂ ਦੱਸਿਆ ਸੀ ਕਿ ਉਨ੍ਹਾਂ ਕੋਲ ਸਿਰਫ਼ 70 ਜਵਾਨ ਸਨ ਜਿਨ੍ਹਾਂ ਨੇ ਪਾਕਿਸਤਾਨ ਦੀ 2,800 ਫੌਜੀਆਂ ਵਾਲੀ ਬ੍ਰਿਗੇਡ ਅਤੇ 65 ਟੈਂਕਾਂ ਦਾ ਸਾਹਮਣਾ ਕੀਤਾ ਸੀ। ਭਾਰਤੀ ਹਵਾਈ ਫੌਜ ਨੇ ਸਵੇਰ ਹੁੰਦੇ ਹੀ ਦੁਸ਼ਮਣ ਦੇ 22 ਟੈਂਕ ਤਬਾਹ ਕਰ ਦਿੱਤੇ ਸਨ।

ਦੂਜੇ ਪਾਸੇ, ਕੁਝ ਮਾਹਰਾਂ ਦਾ ਮੰਨਣਾ ਹੈ ਕਿ ਵਪਾਰਕ ਫਿਲਮਾਂ ਵਿੱਚ ਮਨੋਰੰਜਨ ਅਤੇ ਡਰਾਮੇ ਲਈ ਕੁਝ ਤੱਥ ਬਦਲੇ ਜਾਂਦੇ ਹਨ ਪਰ ਹੁਣ 'ਬਾਰਡਰ-2' ਵਰਗੀਆਂ ਫਿਲਮਾਂ ਵਿੱਚ ਫੌਜੀ ਸਲਾਹਕਾਰਾਂ ਦੀ ਮਦਦ ਲਈ ਜਾ ਰਹੀ ਹੈ ਤਾਂ ਜੋ ਹਕੀਕਤ ਨੂੰ ਸਹੀ ਢੰਗ ਨਾਲ ਪੇਸ਼ ਕੀਤਾ ਜਾ ਸਕੇ।

## O Romeo Review: ਦੋ ਦਿਨਾਂ 'ਚ ਕਮਾਏ 23.51 ਕਰੋੜ ਰੁਪਏ




ਵਿਸ਼ਾਲ ਭਾਰਦਵਾਜ ਦੀ ਨਵੀਂ ਫਿਲਮ 'ਓ ਰੋਮੀਓ' ਨੇ ਸਿਰਫ ਦੋ ਦਿਨਾਂ ਵਿੱਚ ਹੀ ਕਮਾਈ ਦੇ ਝੰਡੇ ਗੱਡ ਦਿੱਤੇ ਹਨ। ਫਿਲਮ ਨੇ ਘਰੇਲੂ ਬਾਕਸ ਆਫਿਸ 'ਤੇ 20 ਕਰੋੜ ਤੋਂ ਵੱਧ ਦਾ ਅੰਕੜਾ ਪਾਰ ਕਰ ਲਿਆ ਹੈ। ਫਿਲਮ ਸ਼ੁੱਕਰਵਾਰ ਨੂੰ ਸਿਨੇਮਾ ਘਰਾਂ ਵਿੱਚ ਰਿਲੀਜ਼ ਹੋਏ ਤੇ ਫਿਲਮ ਨੇ ਪਹਿਲੇ ਦਿਨ 9.01 ਕਰੋੜ ਰੁਪਏ ਨਾਲ ਸ਼ੁਰੂਆਤ ਕੀਤੀ ਸੀ, ਪਰ ਸ਼ਨੀਵਾਰ ਨੂੰ ਫਿਲਮ ਦੀ ਕਮਾਈ ਵਿੱਚ ਵੱਡਾ ਉਛਾਲ ਦੇਖਣ ਨੂੰ ਮਿਲਿਆ। ਸ਼ਨੀਵਾਰ ਨੂੰ ਫਿਲਮ ਨੇ 14.50 ਕਰੋੜ ਰੁਪਏ ਕਮਾਏ, ਜਿਸ ਨਾਲ ਦੋ ਦਿਨਾਂ ਦੀ ਕੁੱਲ ਕਮਾਈ 23.51 ਕਰੋੜ ਰੁਪਏ ਹੋ ਗਈ ਹੈ।

ਸਾਜਿਦ ਨਾਡਿਆਡਵਾਲਾ ਦੇ ਬੈਨਰ ਹੇਠ ਬਣੀ ਇਸ ਫਿਲਮ ਵਿੱਚ ਸ਼ਾਹਿਦ ਕਪੂਰ ਦੇ ਨਾਲ ਤ੍ਰਿਪਤੀ ਡਿਮਰੀ ਮੁੱਖ ਭੂਮਿਕਾ ਵਿੱਚ ਹੈ। ਇਸ ਤੋਂ ਇਲਾਵਾ ਅਵਿਨਾਸ਼ ਤਿਵਾਰੀ, ਤਮੰਨਾ ਭਾਟੀਆ, ਦਿਸ਼ਾ ਪਟਾਨੀ ਅਤੇ ਵਿਕਰਾਂਤ ਮੈਸੀ ਵੀ ਅਹਿਮ ਕਿਰਦਾਰਾਂ ਵਿੱਚ ਨਜ਼ਰ ਆ ਰਹੇ ਹਨ।

ਫਿਲਮ ਦੀ ਕਹਾਣੀ ਮੁੰਬਈ ਦੇ ਅੰਡਰਵਰਲਡ ਗੈਂਗਸਟਰ ਹੁਸੈਨ ਉਸਤਰਾ (ਸ਼ਾਹਿਦ ਕਪੂਰ) ਅਤੇ ਉਸ ਦੇ 'ਅਫਸ਼ਾ' (ਤ੍ਰਿਪਤੀ ਡਿਮਰੀ) ਨਾਲ ਪ੍ਰੇਮ ਸਬੰਧਾਂ ਦੁਆਲੇ ਘੁੰਮਦੀ ਹੈ। ਦੱਸ ਦਈਏ ਕਿ 'ਕਮੀਨੇ', 'ਹੈਦਰ' ਅਤੇ 'ਰੰਗੂਨ' ਤੋਂ ਬਾਅਦ ਸ਼ਾਹਿਦ ਅਤੇ ਵਿਸ਼ਾਲ ਭਾਰਦਵਾਜ ਇਕੱਠਿਆਂ ਦੀ ਇਹ ਚੌਥੀ ਫਿਲਮ ਹੈ। ਨਿਰਮਾਤਾਵਾਂ ਮੁਤਾਬਕ 'ਰੋਮੀਓ' ਦਾ ਰਾਜ ਹੁਣ ਸ਼ੁਰੂ ਹੋਇਆ ਹੈ। ਸਿਨੇਮਾ ਘਰਾਂ 'ਚ ਇਹ ਫਿਲਮ ਹਾਲੇ ਵੀ ਤਾਰੀਫਾਂ ਬਟੋਰ ਰਹੀ ਹੈ।

## ਸਿੱਧੂ ਮੂਸੇਵਾਲਾ ਦੇ ਪਰਿਵਾਰ ਦੀ ਸ਼ਿਕਾਇਤ 'ਤੇ ਕਾਰਵਾਈ, 30 ਕਰੋੜ ਦੀ ਹੇਰਾਫੇਰੀ ਮਾਮਲੇ 'ਚ ਐਫ਼.ਆਈ.ਆਰ. ਦਰਜ



ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੀ ਮਾਂ ਚਰਨ ਕੌਰ ਦੇ ਬਿਆਨਾਂ ਦੇ ਆਧਾਰ 'ਤੇ, ਮਾਨਸਾ ਪੁਲਿਸ ਨੇ ਧੋਖਾਧੜੀ ਦੇ ਦੋਸ਼ਾਂ 'ਤੇ ਇੱਕ ਕੰਪਨੀ ਸਮੇਤ ਤਿੰਨ ਵਿਅਕਤੀਆਂ ਵਿਰੁੱਧ ਕੇਸ ਦਰਜ ਕੀਤਾ ਹੈ। ਪਿਛਲੇ ਹਫ਼ਤੇ, ਸਿੱਧੂ ਮੂਸੇਵਾਲਾ ਦੇ ਮਾਪਿਆਂ ਨੇ ਮਾਨਸਾ ਵਿੱਚ ਐਸਐਸਪੀ ਦਫ਼ਤਰ ਦੇ ਬਾਹਰ ਧਰਨਾ ਦਿੱਤਾ, ਦੋਸ਼ ਲਗਾਇਆ ਕਿ ਕੰਪਨੀ ਉਨ੍ਹਾਂ ਨਾਲ ਧੋਖਾ ਕਰ ਰਹੀ ਹੈ।

ਉਨ੍ਹਾਂ ਨੇ ਦੋਸ਼ ਲਾਇਆ ਕਿ ਕੰਪਨੀ ਦੇ ਮਾਲਕ ਉਨ੍ਹਾਂ ਦੇ ਸਵਰਗਵਾਸੀ ਪੁੱਤਰ ਸਿੱਧੂ ਮੂਸੇਵਾਲਾ ਦੀ ਕਮਾਈ ਦਾ ਗਬਨ ਕਰ ਰਹੇ ਹਨ ਅਤੇ ਉਨ੍ਹਾਂ ਨੂੰ ਹਿਸਾਬ ਨਹੀਂ ਦਿੱਤਾ ਜਾ ਰਿਹਾ ਹੈ। ਉਨ੍ਹਾਂ ਨੇ 30 ਕਰੋੜ ਦੀ ਹੇਰਾਫੇਰੀ ਦਾ ਦੋਸ਼ ਲਗਾਇਆ। ਇਸ ਦੌਰਾਨ ਸਿੱਧੂ ਦੇ ਪਿਤਾ ਬਲਕੌਰ ਸਿੰਘ ਨੇ ਪੁਲਿਸ 'ਤੇ ਵੀ ਕਈ ਸਵਾਲ ਖੜ੍ਹੇ ਕੀਤੇ ਸਨ।

ਹੁਣ ਪੁਲਿਸ ਨੇ ਇਲ ਮਾਮਲੇ ਵਿਚ ਕਾਰਵਾਈ ਕੀਤੀ। ਚਰਨ ਕੌਰ ਦੇ ਬਿਆਨ ਦੇ ਆਧਾਰ 'ਤੇ, ਮਾਨਸਾ ਦੇ ਸਦਰ ਪੁਲਿਸ ਸਟੇਸ਼ਨ ਨੇ ਗੁਰਪ੍ਰੀਤ ਸਿੰਘ ਅਤੇ ਸ਼ਬੀਰ ਮੋਮਿਨ ਦੇ ਨਾਲ-ਨਾਲ ਵਨ ਡਿਜੀਟਲ ਕੰਪਨੀ ਵਿਰੁੱਧ ਮਾਮਲਾ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ।

## ਰਾਜਪਾਲ ਯਾਦਵ ਨੂੰ ਮਿਲੀ ਜ਼ਮਾਨਤ



ਨਵੀਂ ਦਿੱਲੀ: ਫ਼ਿਲਮ ਅਦਾਕਾਰ ਰਾਜਪਾਲ ਯਾਦਵ ਇਸ ਸਮੇਂ ਦਿੱਲੀ ਦੀ ਤਿਹਾੜ ਜੇਲ੍ਹ ਵਿੱਚ ਕੈਦ ਹਨ। ਉਨ੍ਹਾਂ ਖ਼ਿਲਾਫ਼ ਆਪਣੀ ਫਿਲਮ ਲਈ ਉਧਾਰ ਲਏ ਗਏ ਲਗਭਗ 9 ਕਰੋੜ ਰੁਪਏ ਦੀ ਅਦਾਇਗੀ ਨਾ ਕਰਨ ਦਾ ਮਾਮਲਾ ਚੱਲ ਰਿਹਾ ਹੈ। ਇਹ ਮਾਮਲਾ ਇੱਕ ਦਹਾਕੇ ਤੋਂ ਵੀ ਵੱਧ ਪੁਰਾਣਾ ਹੈ। ਦਿੱਲੀ ਹਾਈ ਕੋਰਟ ਨੇ ਅੱਜ ਰਾਜਪਾਲ ਯਾਦਵ ਦੀ ਜ਼ਮਾਨਤ ਪਟੀਸ਼ਨ 'ਤੇ ਸੁਣਵਾਈ ਕਰਦਿਆਂ ਉਨ੍ਹਾਂ ਦੀ ਜ਼ਮਾਨਤ ਮਨਜ਼ੂਰ ਕਰ ਦਿੱਤੀ। ਅਦਾਲਤ ਨੇ ਪਹਿਲਾਂ ਇੱਕ ਵਾਰ ਰਾਜਪਾਲ ਦੀ ਜ਼ਮਾਨਤ ਰੱਦ ਕਰ ਦਿੱਤੀ ਸੀ। ਅਦਾਕਾਰ ਨੇ 2010 ਵਿੱਚ ਆਪਣੀ ਨਿਰਦੇਸ਼ਨ ਦੀ ਪਹਿਲੀ ਫ਼ਿਲਮ 'ਅਤਾ ਪਤਾ ਲਾਪਤਾ' ਲਈ ਦਿੱਲੀ ਸਥਿਤ ਮੁਰਲੀ ਪ੍ਰੋਜੈਕਟਸ ਪ੍ਰਾਈਵੇਟ ਲਿਮਟਿਡ ਤੋਂ 5 ਕਰੋੜ ਰੁਪਏ ਉਧਾਰ ਲਏ ਸਨ। ਬਾਕਸ ਆਫਿਸ 'ਤੇ ਫਿਲਮ ਦੇ ਅਸਫਲ ਹੋਣ ਤੋਂ ਬਾਅਦ, ਰਾਜਪਾਲ ਪੈਸੇ ਵਾਪਸ ਕਰਨ ਵਿੱਚ ਅਸਮਰੱਥ ਰਹੇ, ਜਿਸ ਕਾਰਨ ਅਦਾਲਤ ਵਿੱਚ ਕੇਸ ਹੋਇਆ। ਸਾਲ 2018 ਵਿੱਚ, ਉਨ੍ਹਾਂ ਨੂੰ ਅਤੇ ਉਨ੍ਹਾਂ ਦੀ ਪਤਨੀ ਰਾਧਾ ਨੂੰ ਮੈਜਿਸਟ੍ਰੇਟ ਦੀ ਅਦਾਲਤ ਨੇ ਦੋਸ਼ੀ ਠਹਿਰਾਇਆ ਸੀ ਅਤੇ ਛੇ ਮਹੀਨੇ ਕੈਦ ਦੀ ਸਜ਼ਾ ਸੁਣਾਈ ਸੀ। ਬਾਅਦ ਵਿੱਚ 2019 ਦੇ ਸ਼ੁਰੂ ਵਿੱਚ ਇੱਕ ਸੈਸ਼ਨ ਕੋਰਟ ਨੇ ਸਜ਼ਾ ਨੂੰ ਬਰਕਰਾਰ ਰੱਖਿਆ। ਰਾਜਪਾਲ ਯਾਦਵ ਨੇ ਆਖਰਕਾਰ ਹਾਈ ਕੋਰਟ ਵਿੱਚ ਅਪੀਲ ਕੀਤੀ। ਜੂਨ 2024 ਵਿੱਚ, ਦਿੱਲੀ ਹਾਈ ਕੋਰਟ ਨੇ ਸਜ਼ਾ ਨੂੰ ਮੁਲਤਵੀ ਕਰਕੇ ਅਤੇ ਰਾਜਪਾਲ ਨੂੰ ਬਕਾਇਆ ਬਕਾਇਆ ਰਾਸ਼ੀ ਦਾ ਭੁਗਤਾਨ ਕਰਨ ਲਈ "ਇਮਾਨਦਾਰ ਅਤੇ ਸੱਚੇ ਉਪਾਅ" ਦਿਖਾਉਣ ਦਾ ਨਿਰਦੇਸ਼ ਦੇ ਕੇ ਉਸਨੂੰ ਅਸਥਾਈ ਰਾਹਤ ਦਿੱਤੀ।

# ਹਿਮਾਂਸ਼ੀ ਖੁਰਾਣਾ ਨੂੰ ਮਿਲੀ 10 ਕਰੋੜ ਦੀ ਫਿਰੌਤੀ ਦੀ ਧਮਕੀ

### ਵਿਦੇਸ਼ੀ ਗੈਂਗਸਟਰ ਦੇ ਨਾਂ 'ਤੇ ਆਈ ਈ-ਮੇਲ



ਪੰਜਾਬੀ ਫਿਲਮ ਇੰਡਸਟਰੀ ਦੀ ਮਸ਼ਹੂਰ ਅਦਾਕਾਰਾ ਹਿਮਾਂਸ਼ੀ ਖੁਰਾਣਾ ਨੂੰ 10 ਕਰੋੜ ਰੁਪਏ ਦੀ ਫਿਰੌਤੀ ਲਈ ਧਮਕੀ ਭਰੀ ਈ-ਮੇਲ ਮਿਲਣ ਦਾ ਸਨਸਨੀਖੇਜ਼ ਮਾਮਲਾ ਸਾਹਮਣੇ ਆਇਆ ਹੈ। ਹਿਮਾਂਸ਼ੀ ਵੱਲੋਂ ਦਰਜ ਕਰਵਾਈ ਸ਼ਿਕਾਇਤ ਮੁਤਾਬਕ, ਇਹ ਧਮਕੀ ਉਸ ਦੀ ਨਿੱਜੀ ਈ-ਮੇਲ ਆਈਡੀ 'ਤੇ ਭੇਜੀ ਗਈ ਸੀ, ਜਿਸ ਵਿੱਚ ਇੱਕ ਵਾਇਸ ਨੋਟ (ਆਵਾਜ਼ ਦਾ ਸੁਨੇਹਾ) ਵੀ ਸ਼ਾਮਲ ਸੀ।

ਦਾਅਵਾ ਕੀਤਾ ਜਾ ਰਿਹਾ ਹੈ ਕਿ ਇਹ ਵਾਇਸ ਨੋਟ ਕਿਸੇ ਵਿਦੇਸ਼ ਬੈਠੇ ਗੈਂਗਸਟਰ ਦਾ ਹੈ, ਜਿਸ ਨੇ ਮੋਟੀ ਰਕਮ ਦੀ ਮੰਗ ਕਰਦਿਆਂ ਅਦਾਕਾਰਾ ਨੂੰ ਧਮਕਾਇਆ ਹੈ। ਇਸ ਗੰਭੀਰ ਸ਼ਿਕਾਇਤ 'ਤੇ ਤੁਰੰਤ ਕਾਰਵਾਈ ਕਰਦਿਆਂ ਮੁਹਾਲੀ ਦੇ ਸੋਹਾਣਾ ਥਾਣੇ ਵਿੱਚ ਸ਼ੁੱਕਰਵਾਰ ਨੂੰ ਭਾਰਤੀ ਨਿਆ ਸੰਹਿਤਾ (BNS) ਦੀਆਂ ਧਾਰਾਵਾਂ 308 (4) ਅਤੇ 351(3) ਤਹਿਤ ਕੇਸ ਦਰਜ ਕਰ ਲਿਆ ਗਿਆ ਹੈ। ਐਸ.ਪੀ. (ਇਨਵੈਸਟੀਗੇਸ਼ਨ) ਸੌਰਵ ਜਿੰਦਲ ਨੇ ਪੁਸ਼ਟੀ ਕੀਤੀ ਹੈ ਕਿ ਪੁਲੀਸ ਨੇ ਇਸ ਮਾਮਲੇ ਦੀ ਡੂੰਘਾਈ ਨਾਲ ਜਾਂਚ ਸ਼ੁਰੂ ਕਰ ਦਿੱਤੀ ਹੈ। ਸਾਈਬਰ ਸੈੱਲ ਦੀ ਮਦਦ ਨਾਲ ਈ-ਮੇਲ ਅਤੇ ਵਾਇਸ ਮੈਸੇਜ ਦੇ ਸਰੋਤ ਦਾ ਪਤਾ ਲਗਾਇਆ ਜਾ ਰਿਹਾ ਹੈ ਤਾਂ ਜੋ ਧਮਕੀ ਦੇਣ ਵਾਲੇ ਅਸਲ ਮੁਲਜ਼ਮਾਂ ਤੱਕ ਪਹੁੰਚਿਆ ਜਾ ਸਕੇ।

BUY I SELL I INVEST
TEAM GILL



Amarjit Sangha
Sales Representative
905-874-9600
Shamsher Gill
Sales Representative
905-744-4400
Simrat Grewal
Sales Representative
416-414-2878
DIR.: 905-744-4400
FREE MARKET EVALUATION OF YOUR PROPERTY
* ਨਵਾਂ ਘਰ ਦੇਖ ਰਹੇ ਹੋ ਜਾਂ ਇੰਨਵੈਸਟਮੈਂਟ ਪ੍ਰੌਪਰਟੀ ਦੀ ਭਾਲ ਵਿੱਚ ਹੋ?
* ਕਿਸੇ ਤਰ੍ਹਾਂ ਦਾ ਬਿਜ਼ਨਸ ਖਰੀਦਣਾ ਜਾਂ ਵੇਚਣਾ ਚਾਹੁੰਦੇ ਹੋ?
* ਭਰੋਸੇਯੋਗ, ਇਮਾਨਦਾਰ ਅਤੇ ਤਜਰਬੇਕਾਰ Real Estate Team ਲੱਭ ਰਹੇ ਹੋ?
WE CAN HELP YOU FIND YOUR DREAM PROPERTY IN
GTA & WATERLOO REGION:
Mississauga, Brampton, Caledon,
Cambridge, Kitchener, Waterloo & Guelph Area
ROYAL LEPAGE
Flower City Realty Inc.
INCOME GENERATING INVESTMENT PROPERTIES

ACCESS PERSONNEL RESOURCES INC.
TEMPORARY STAFFING AGENCY
WE ARE HIRING
Join Our Team



OPEN POSITION
General Labour
Forklift Operators
Sanitation Workers
Machine Operators
Mixers/Bakers
Shippers/Receivers
REQUIREMENTS:
The person should be fluent in english, able to work long hours.
The person should be able to work full time with valid work permit or PR holders
APPLY NOW
Send your resume
disptach.accesspersonnel@gmail.com
Contact: 416-675-2288
Shift Available
Morning
Afternoon
Night

## – ਅੰਤਰਰਾਸ਼ਟਰੀ ਮਾਤ ਭਾਸ਼ਾ ਦਿਵਸ (21 ਫਰਬਰੀ) 'ਤੇ –

# ਲਿੰਗੂਆਪੈਕਸ ਪਰਾਈਜ ਅਤੇ ਸਾਡੀ ਮਾਂ ਬੋਲੀ ਪੰਜਾਬੀ



ਜਸਵਿੰਦਰ ਸਿੰਘ ਰੁਪਾਲ
9814715796

ਅੰਤਰਰਾਸ਼ਟਰੀ ਮਾਤਭਾਸ਼ਾ ਦਿਵਸ ਉੱਤੇ ਪੰਜਾਬੀ ਭਾਸ਼ਾ ਬਾਰੇ ਵਿਚਾਰਾਂ ਹੁੰਦੀਆਂ ਹਨ। ਸੈਮੀਨਾਰ ਹੁੰਦੇ ਹਨ। ਬੋਲੀ ਦੀ ਹੁਣ ਤੱਕ ਹੋਈ ਤਰੱਕੀ ਨੂੰ ਦੇਖਿਆ ਜਾਂਦਾ ਹੈ, ਸਮੱਸਿਆਵਾਂ ਬਾਰੇ ਵਿਚਾਰ ਹੁੰਦੀ ਹੈ ਅਤੇ ਉਹਨਾਂ ਦੇ ਹੱਲ ਖੋਜੇ ਜਾਂਦੇ ਹਨ। ਨਵੀਆਂ ਯੋਜਨਾਵਾਂ ਅਤੇ ਪ੍ਰੋਜੈਕਟ ਸ਼ੁਰੂ ਹੁੰਦੇ ਹਨ। 21 ਫਰਵਰੀ ਨੂੰ ਇਹ ਦਿਨ ਆ ਰਿਹਾ ਹੈ। ਯੂਨੈਸਕੋ ਅੰਤਰਰਾਸ਼ਟਰੀ ਮਾਤ ਭਾਸ਼ਾ ਦਿਵਸ ਤੇ ਖਾਸ ਵਿਸ਼ਾ (Theme) ਨਿਸ਼ਚਿਤ ਕਰਦੀ ਹੈ ਅਤੇ ਉਹਨਾਂ ਵਿਸ਼ਿਆਂ ਨਾਲ ਕਿਰਿਆਵਾਂ ਯੂਨੈਸਕੋ ਦੇ ਮੁੱਖ ਦਫਤਰ ਪੈਰਿਸ ਵਿਖੇ ਕਰਵਾਈਆਂ ਜਾਂਦੀਆਂ ਹਨ। ਅੰਤਰਰਾਸ਼ਟਰੀ ਮਾਤਭਾਸ਼ਾ ਦਿਵਸ 2026 ਦਾ ਵਿਸ਼ਾ ਹੈ 'ਬਹੁ ਭਾਸ਼ੀ ਸਿੱਖਿਆ ਤੇ ਨੌਜਵਾਨਾਂ ਦੀ ਆਵਾਜ' ਜੋ ਇਹ ਦਰਸਾਉਂਦਾ ਹੈ ਕਿ ਨੌਜਵਾਨ ਕਿਸ ਤਰਾਂ ਭਾਸ਼ਾਵਾਂ ਦੀ ਰੱਖਿਆ, ਪੁਨਰ ਜਾਗਰਣ ਅਤੇ ਤਕਨਾਲੋਜੀ ਦੇ ਜਰੀਏ ਭਾਸ਼ਾਈ ਵਿਭਿੰਨਤਾ ਨੂੰ ਵਧਾਉਣ ਵਿਚ ਮਹੱਤਵਪੂਰਨ ਭੂਮਿਕਾ ਨਿਭਾ ਰਹੇ ਹਨ । ਇਹ ਦਿਵਸ 21 ਫਰਬਰੀ 2026 ਨੂੰ ਮਨਾਇਆ ਜਾਵੇਗਾ ਅਤੇ ਇਹ ਇਸ ਗੱਲ ਤੇ ਜੋਰ ਦਿੰਦਾ ਹੈ ਕਿ ਕਿਸ ਤਰਾਂ ਭਾਸ਼ਾ ਪਛਾਣ ਸਿੱਖਣ ਅਤੇ ਸ਼ਾਮਿਲਤਾ ਨੂੰ ਗਠਿਤ ਕਰਦੀ ਹੈ।

**2026 ਲਈ ਮੁੱਖ ਕੇਂਦਰੀ ਖੇਤਰ :**

**ਨੌਜਵਾਨ ਕੇਂਦਰਿਤ ਨਵੀਨਤਾ:–** ਨੌਜਵਾਨ ਤਕਨਾਲੋਜੀ ਦੀ ਵਰਤੋਂ ਕਰਕੇ ਡਿਜੀਟਲ ਸਮੱਗਰੀ ਤਿਆਰ ਕਰ ਰਹੇ ਹਨ ਜਿਸ ਨਾਲ ਭਾਸ਼ਾਵਾਂ ਨੂੰ ਹੋਰ ਦਿਖਣਯੋਗ ਅਤੇ ਕੀਮਤੀ ਬਣਾਇਆ ਜਾ ਰਿਹਾ ਹੈ। ਬਹੁ ਭਾਸ਼ੀ ਸਿੱਖਿਆ ਇਹ ਦਿਵਸ ਉਹਨਾਂ ਸਿੱਖਿਆ ਪ੍ਰਣਾਲੀਆਂ ਦਾ ਸਮਰਥਨ ਕਰਦਾ ਹੈ ਜੋ ਸਿੱਖਿਅਰਥੀਆਂ ਦੀ ਮਾਤ ਭਾਸ਼ਾ ਨੂੰ ਮਾਣਤਾ ਅਤੇ ਸਹਾਰਾ ਦਿੰਦੀਆਂ ਹਨ , ਤਾਂ ਜੋ ਸਿੱਖਿਆ ਦੇ ਨਤੀਜੇ ਸੁਧਰ ਸਕਣ।

**ਚਾਂਦੀ ਜਿਲਦ ਸੰਦੇਸ਼ (ਸਿਲਵਰ ਜੁਬਲੀ ਸੰਦੇਸ਼):–** ਯੂਨੈਸਕੋ ਭਾਸ਼ਾਈ ਵਿਭਿੰਨਤਾ ਨੂੰ ਉਤਸ਼ਾਹਿਤ ਕਰਨ ਦੇ 25+ ਸਾਲ ਮਨਾ ਰਿਹਾ ਹੈ। ਜਿਸਦਾ ਮਾਟੋ ਹੈ 'ਭਾਸ਼ਾਵਾਂ ਮਹੱਤਵਪੂਰਨ ਹਨ। ਅੰਤਰਰਾਸ਼ਟਰੀ ਮਾਤ ਭਾਸ਼ਾ ਦਿਵਸ ਦਾ ਚਾਂਦੀ ਜੁਬਲੀ ਉਤਸਵ।' ਅੱਜ ਅਸੀਂ ਭਾਸ਼ਾ ਲਈ ਦਿੱਤੇ ਜਾਣ ਵਾਲੇ ਅੰਤਰਰਾਸ਼ਟਰੀ ਪ੍ਰਾਈਜ ਲਿੰਗੂਆਪੈਕਸ ਪਰਾਈਜ ਬਾਰੇ ਜਾਨਣ ਦੀ ਕੋਸ਼ਿਸ਼ ਕਰਦੇ ਹਾਂ। ਅਤੇ ਇਹ ਵੀ ਕਿ ਇਹ ਪ੍ਰਾਈਜ ਮਿਲਣ ਲਈ ਸਾਡੀ ਮਾਤਭਾਸ਼ਾ ਪੰਜਾਬੀ ਵਿੱਚ ਅਜੇ ਹੋਰ ਕਿਹੜੇ ਕਿਹੜੇ ਕੰਮ ਕੀਤੇ ਜਾਣ ਦੀ ਲੋੜ ਹੈ, ਬਾਰੇ ਵਿਚਾਰ ਕਰਾਂਗੇ।

**ਲਿੰਗੂਆਪੈਕਸ ਪਰਾਈਜ ਕੀ ਹੈ?:–** ਇੰਟਰਨੈਸ਼ਨਲ ਲਿੰਗੂਆਪੈਕਸ ਪਰਾਈਜ਼ ਇੱਕ ਅੰਤਰਰਾਸ਼ਟਰੀ ਪੁਰਸਕਾਰ ਹੈ ਜੋ ਭਾਸ਼ਾਈ ਵਿਭਿੰਨਤਾ ਅਤੇ ਬਹੁ ਭਾਸ਼ਾਵਾਦ ਨੂੰ ਉਤਸ਼ਾਹਤ ਕਰਨ ਲਈ ਦਿੱਤਾ ਜਾਂਦਾ ਹੈ। ਇਹ ਪੁਰਸਕਾਰ ਉਹਨਾਂ ਵਿਅਕਤੀਆਂ ਸਮੂਹਾਂ ਜਾਂ ਸੰਸਥਾਵਾਂ ਨੂੰ ਮਿਲਦਾ ਹੈ ਜਿਹਨਾਂ ਨੇ ਭਾਸ਼ਾਵਾਂ ਦੀ ਸੰਰੱਖਿਆ, ਘੱਟ ਸਮਝੀਆਂ ਜਾਂ ਰਹਿੰਦੀਆਂ ਭਾਸ਼ਾਵਾਂ ਦੀ ਜੀਵੰਤਤਾ, ਮਾਤ ਭਾਸ਼ਾ ਅਧਾਰਿਤ ਸਿੱਖਿਆ, ਭਾਸ਼ਾਈ ਅਧਿਕਾਰਾਂ ਦੀ ਰੱਖਿਆ ਵਰਗਾ ਕੰਮ ਕੀਤਾ ਹੋਵੇ। ਇਸਦਾ ਮੁੱਖ ਉਦੇਸ਼ ਹੈ ਕਿ ਭਾਸ਼ਾਵਾਂ ਵਿਚਲੇ ਫਰਕਾਂ ਨੂੰ ਸਵੀਕਾਰ ਕਰ ਕੇ ਯੋਗਦਾਨ ਦੇਣਾ ਅਤੇ ਸਾਂਝ ਬਣਾਉਣਾ ਜੋ ਅੰਤ ਵਿੱਚ ਸ਼ਾਂਤੀ ਅਤੇ ਬਹੁ ਸੰਸਕ੍ਰਿਤਿਕਤਾ ਨੂੰ ਮਜਬੂਤ ਕਰਦਾ ਹੈ।

**ਕੌਣ ਦਿੰਦਾ ਹੈ ਇਹ ਪਰਾਈਜ:–** ਇਹ ਇਨਾਮ ਲਿੰਗੂਆਪੈਕਸ ਇੰਟਰਨੈਸ਼ਨਲ ਸੰਸਥਾ ਦੁਆਰਾ ਦਿੱਤਾ ਜਾਂਦਾ ਹੈ । ਇਹ ਇੱਕ ਅਜਿਹਾ ਸੰਗਠਨ ਹੈ ਜੋ 1987 ਵਿੱਚ ਯੂਨੈਸਕੋ ਤੋਂ ਸ਼ੁਰੂ ਹੋਇਆ ਸੀ ਅਤੇ ਹੁਣ ਇਹ ਇੱਕ ਸੁਤੰਤਰ ਸੰਸਥਾ ਹੈ ਜੋ ਯੂਨੈਸਕੋ ਨਾਲ ਸਲਾਹਕਾਰੀ ਦਰਜੇ ਵਿੱਚ ਕੰਮ ਕਰਦੀ ਹੈ।

ਇਸ ਇਨਾਮ ਦਾ ਹੱਕਦਾਰ ਕੌਣ ਹੋ ਸਕਦਾ ਹੈ ?? ਲੋਕ, ਅਕਾਦਮਿਕ ਪੇਸ਼ਾਵਰ ,ਗੁਰੂ, ਸਮੂਹ ਅਤੇ ਸੰਗਠਨਾਂ ਨੂੰ ਇਹ ਇਨਾਮ ਮਿਲ ਸਕਦਾ ਹੈ ਜਿਹੜੇ ਭਾਸ਼ਾਈ ਜਾਗਰੂਕਤਾ ਅਤੇ ਬਚਾਅ ਤੇ ਕੰਮ ਕਰਦੇ ਹਨ, ਬਹੁਤ ਘੱਟ ਲੋਕਾਂ ਵੱਲੋਂ ਬੋਲੀਆਂ ਜਾਣ ਵਾਲੀਆਂ ਬੋਲੀਆਂ ਲਈ ਸਿੱਖਿਆ ਜਾਂ ਪੁਨਰ ਜਾਗਰਣ ਯੋਜਨਾ ਤੇ ਕੰਮ ਕਰਨ ਵਾਲੇ, ਭਾਸ਼ਾਵਾਂ ਦੇ ਸਹੀ ਉਪਯੋਗ ਬਾਰੇ ਸੋਚ ਜਾਂ ਜਿਹੜੇ ਭਾਸ਼ਾਈ ਅਧਿਕਾਰਾਂ ਦੀ ਰੱਖਿਆ ਕਰਦੇ ਹਨ। ਇਸ ਸੰਸਥਾ ਦੇ ਅੰਦਰਲੇ ਕਰਮਚਾਰੀ ਅਤੇ ਪਹਿਲਾਂ ਇਨਾਮ ਲੈ ਚੁੱਕੇ ਹੋਏ ਦੁਬਾਰਾ ਲਾਭ ਨਹੀਂ ਲੈ ਸਕਦੇ।

ਕੌਣ ਨੌਮੀਨੇਸ਼ਨ ਭੇਜ ਸਕਦਾ ਹੈ? ਸੰਸਥਾਵਾਂ, ਯੂਨੈਸਕੋ ਚੇਅਰਜ਼, ਕੌਂਸਲ ਆਫ ਯੂਰੋਪ ਵਰਗੇ ਸੰਗਠਨ ਜਾਂ ਮੌਜੂਦਾ ਲਿੰਗੂਆਪੈਕਸ ਇੰਟਰਨੈਸ਼ਨਲ ਨੈਟਵਰਕ ਦੇ ਮੈਂਬਰ ਨੌਮੀਨੇਸ਼ਨ ਭੇਜ ਸਕਦੇ ਹਨ। ਆਮ ਲੋਕਾਂ ਲਈ ਸਿੱਧੀ ਨੌਮੀਨੇਸ਼ਨ ਨਹੀਂ ਹੁੰਦੀ, ਉਹਨਾਂ ਨੂੰ ਕਿਸੇ ਸੰਗਠਨ ਜਾਂ ਅਧਿਕਾਰਿਤ ਵਿਅਕਤੀ ਰਾਹੀਂ ਨੌਮੀਨੇਟ ਕਰਵਾਉਣਾ ਪੈਂਦਾ ਹੈ।

**ਇਨਾਮ ਦੀ ਰਕਮ :–** ਲਿੰਗੂਆਪੈਕਸ ਇੰਟਰਨੈਸ਼ਨਲ ਵਲੋਂ ਇੱਕ ਡਿਪਲੋਮਾ ਜਾਂ ਸਨਦ ਦਿੱਤੀ ਜਾਂਦੀ ਹੈ ਅਤੇ ਪ੍ਰੋਜੈਕਟ ਜਾਂ ਅਗਲੇ ਕਾਰਜ ਲਈ 6000 ਯੂਰੋ ( ਇਸ ਸਮੇ ਕੀਮਤ 6,40,000 ਰੁਪਏ) ਦੀ ਰਕਮ ਦਿੱਤੀ ਜਾਂਦੀ ਹੈ। ਇਹ ਸਨਦ ਸਿਰਫ ਇੱਕ ਸਰਟੀਫਿਕੇਟ ਹੀ ਨਹੀਂ ਸਗੋਂ ਇਹ ਉਸ ਵਿਅਕਤੀ ਜਾਂ ਸੰਸਥਾ ਦੀ ਇੱਕ ਪਹਿਚਾਣ ਹੈ ਅਤੇ ਉਸਨੂੰ ਕਈ ਨਵੇਂ ਅਧਿਕਾਰ ਦਿੰਦੀ ਹੈ। ਪਹਿਲੀ ਗੱਲ ਇਹ ਇਸ ਗੱਲ ਦਾ ਅਧਿਕਾਰਿਤ ਪ੍ਰਮਾਣ ਪੱਤਰ ਹੈ ਕਿ ਉਕਤ ਵਿਅਕਤੀ ਜਾਂ ਸੰਸਥਾ ਨੇ ਭਾਸ਼ਾ ਵਿਭਿੰਨਤਾ ਅਤੇ ਬਹੁ ਭਾਸ਼ਾਵਾਦ ਰਾਹੀਂ ਅੰਤਰਰਾਸ਼ਟਰੀ ਸ਼ਾਂਤੀ ਲਈ ਕੰਮ ਕੀਤਾ ਹੈ। ਹੁਣ ਯੂਨੈਸਕੋ ,ਯੂਰਪੀ ਕੌਂਸਲ ਅਤੇ ਅਜਿਹੀਆਂ ਅੰਤਰਰਾਸ਼ਟਰੀ ਸੰਸਥਾਵਾਂ ਵਿਚ ਉਸਦੀ ਆਵਾਜ ਨੂੰ ਗੰਭੀਰਤਾ ਨਾਲ ਸੁਣਿਆ ਜਾਂਦਾ ਹੈ। ਉਸ ਵਿਅਕਤੀ ਜਾਂ ਸੰਸਥਾ ਵਲੋਂ ਅੰਤਰਰਾਸ਼ਟਰੀ ਪੱਧਰ ਤੇ ਗ੍ਰਾਂਟਾਂ ਜਾਂ ਫੰਡ ਲੈਣੇ ਸੌਖੇ ਹੋ ਜਾਂਦੇ ਹਨ। ਇਹ ਸਨਦ ਸੰਬੰਧਿਤ ਵਿਅਕਤੀ ਜਾਂ ਸੰਸਥਾ ਨੂੰ ਇਨਸਾਨੀ ਹੋਂਦ, ਭਾਈਚਾਰਾ ਅਤੇ ਅਮਨ ਦਾ ਹਿੱਸਾ ਦਰਸਾਉਂਦੀ ਹੈ। ਇਹ ਇਨਾਮ ਅੰਤਰਰਾਸ਼ਟਰੀ ਮਾਤ ਭਾਸ਼ਾ ਦਿਵਸ ਯਾਨੀ 21 ਫਰਬਰੀ ਨੂੰ ਦਿੱਤਾ ਜਾਂਦਾ ਹੈ।

**ਲਿੰਗੂਆਪੈਕਸ ਪ੍ਰਾਈਜ ਲੈਣ ਵਾਲੇ :–** ਸਾਲ 2020 ਲਈ ਇਹ ਇਨਾਮ ਮਾਰਿਆ–ਲੀਸਾ ਓਲਤਹੂਇਸ ਨੂੰ ਦਿੱਤਾ ਗਿਆ ਜੋ ਫਿਨਲੈਂਡ ਨਾਲ ਸੰਬੰਧਿਤ ਹਨ। ਉਹ ਇਨਾਰੀ ਸਾਮੀ ਨਾਮੀ ਮੂਲ ਭਾਸ਼ਾ ਦੇ ਪੁਨਰ ਜਾਗਰਣ ਲਈ ਲੰਬੇ ਸਮੇਂ ਤੋਂ ਵਿਦਿਅਕ, ਭਾਸ਼ਾਈ ਤੇ ਸਮੁਦਾਇਕ ਪੱਧਰ ਤੇ ਕੰਮ ਕਰ ਰਹੀਆਂ ਹਨ। ਸ਼ਬਦਾਵਲੀ ਤਿਆਰ ਕਰਨ, ਸਿੱਖਿਆ ਸਮੱਗਰੀ ਵਿਕਸਿਤ ਕਰਨ ਅਤੇ ਸਮੁਦਾਇਕ ਸਰਗਰਮੀਆਂ ਰਾਹੀਂ ਉਨ੍ਹਾਂ ਨੇ ਇਸ ਖਤਰੇ ਵਿੱਚ ਪਈ ਭਾਸ਼ਾ ਨੂੰ ਮੁੜ ਜੀਵੰਤ ਕਰਨ ਵਿੱਚ ਵੱਡਾ ਯੋਗਦਾਨ ਪਾਇਆ ਹੈ। ਸਾਲ 2021 ਵਿੱਚ ਇਹ ਇਨਾਮ ਪਾਕਿਸਤਾਨ ਦੀ ਸੰਸਥਾ ਇਦਾਰਾ ਬਰਾਇ ਤਲੀਮ–ਓ–ਤਰੱਕੀ ਨੂੰ ਮਿਲਿਆ। ਇਸ ਸੰਸਥਾ ਨੇ ਮਾਧਰੀ ਭਾਸ਼ਾ–ਆਧਾਰਿਤ ਬਹੁ ਭਾਸ਼ੀ ਸ਼ੁਰੂਆਤੀ ਬਚਪਨ ਦੀ ਸਿੱਖਿਆ ਦਾ ਮਾਡਲ ਵਿਕਸਤ ਕਰਕੇ ਪਹਾੜੀ ਅਤੇ ਦੂਰ ਦਰਾਜ਼ ਇਲਾਕਿਆਂ ਵਿੱਚ ਬੱਚਿਆਂ ਨੂੰ ਆਪਣੀ ਮਾਤਭਾਸ਼ਾ ਵਿੱਚ ਸਿੱਖਣ ਦਾ ਮੌਕਾ ਦਿੱਤਾ ਹੈ। ਇਸ ਮਾਡਲ ਰਾਹੀਂ ਨਾ ਸਿਰਫ ਸਕੂਲੀ ਪ੍ਰਦਰਸ਼ਨ ਸੁਧਰਿਆ ਹੈ, ਸਗੋਂ ਭਾਸ਼ਾਈ ਅਤੇ ਸਭਿਆਚਾਰਕ ਪਛਾਣ ਨੂੰ ਵੀ ਮਜ਼ਬੂਤੀ ਮਿਲੀ ਹੈ। ਸਾਲ 2022 ਲਈ ਇਹ ਇਨਾਮ ਮੈਕਸੀਕੋ ਦੇ ਅਦਾਰੇ ਅਧਾਂ ੱਓਓ ਛੋਲਲਏਚਟਿਵਏ ਨੂੰ ਪ੍ਰਦਾਨ ਕੀਤਾ ਗਿਆ। ਇਹ ਕਲੈਕਟਿਵ ਮਾਇਆ ਭਾਸ਼ਾਵਾਂ ਦੀ ਰੱਖਿਆ, ਉਹਨਾਂ ਦੀ ਰੋਜ਼ਮੱਰਾ ਵਰਤੋਂ ਅਤੇ ਨਵੀਂ ਪੀੜ੍ਹੀ ਵਿੱਚ ਮਾਇਆ ਭਾਸ਼ਾਈ ਸਭਿਆਚਾਰ ਦੇ ਪਸਾਰ ਲਈ ਕੰਮ ਕਰਦਾ ਹੈ। ਸਮੁਦਾਇਕ ਪ੍ਰੋਗਰਾਮਾਂ ਸਿੱਖਿਆਈ ਪ੍ਰੋਜੈਕਟਾਂ ਅਤੇ ਸੱਭਿਆਚਾਰਕ ਗਤੀਵਿਧੀਆਂ ਰਾਹੀਂ ਇਹ ਗਰੁੱਪ ਬਹੁਭਾਸ਼ੀਪਣ ਅਤੇ ਭਾਸ਼ਾਈ ਹੱਕਾਂ ਨੂੰ ਉਭਾਰਦਾ ਹੈ। ਸਾਲ 2023 ਵਿੱਚ ਇਹ ਇਨਾਮ ਅਬਦੁਵੇਲੀ ਅਯੂਪ ਨੂੰ ਦਿੱਤਾ ਗਿਆ, ਜੋ ਮੂਲ ਰੂਪ ਵਿੱਚ ਚੀਨ ਦੇ ਉਈਘੁਰ ਸਮੁਦਾਇ ਨਾਲ ਸੰਬੰਧਿਤ ਹਨ ਅਤੇ ਬਾਅਦ ਵਿੱਚ ਨਾਰਵੇ ਵੀ ਰਹੇ ਹਨ। ਉਹ ਉਈਘੁਰ ਭਾਸ਼ਾ ਦੀ ਰੱਖਿਆ ਅਤੇ ਉਈਘੁਰ ਲੋਕਾਂ ਦੇ ਭਾਸ਼ਾਈ– ਸਭਿਆਚਾਰਕ ਹੱਕਾਂ ਲਈ ਲਿਖਤਾਂ ,ਸ਼ੋਧ ਅਤੇ ਐਕਟੀਵਿਜ਼ਮ ਰਾਹੀਂ ਆਵਾਜ ਉਠਾਉਂਦੇ ਰਹੇ ਹਨ। ਉਹਨਾਂ ਦਾ ਕੰਮ ਦਿਖਾਉਂਦਾ ਹੈ ਕਿ ਕਿਸ ਤਰਾਂ ਇੱਕ ਵਿਅਕਤੀ ਖਤਰੇ ਵਿੱਚ ਪਈ ਭਾਸ਼ਾ ਦੀ ਦਿੱਖ, ਸਨਮਾਨ ਅਤੇ ਹੋਂਦ ਲਈ ਦੁਨੀਆ ਭਰ ਵਿੱਚ ਜਾਗਰੂਕਤਾ ਪੈਦਾ ਕਰ ਸਕਦਾ ਹੈ।

ਅਜੇ ਤੱਕ 2024, 2025 ਅਤੇ 2026 ਲਈ ਇਸ ਇਨਾਮ ਨੂੰ ਜਿੱਤਣ ਵਾਲਿਆ ਦਾ ਐਲਾਨ ਨਹੀਂ ਕੀਤਾ ਗਿਆ।

**ਭਾਰਤ ਨੂੰ ਲਿੰਗੂਆਪੈਕਸ ਪਰਾਈਜ:–** ਸਾਡੇ ਲਈ ਇਹ ਖੁਸ਼ੀ ਅਤੇ ਮਾਣ ਦੀ ਗੱਲ ਹੈ ਕਿ ਭਾਰਤ ਦੇ ਗੁਜਰਾਤ ਦੇ ਸ਼੍ਰੀ ਗਨੇਸ਼. ਐਨ.ਦੇਵੀ ਨੂੰ 2011 ਵਿੱਚ ਇਹ ਮਾਣਮੱਤਾ ਇਨਾਮ ਮਿਲਿਆ ਸੀ। ਕੁਝ ਗੱਲਾਂ ਇਸ ਭਾਸ਼ਾ ਵਿਗਿਆਨੀ ਬਾਰੇ ਵੀ ਜਾਣ ਲਈਏ । 1950 ਵਿੱਚ ਜਨਮੇ ਸ੍ਰੀ ਗਨੇਸ਼–ਦੇਵੀ, ਮਹਾਰਾਜਾ ਸਾਇਆਜੀਰਾਓ ਯੂਨੀਵਰਸਿਟੀ ਆਫ ਬਰੌਦਾ (ਗੁਜਰਾਤ) ਵਿਚ ਅੰਗਰੇਜ਼ੀ ਦੇ ਪ੍ਰੋਫੈਸਰ ਹਨ। ਉਹ ਤੇਜਗਧ ਯੂਨੀਵਰਸਿਟੀ ਦੇ ਫਾਊਂਡਰ ਅਤੇ ਡਾਇਰੈਕਟਰ ਵੀ ਹਨ। ਉਹ ਖਤਰੇ ਦੀ ਕਗਾਰ ਤੇ ਪੁੱਜੀਆਂ ਭਾਸ਼ਾਵਾਂ ਦੀ ਸੰਭਾਲ ਕਰਨ ਵਾਲੇ ਸਰਗਰਮ ਯੋਧੇ ਹਨ। ਉਹਨਾਂ ਨੇ ਲਤਾੜੇ ਅਤੇ ਬੇ–ਪਛਾਣ ਲੋਕਾਂ (ਆਦਿਵਾਸੀ) ਦੇ ਮਨੁੱਖੀ ਅਧਿਕਾਰਾਂ ਲਈ ਵੀ ਬਹੁਤ ਕੰਮ ਕੀਤਾ ਹੈ। ਉਹਨਾਂ ਨੇ ਤੇਜਗਧ ਵਿੱਚ ਆਦਿਵਾਸੀ ਅਕੈਡਮੀ ਅਤੇ ਹਿਮਾਲਿਆ ਦੇ ਹਿਮਲੋਕ ਇੰਸਟੀਚਿਊਟ ਦੀ ਸਥਾਪਨਾ ਵੀ ਕੀਤੀ ਹੈ। ਉਹਨਾਂ ਦਾ ਸਾਰਾ ਧਿਆਨ ਜਨ–ਜਾਤੀ ਸਿੱਖਿਆ ਅਤੇ ਉਹਨਾਂ ਦੀ ਭਾਸ਼ਾ, ਸੱਭਿਆਚਾਰ ਅਤੇ ਕਲਾ ਦੀ ਸੰਭਾਲ ਵੱਲ ਰਿਹਾ ਹੈ। 'ਭਾਸ਼ਾ' ਅਨੁਸਾਰ ਉਹਨਾਂ ਨੇ 23 ਕਿਤਾਬਾਂ ਗੈਰ– ਅਨੁਸੂਚਿਤ ਭਾਸ਼ਾਵਾਂ (Non-scheduled languages) ਤੇ ਵੀ ਲਿਖੀਆਂ, ਜਿਨ੍ਹਾਂ ਭਾਸ਼ਾਵਾਂ ਨੂੰ ਅਜੇ ਸਾਡੇ ਸੰਵਿਧਾਨ ਨੇ ਮਾਣਤਾ ਨਹੀਂ ਦਿੱਤੀ ਹੋਈ। ਜਨ–ਜਾਤੀ ਭਾਸ਼ਾਵਾਂ ਲਈ ਉਹ ਰਸਾਲਾ 'ਢੋਲ' ਸੰਪਾਦਿਤ ਕਰਦੇ ਨੇ, ਜਿਸ ਵਿੱਚ ਘੱਟੋ ਘੱਟ 10 ਜਨ–ਜਾਤੀ ਭਾਸ਼ਾਵਾਂ ਦਾ ਸਾਹਿਤ ਛਪਦਾ ਹੈ।..... ਭਾਰਤ ਸਰਕਾਰ ਨੇ ਭਾਸ਼ਾ ਕੇਂਦਰ (Bhasha Centre) ਨੂੰ ਕੁਸ਼ਲਤਾ ਦੇ ਕੇਂਦਰ ਵਜੋਂ ਮਾਣਤਾ ਦਿੱਤੀ ਹੈ ਅਤੇ ਇਸ ਭਾਸ਼ਾ ਨੇ ਪ੍ਰੋ ਦੇਵੀ ਨੂੰ 'ਗਰੀਅਰਸਨ ਲਿੰਗੂਇਸਟਿਕ ਸਰਵੇ ਆਫ ਇੰਡੀਆ (1930–31) ਨੂੰ ਦੁਹਰਾਉਣ ਅਤੇ ਨਵੇਂ ਸਿਰਿਓਂ ਲਿਖਣ ਦਾ ਵੱਡਾ ਪ੍ਰੋਜੈਕਟ ਦਿੱਤਾ ਹੈ। ਪ੍ਰੋ. ਗਨੇਸ਼ ਵੱਲੋਂ ਲਿਖੀਆਂ ਪੁਸਤਕਾਂ ਵਿੱਚੋਂ ਕ੍ਰਿਟੀਕਲ ਥਾਟਸ, ਆਫਟਰ ਐਮਨੇਸ਼ੀਆ, ਆਫ ਮੈਨੀ ਹੀਰੋਜ਼, ਇੰਡੀਆ ਬਿਟਵੀਨ ਟਰੈਡੀਸ਼ਨ ਐਂਡ ਮੌਡਰਨਿਟੀ, ਐਨ ਐਂਥੋਲੋਜੀ ਆਫ ਟਰਾਈਬਲ ਲਿਟਰੇਚਰ, ਦਾ ਨਾਰਮਲ ਕਾਲਡ ਥੀਫ ਪ੍ਰਮੁੱਖ ਹਨ।



ਹੁਣ ਆਪਣੀ ਮਾਂ ਬੋਲੀ ਪੰਜਾਬੀ ਵੱਲ ਆਈਏ। ਪੰਜਾਬੀ ਭਾਸ਼ਾ ਨੂੰ ਇਸ ਪਰਾਈਜ ਦੇ ਹਾਣ ਦੀ ਹੋਣ ਲਈ ਇਸ ਦੇ ਖੋਜੀਆਂ ਨੂੰ ਅਤੇ ਇਸਦੇ ਵਿਕਾਸ ਲਈ ਯਤਨਸ਼ੀਲ ਸੰਸਥਾਵਾਂ ਨੂੰ ਅਜੇ ਬਹੁਤ ਕੁਝ ਕਰਨਾ ਲੋੜੀਂਦਾ ਹੈ। ਕੁਝ ਪੱਖ ਹੇਠ ਲਿਖੇ ਹਨ ––

**1.ਲਿੱਪੀ ਦੀ ਇੱਕਰੂਪਤਾ ਅਤੇ ਪਰਸਪਰ ਸਨਮਾਨ :–** ਪੰਜਾਬੀ ਬੋਲੀ ਨੂੰ ਅੱਜ ਤਿੰਨ ਲਿੱਪੀਆਂ ਵਿੱਚ ਲਿਖਿਆ ਜਾ ਰਿਹਾ ਹੈ। ਭਾਰਤ ਵਿੱਚ ਇਹ ਗੁਰਮੁਖੀ ਲਿੱਪੀ ਵਿੱਚ ਲਿਖੀ ਜਾ ਰਹੀ ਹੈ, ਪਾਕਿਸਤਾਨ ਵਿੱਚ ਇਸਨੂੰ ਸ਼ਾਹਮੁਖੀ ਵਿੱਚ ਲਿਖਿਆ ਜਾ ਰਿਹਾ ਹੈ। ਅਤੇ ਤੀਸਰੇ ਡਿਜੀਟਲ ਵਰਤੋਂ ਸਮੇਂ ਜਾਂ ਡਾਇਸਪੋਰਾ ਵਿਅਕਤੀਆਂ ਵੱਲੋਂ ਇਸਨੂੰ ਰੋਮਨ ਵਿੱਚ ਵੀ ਲਿਖਿਆ ਜਾ ਰਿਹਾ ਹੈ। ਇਸ ਨਾਲ ਇੱਕੋ ਭਾਸ਼ਾ ਅਤੇ ਸਭਿਆਚਾਰਕ ਸਾਂਝ ਰੱਖਣ ਵਾਲੇ ਪੰਜਾਬੀ ਵੀ ਇੱਕ ਦੂਜੇ ਤੋਂ ਦੂਰ ਹੋ ਰਹੇ ਹਨ, ਬਜਾਇ ਸਾਂਝ ਦੇ ਮਜਬੂਤ ਹੋਣ ਦੇ।

**ਕਰਨ ਯੋਗ ਕੰਮ :** ਇਸਦੇ ਲਈ ਲਿਪੀ ਨਹੀਂ, ਭਾਸ਼ਾ ਕੇਂਦਰਿਤ ਸੋਚ ਬਣਾਉਣ ਦੀ ਲੋੜ ਹੈ। ਗੁਰਮੁਖੀ ਅਤੇ ਸ਼ਾਹਮੁਖੀ ਪਰਿਵਰਤਨ ਲਈ ਸਰਕਾਰੀ ਅਤੇ ਅਕਾਦਮਿਕ ਸਹਿਯੋਗ ਦੀ ਲੋੜ ਹੈ। ਸਰਕਾਰਾਂ ਤੇ ਦਬਾਅ ਪਾਇਆ ਜਾਵੇ ਕਿ ਉਹ ਦੂਸਰੀ ਲਿੱਪੀ ਦੇ ਵਿਕਾਸ ਲਈ ਵੀ ਯਤਨ ਕਰੇ ਅਤੇ ਲੋੜੀਂਦਾ ਬੱਜਟ ਵੀ ਦੇਵੇ। ਦੋਹਾਂ ਪਾਸਿਆਂ ਦੇ ਪਾਠਕ੍ਰਮ ਵਿੱਚ ਦੂਜੀ ਲਿੱਪੀ ਨਾਲ ਜਾਣ ਪਛਾਣ ਜਰੂਰ ਹੋਵੇ। ਭਾਰਤੀ ਪੰਜਾਬੀ ਦੇ ਸਕੂਲ ਪੱਧਰ ਦੇ ਸਲੇਸਬ ਵਿੱਚ ਹੀ ਸ਼ਾਹਮੁਖੀ ਲਿੱਪੀ ਬਾਰੇ ਮੁੱਢਲੀ ਜਾਣਕਾਰੀ ਹੋਵੇ ਅਤੇ ਪਾਕਿਸਤਾਨੀ ਪੰਜਾਬੀ ਦੇ ਸਕੂਲ ਪੱਧਰ ਦੇ ਸਲੇਬਸ ਵਿੱਚ ਗੁਰਮੁਖੀ ਲਿੱਪੀ ਬਾਰੇ ਮੁੱਢਲੀ ਜਾਣਕਾਰੀ ਹੋਵੇ। ਤਾਂ ਕਿ ਦਸਵੀਂ ਪੜ੍ਹਿਆ ਵਿਦਿਆਰਥੀ ਦੋਵਾਂ ਲਿੱਪੀਆਂ ਨੂੰ ਪੜ੍ਹ ਵੀ ਸਕਦਾ ਹੋਵੇ ਅਤੇ ਲਿਖ ਵੀ ਸਕਦਾ ਹੋਵੇ। ਸਰਕਾਰ ਤੋਂ ਬਿਨਾਂ ਗੈਰ ਸਰਕਾਰੀ ਅਤੇ ਸਵੈ ਸੇਵੀ ਸੰਸਥਾਵਾਂ ਨੂੰ ਵੀ ਅੱਗੇ ਆ ਕੇ ਇਹ ਕੰਮ ਕਰਨਾ ਚਾਹੀਦਾ ਹੈ। ਉਦਾਹਰਣ ਵਜੋਂ ਸ਼ਾਹਮੁਖੀ ਪ੍ਰਚਾਰ ਕਰਨ ਵਾਲੀਆਂ ਸੰਸਥਾਵਾਂ ਅਤੇ ਅਕੈਡਮੀਆਂ ਨੂੰ ਖੁਦ ਸਕੂਲਾਂ ਨਾਲ ਸੰਪਰਕ ਕਰਕੇ ਉਹਨਾਂ ਤੋਂ ਟਾਈਮ ਟੇਬਲ ਵਿੱਚ ਕੁਝ ਸਮਾਂ ਲੈ ਲੈਣਾ ਚਾਹੀਦਾ ਹੈ ਜਿੱਥੇ ਇਹਨਾਂ ਦੇ ਕਰਮਚਾਰੀ ਵਿਦਿਆਰਥੀਆਂ ਨੂੰ ਸ਼ਾਹਮੁਖੀ ਸਿਖਾਉਣ। ਇਸੇ ਤਰਾਂ ਗੁਰਮੁਖੀ ਲਿੱਪੀ ਲਈ ਯਤਨ ਉਹਨਾਂ ਸਕੂਲਾਂ ਵਿੱਚ ਕੀਤੇ ਜਾਣ ਦੀ ਲੋੜ ਹੈ ਜਿੱਥੇ ਪੰਜਾਬੀ ਸ਼ਾਹਮੁਖੀ ਲਿੱਪੀ ਵਿੱਚ ਪੜ੍ਹਾਈ ਜਾ ਰਹੀ ਹੈ। ਡਿਜੀਟਲ ਰੂਪ ਵਿੱਚ ਰੋਮਨ ਲਿੱਪੀ ਦੀ ਵਰਤੋਂ ਸੁਚੇਤ ਰਹਿ ਕੇ ਰੋਕੀ ਜਾ ਸਕਦੀ ਹੈ। ਅੱਜ ਲੱਗਭੱਗ ਹਰ ਮੋਬਾਈਲ ਵਿੱਚ ਪੰਜਾਬੀ ਫੌਂਟਸ ਆ ਗਏ ਹਨ । ਇਸ ਦੀ ਪ੍ਰੇਰਨਾ ਦਿੱਤੀ ਜਾਵੇ ਤਾਂ ਕਿ ਸੋਸ਼ਲ ਮੀਡੀਆ ਤੇ ਪੰਜਾਬੀ ਲਿਖਣ ਦੀ ਖੁੱਲ੍ਹੀ ਵਰਤੋਂ ਹੋਵੇ।

ਲਿੰਗੂਆਪੈਕਸ ਦਾ ਮੂਲ ਅਸੂਲ ਹੈ, ਭਾਸ਼ਾ ਵੰਡ ਨਹੀਂ, ਜੋੜ ਬਣੇ। ਇਹ ਜੋੜ ਤਦੇ ਹੀ ਬਣ ਸਕਦੀ ਹੈ ਜੇ ਦੋਹਾਂ ਲਿੱਪੀਆਂ ਨਾਲ ਸਾਰੇ ਪੰਜਾਬੀ ਧੁਰ ਅੰਦਰੋਂ ਜੁੜੇ ਹੋਏ ਹੋਣ। ਇਸ ਤਰਾਂ ਦੀ ਸਾਂਝ ਦੇਸ਼ਾਂ ਦੀ ਆਪਸੀ ਨਫਰਤ ਵੀ ਘਟਾਉਂਦੀ ਹੈ ਅਤੇ ਅੰਤਰਰਾਸ਼ਟਰੀ ਸ਼ਾਂਤੀ ਵੱਲ ਵਧਣ ਵਿੱਚ ਮਦਦ ਕਰਦੀ ਹੈ।

**2. ਰਾਜਨੀਤਿਕ ਹੱਦਾਂ ਤੋਂ ਉੱਪਰ ਭਾਸ਼ਾ ਦੀ ਪਛਾਣ :–** ਇਸ ਸਮੇਂ ਦੀ ਹਕੀਕਤ ਇਹ ਹੈ ਕਿ ਪੰਜਾਬੀ ਨੂੰ ਇਲਾਕਾਈ ਜਾਂ ਲੋਕਲ ਭਾਸ਼ਾ ਸਮਝਿਆ ਜਾਂਦਾ ਹੈ। ਅੰਤਰਰਾਸ਼ਟਰੀ ਪੱਧਰ ਤੇ ਤਾਂ ਦੂਰ ਦੀ ਗੱਲ ਹੈ, ਅਜੇ ਰਾਸ਼ਟਰੀ ਪੱਧਰ ਤੇ ਵੀ ਇਸਦਾ ਸਥਾਨ ਸਨਮਾਨਯੋਗ ਨਹੀਂ ਹੈ। ਚੜ੍ਹਦੇ ਅਤੇ ਲਹਿੰਦੇ ਪੰਜਾਬ ਦੀਆਂ ਸਰਕਾਰਾਂ, ਸਾਹਿਤਿਕ ਸੰਸਥਾਵਾਂ, ਭਾਸ਼ਾ ਵਿਭਾਗਾਂ, ਪੰਜਾਬੀ ਯੂਨੀਵਰਸਿਟੀ, ਯੂਨੀਵਰਸਿਟੀਆਂ ਅਤੇ ਕਾਲਜਾਂ ਦੇ ਪੰਜਾਬੀ ਵਿਭਾਗਾਂ ਨੂੰ ਸਾਂਝੇ ਤੌਰ ਤੇ ਪੰਜਾਬੀ ਦੇ ਵਿਕਾਸ ਲਈ ਕੰਮ ਕੀਤੇ ਜਾਣ ਲਈ ਬਾਕਾਇਦਾ ਪ੍ਰੋਜੈਕਟ ਬਣਾਏ ਜਾਣ ਦੀ ਲੋੜ ਹੈ। ਗੈਰ ਪੰਜਾਬੀ ਸੂਬਿਆਂ ਵਿੱਚ ਪੰਜਾਬੀ ਸਿਖਾਏ ਜਾਣ ਦੇ ਯਤਨ, ਉਹਨਾਂ ਸੂਬਿਆਂ ਦੇ ਸਾਹਿਤ ਦੇ ਪੰਜਾਬੀ ਅਨੁਵਾਦ ਅਤੇ ਪੰਜਾਬੀ ਸਾਹਿਤ ਦੇ ਉਹਨਾਂ ਬੋਲੀਆਂ ਵਿੱਚ ਅਨੁਵਾਦ ਜੰਗੀ ਪੱਧਰ ਤੇ ਕੀਤੇ ਜਾਣ ਦੇ ਪ੍ਰੋਗਰਾਮ ਬਣਾਏ ਜਾਣ। ਉਹਨਾਂ ਸੂਬਿਆਂ ਦੀਆਂ ਸਰਕਾਰਾਂ ਤੋਂ ਸਹਿਯੋਗ ਲੈਣ ਦੀ ਲੋੜ ਹੈ। ਭਾਰਤੀ ਅਤੇ ਪਾਕਿਸਤਾਨੀ ਸਰਕਾਰਾਂ ਨੂੰ ਇਸ ਲਈ ਖੁਲ੍ਹੇ ਦਿਲ ਨਾਲ ਫੰਡ ਅਤੇ ਸਹਿਯੋਗ ਦੇਣਾ ਚਾਹੀਦਾ ਹੈ ਕਿਉਂਕਿ ਇਸ ਨਾਲ ਦੇਸ਼ ਦੀ ਏਕਤਾ ਅਤੇ ਅਖੰਡਤਾ ਮਜਬੂਤ ਹੋਏਗੀ। ਜਿੰਨਾ ਵੱਖ ਵੱਖ ਸੂਬਿਆਂ ਦੇ ਲੋਕ ਇੱਕ ਦੂਜੇ ਨੂੰ ਵੱਧ ਮਿਲਣਗੇ , ਇੱਕ ਦੂਜੇ ਦੀਆਂ ਬੋਲੀਆਂ ਪੜ੍ਹਨਗੇ ਅਤੇ ਸਮਝਣਗੇ, ਉਤਨਾ ਹੀ ਭਾਰਤ ਹੋਰ ਮਜਬੂਤ ਹੋਏਗਾ। ਇਸੇ ਤਰਾਂ ਅੰਤਰਰਾਸ਼ਟਰੀ ਪੱਧਰ ਤੇ ਵੀ ਭਰਵੇਂ ਅਤੇ ਨਿਰਧਾਰਤ ਪ੍ਰੋਗਰਾਮ ਬਣਾ ਕੇ ਕੰਮ ਕੀਤੇ ਜਾਣ ਦੀ ਲੋੜ ਹੈ। ਇਹ ਬਹੁਤ ਤਸੱਲੀ ਦੀ ਗੱਲ ਹੈ ਕਿ ਪੰਜਾਬੀ ਭਾਸ਼ਾ ਵਿੱਚ ਪਿਆਰ ਮੁਹੱਬਤ, ਸਾਂਝ, ਭਾਈਚਾਰਾ ਬਣਾਉਣ ਅਤੇ ਨਿਭਾਉਣ ਦੀ ਬਹੁਤ ਜ਼ਿਆਦਾ ਸਮਰੱਥਾ ਹੈ ਪਰ ਪੰਜਾਬੀਆਂ ਦੀ ਆਪਣੀ ਬੋਲੀ ਦੇ ਪ੍ਰਸਾਰ ਅਤੇ ਪ੍ਰਚਾਰ ਦੀ ਬਿਰਤੀ ਨਾ ਦੇ ਬਰਾਬਰ ਹੀ ਹੈ। ਜਿੰਨੀ ਸ਼ਿੱਦਤ ਅਤੇ ਮਿਹਨਤ ਨਾਲ ਪੰਜਾਬੀ ਲੋਕ ਅੰਗਰੇਜ਼ੀ ਅਤੇ ਹੋਰ ਦੇਸ਼ਾਂ ਦੀਆਂ ਭਾਸ਼ਾਵਾਂ ਸਿੱਖਦੇ ਹਨ, ਉਸਦੀ ਅੱਧੀ ਮਾਤਰਾ ਵਿੱਚ ਵੀ ਆਪਣਾ ਬਲ ਅਤੇ ਊਰਜਾ ਪੰਜਾਬੀ ਨੂੰ ਹੋਰਾਂ ਨੂੰ ਸਿਖਾਉਣ ਵਿੱਚ ਨਹੀਂ ਲਗਾਉਂਦੇ। ਕੈਨੇਡਾ, ਅਮਰੀਕਾ ਅਤੇ ਹੋਰ ਦੇਸ਼ਾਂ ਵਿੱਚ ਵੱਸੇ ਪੰਜਾਬੀਆਂ ਦੀ ਆਪਣੀ ਤੀਸਰੀ ਪੀੜ੍ਹੀ ਪੰਜਾਬੀ ਤੋਂ ਬਿਲਕੁਲ ਟੁੱਟ ਚੁੱਕੀ ਹੋਵੇਗੀ ,ਜੇ ਹਾਲਾਤ ਇਹੋ ਰਹੇ ਤਾਂ ...।

**ਕਰਨ ਯੋਗ ਕੰਮ:–** ਪੰਜਾਬੀ ਨੂੰ ਅੰਤਰਰਾਸ਼ਟਰੀ ਸੰਵਾਦ ਦੀ ਭਾਸ਼ਾ ਵਜੋਂ ਪੇਸ਼ ਕਰਨਾ ਪਵੇਗਾ । ਭਾਰਤ– ਪਾਕਿਸਤਾਨ ਵਿਚਕਾਰ ਸਾਂਝੇ ਸਾਹਿਤਿਕ ਤੇ ਸਭਿਆਚਾਰਕ ਪ੍ਰੋਗਰਾਮ ਵੱਧ ਤੋਂ ਵੱਧ ਹੋਣੇ ਚਾਹੀਦੇ ਹਨ। ਵੰਡ ਦੀ ਬਜਾਇ ਸਾਂਝੀ ਵਿਰਾਸਤ ਦਾ ਜਿਕਰ ਵਧੇਰੇ ਕਰਨਾ ਹੋਏਗਾ। ਬਾਹਰਲੇ ਦੇਸ਼ਾਂ ਵਿੱਚ ਜਿੱਥੇ ਪੰਜਾਬੀ ਵੱਡੀ ਮਾਤਰਾ ਵਿੱਚ ਰਹਿੰਦੇ ਹਨ, ਉਹਨਾਂ ਦੇਸ਼ਾਂ ਵਿੱਚ ਵੀ ਪੰਜਾਬੀ ਦੇ ਪ੍ਰਚਾਰ ਪ੍ਰਸਾਰ ਲਈ ਕੋਈ ਬਕਾਇਦਾ ਕੇਂਦਰ ਜਾਂ ਅਕੈਡਮੀਆਂ ਨਹੀਂ ਹਨ। ਕੁਝ ਵਿਅਕਤੀ , ਗੁਰਦੁਆਰੇ, ਜਾਂ ਸੰਸਥਾਵਾਂ ਆਪੋ ਆਪਣੇ ਪੱਧਰ ਤੇ ਯਤਨ ਕਰਦੇ ਦੇਖੇ ਹਨ, ਜਿਹੜੇ ਬਹੁਤ ਘੱਟ ਹਨ ਅਤੇ ਇਹਨਾਂ ਵਿਚ ਕੋਈ ਸਹਿਯੋਗ ਅਤੇ ਤਾਲਮੇਲ ਵੀ ਨਹੀਂ। ਨਿਰਧਾਰਤ ਸਲੇਬਸ ਰੱਖ ਕੇ ਪੰਜਾਬੀ ਸਿਖਾਉਣ ਲਈ ਇੱਕੋ ਜਿਹੇ ਯਤਨ ਕੀਤੇ ਜਾਣ ਦੀ ਬਹੁਤ ਜਿਆਦਾ ਲੋੜ ਹੈ। ਲੰਗਰਾਂ ਅਤੇ ਹੋਰ ਸਮਾਗਮਾਂ ਤੇ ਕਰੋੜਾਂ ਡਾਲਰ ਖਰਚ ਕਰਨ ਵਾਲੀ ਸਿੱਖ ਕੌਮ ਨੂੰ ਪੰਜਾਬੀ ਲਈ ਵੀ ਖਰਚ ਅਤੇ ਖੇਚਲ ਕਰਨ ਦੀ ਲੋੜ ਹੈ। ਗੁਰਬਾਣੀ ਸਾਰੇ ਬ੍ਰਹਿਮੰਡ ਨੂੰ ਕਲਾਵੇ ਵਿੱਚ ਲੈਣਾ ਸਿਖਾਉਂਦੀ ਹੈ, ਇਸਲਈ ਸਾਨੂੰ ਹੋਰ ਵਧੇਰੇ ਸੁਚੇਤ ਯਤਨ ਕਰਨੇ ਚਾਹੀਦੇ ਹਨ। ਕੱਟੜਤਾ ਤੋਂ ਪਰ੍ਹੇ ਹੋ ਕੇ ਸਭ ਨਾਲ ਸਾਂਝ ਪਾਉਣ ਲਈ ਪੰਜਾਬੀ ਇੱਕ ਬਹੁਤ ਵੱਡਾ ਸਾਧਨ ਬਣ ਸਕਦੀ ਹੈ।

ਲਿੰਗੂਆਪੈਕਸ ਓਹੀ ਭਾਸ਼ਾਵਾਂ ਵੇਖਦਾ ਹੈ ਜਿਹੜੀਆਂ ਵੈਰ ਘਟਾਉਣ ਦੀ ਤਾਕਤ ਰੱਖਦੀਆਂ ਹਨ। ਪੰਜਾਬੀ ਵਿੱਚ ਇਹ ਤਾਕਤ ਹੁੰਦੇ ਹੋਏ ਵੀ ਅਸੀਂ ਇਸ ਨੂੰ ਜੋੜਨ ਲਈ ਨਹੀਂ ਵਰਤਦੇ ਤਾਂ ਕਸੂਰਵਾਰ ਅਸੀਂ ਆਪ ਹੀ ਹਾਂ।

**3. ਉੱਚ ਪੱਧਰੀ ਗਿਆਨ ਦੀ ਭਾਸ਼ਾ ਬਣਾਉਣੀ :–** ਪੰਜਾਬੀ ਵਿੱਚ ਅਜੇ ਵੀ ਵਿਗਿਆਨ, ਦਰਸ਼ਨ, ਤਕਨਾਲੋਜੀ, ਮਨੋਵਿਗਿਆਨ, ਵਗੈਰਾ ਦਾ ਗਿਆਨ ਪ੍ਰਾਪਤ ਨਹੀਂ ਹੈ। ਇਸ ਸਭ ਕੁਝ ਲਈ ਸਾਨੂੰ ਅੰਗਰੇਜ਼ੀ ਵਰਗੀਆਂ ਭਾਸ਼ਾਵਾਂ ਤੇ ਨਿਰਭਰ ਹੋਣਾ ਪੈਂਦਾ ਹੈ। ਅਸੀਂ ਚਾਹ ਕੇ ਵੀ ਵਿਸ਼ਵ ਪੱਧਰ ਦੇ ਗਿਆਨ ਨੂੰ ਪੰਜਾਬੀ ਵਿੱਚ ਪ੍ਰਾਪਤ ਨਹੀਂ ਕਰ ਸਕਦੇ। ਇਸੇ ਲਈ ਸਮਾਜਿਕ ਵਿਗਿਆਨਾਂ ਦੇ ਡਾਕਟਰੇਟ ਪੱਧਰ ਦੇ ਖੋਜਾਰਥੀਆਂ ਦਾ ਵੀ ਅੰਗਰੇਜ਼ੀ ਤੋਂ ਬਿਨਾਂ ਗੁਜ਼ਾਰਾ ਨਹੀਂ ਹੁੰਦਾ।

**ਕਰਨ ਯੋਗ ਕੰਮ :–** ਯੂਨੀਵਰਸਿਟੀ ਪੱਧਰ ਤੇ ਪੰਜਾਬੀ ਮਾਧਿਅਮ ਵਿੱਚ ਰਿਸਰਚ ਹੋਵੇ। ਅਨੁਵਾਦ ਦੀ ਇੱਕ ਲਹਿਰ ਚਲਾਈ ਜਾਵੇ ਜਿਸ ਵਿਚ ਪਲੈਟੋ, ਕਾਂਤ, ਆਈਨ ਸਟਾਈਨ, ਡਾਰਵਿਨ ਅਤੇ ਹੈਜਨਬਰਗ ਆਦਿ ਦੇ ਕੰਮਾਂ ਦਾ ਅਨੁਵਾਦ ਕੀਤਾ ਜਾਵੇ। ਯੂਨੀਵਰਸਿਟੀਆਂ ਦੇ ਪੰਜਾਬੀ ਵਿਭਾਗ, ਭਾਸ਼ਾ ਵਿਭਾਗ ਅਤੇ ਪੰਜਾਬੀ ਯੂਨੀਵਰਸਿਟੀ ਮਿਲ ਕੇ ਵਿਗਿਆਨ ,ਕਾਨੂੰਨ ,ਤਕਨਾਲੋਜੀ ਦੇ ਵਿਸ਼ੇਸ਼ ਸ਼ਬਦ ਕੋਸ਼ ਤਿਆਰ ਕਰਵਾਏ ਅਤੇ ਉਹਨਾਂ ਨੂੰ ਸਾਰੀਆਂ ਲਾਇਬ੍ਰੇਰੀਆਂ ਵਿੱਚ ਭੇਜਣ ਦੇ ਨਾਲ ਨਾਲ ਸਸਤੇ ਮੁੱਲ ਤੇ ਉਪਲੱਬਧ ਕਰਵਾਏ। ਵਿਸ਼ਵ ਪੱਧਰ ਦਾ ਹਰ ਚੰਗਾ ਕੰਮ ਕਿਸੇ ਵੀ ਭਾਸ਼ਾ ਦਾ ਹੋਵੇ, ਪੰਜਾਬੀ ਵਿੱਚ ਅਨੁਵਾਦ ਕੀਤਾ ਜਾਵੇ। ਇਸੇ ਤਰਾਂ ਪੰਜਾਬੀ ਵਿੱਚ ਪ੍ਰਾਪਤ ਹਰ ਗਿਆਨ ਨੂੰ ਅੰਤਰਰਾਸ਼ਟਰੀ ਭਾਸ਼ਾਵਾਂ ਵਿੱਚ ਅਨੁਵਾਦ ਕਰਵਾਇਆ ਜਾਵੇ ।

ਲਿੰਗੂਆਪੈਕਸ ਸਿਰਫ ਭਾਵਨਾਵਾਂ ਨਹੀਂ, ਸਗੋਂ ਬੌਧਿਕ ਯੋਗਦਾਨ ਵੀ ਵੇਖਦਾ ਹੈ। ਪੰਜਾਬੀ ਨੂੰ ਅੰਤਰਰਾਸ਼ਟਰੀ ਪੱਧਰ ਦੇ ਗਿਆਨ ਦੀ ਭਾਸ਼ਾ ਬਣਾਏ ਜਾਣ ਲਈ ਬਹੁਤ ਜ਼ਿਆਦਾ ਕੰਮ ਕਰਨ ਦੀ ਲੋੜ ਹੈ ਜਿਸ ਪ੍ਰਤੀ ਨਾ ਸਰਕਾਰਾਂ ਅਤੇ ਨਾ ਭਾਸ਼ਾ ਸੰਬੰਧੀ ਜਥੇਬੰਦੀਆਂ ਸੰਜੀਦਾ ਰੂਪ ਵਿੱਚ ਕੁਝ ਕਰ ਰਹੀਆਂ ਹਨ।

**4.ਸਹਿਣਸ਼ੀਲਤਾ ਅਤੇ ਬਹੁ ਧਾਰਮਿਕ ਆਵਾਜ :–** ਪੰਜਾਬੀ ਦੀ ਇਹ ਤਾਕਤ ਰਹੀ ਹੈ ਕਿ ਇਹ ਸੂਫ਼ੀ, ਗੁਰਮਤਿ, ਭਗਤੀ, ਲੋਕਧਾਰਾ ਸਭ ਦੀ ਸਾਂਝੀ ਆਵਾਜ ਰਹੀ ਹੈ। ਮਹਾਨ ਸੰਤਾਂ, ਗੁਰੂਆਂ , ਸੂਫ਼ੀਆਂ ਅਤੇ ਮਹਾਨ ਲੇਖਕਾਂ ਨੇ ਪੰਜਾਬੀ ਵਿੱਚ ਬਹੁਤ ਖੂਬਸੂਰਤ ਅਧਿਆਤਮਕ, ਸਮਾਜਿਕ ਅਤੇ ਮਨੋਵਿਗਿਆਨਕ ਗਿਆਨ ਦੇਣ ਵਾਲੀਆਂ ਰਚਨਾਵਾਂ ਦੀ ਰਚਨਾ ਕੀਤੀ ਹੈ। ਗੁਰਮਤਿ ਸਾਹਿਤ, ਸੂਫ਼ੀ ਸਾਹਿਤ ਅਤੇ ਭਗਤਾਂ ਦੀ ਬਾਣੀ ਵਿੱਚ ਆਦਰਸ਼ਕ ਜੀਵਨ ਦੇ ਬਹੁਮੁੱਲੇ ਉੱਚੇ ਨੈਤਿਕ ਗੁਣ ਪੈਦਾ ਕਰਨ ਦੀ ਪ੍ਰੇਰਨਾ ਦਿੱਤੀ ਗਈ ਹੈ। ਸ਼ਾਂਤੀ, ਪ੍ਰੇਮ, ਭਾਈਚਾਰਕ ਸਾਂਝ ਦੀ ਗੱਲ ਬਹੁਤ ਜੋਰ ਸ਼ੋਰ ਨਾਲ ਕੀਤੀ ਗਈ ਹੈ। ਪੰਜਾਬੀਆਂ ਨੂੰ ਇਸ ਅਨਮੋਲ ਅਤੇ ਬਹੁਮੁੱਲੀ ਫਿਲਾਸਫੀ ਨੂੰ ਵਿਸ਼ਵ ਭਰ ਵਿੱਚ ਪ੍ਰਚਾਰਨਾ ਚਾਹੀਦਾ ਹੈ।

**ਕਰਨ ਯੋਗ ਕੰਮ:–** ਧਾਰਮਿਕ ਜਾਂ ਵਿਚਾਰਧਾਰਕ ਇੱਕਪੱਖੀ ਕਬਜਾ ਨਾ ਹੋਵੇ। ਬੁੱਲ੍ਹੇ ਸ਼ਾਹ, ਵਾਰਿਸ ਸ਼ਾਹ, ਗੁਰੂ ਨਾਨਕ, ਸ਼ਾਹ ਹੁਸੈਨ ਸਭ ਦੀ ਸਾਂਝੀ ਗੱਲ ਹੋਵੇ। ਬ੍ਰਹਿਮੰਡੀ ਸਾਂਝ, ਪ੍ਰੇਮ, ਸਹਿਣਸ਼ੀਲਤਾ ਅਤੇ ਸ਼ਾਂਤੀ ਦਾ ਮਾਰਗ ਦਿਖਾਉਂਦੇ ਹੋਏ ਸਾਹਿਤ ਦਾ ਅਨੁਵਾਦ ਸੰਸਾਰ ਭਰ ਦੀਆਂ ਭਾਸ਼ਾਵਾਂ ਵਿੱਚ ਅਨੁਵਾਦ ਹੋਣਾ ਚਾਹੀਦਾ ਹੈ। ਅਜਿਹੇ ਕੰਮਾਂ ਲਈ ਲਗਨ ਨਾਲ ਹੰਭਲਾ ਮਾਰਨ ਦੀ ਲੋੜ ਹੈ।

ਲਿੰਗੂਆਪੈਕਸ ਲਈ ਇਹ ਬਹੁਤ ਵੱਡਾ ਸਕਾਰਾਤਮਕ ਅੰਸ਼ ਹੈ।

**5. ਨਵੀਂ ਪੀੜ੍ਹੀ ਨਾਲ ਜੋੜ :–** ਅਸੀਂ ਦੇਖਦੇ ਹਾਂ ਕਿ ਨਵੀਂ ਪੀੜ੍ਹੀ ਦੇ ਬੱਚੇ ਪੰਜਾਬੀ ਬੋਲਦੇ ਤਾਂ ਹਨ , ਪਰ ਲਿਖਦੇ ਅਤੇ ਪੜ੍ਹਦੇ ਨਹੀਂ ਹਨ। ਇਹ ਬਹੁਤ ਵੱਡੀ ਖਤਰੇ ਦੀ ਘੰਟੀ ਹੈ। ਮੋਬਾਈਲ ਅਤੇ AI ਦੇ ਯੁੱਗ ਵਿੱਚ ਪੰਜਾਬੀ ਹਾਸ਼ੀਏ ਤੇ ਰਹਿ ਗਈ ਹੈ। ਪੰਜਾਬੀ ਨੌਜਵਾਨ ਪੀੜ੍ਹੀ ਨੂੰ ਪਿਆਰ ਨਾਲ ਪ੍ਰੇਰਿਆ ਜਾਵੇ ਤਾਂ ਉਹ ਬਹੁਤ ਮਸਲੇ ਆਪ ਹੀ ਹੱਲ ਕਰ ਸਕਦੇ ਹਨ।

**ਕਰਨ ਯੋਗ ਕੰਮ :–** ਏ ਆਈ, ਐਪਸ, ਆਡੀਓ ਪੁਸਤਕਾਂ, ਪੌਡਕਾਸਟ ਆਦਿ ਪੰਜਾਬੀ ਵਿੱਚ ਹੋਣੇ ਚਾਹੀਦੇ ਹਨ। ਵਿਗਿਆਨਕ ਤੇ ਦਾਰਸ਼ਨਿਕ ਯੂਟਿਊਬ ਸਮੱਗਰੀ ਪੰਜਾਬੀ ਵਿੱਚ ਹੋਣੇ ਚਾਹੀਦੇ ਹਨ। ਪੰਜਾਬੀ ਸਿਰਫ ਜਜ਼ਬਾਤ ਨਹੀਂ, ਗਿਆਨ ਵੀ ਹੈ, ਸੋਚ ਨੂੰ ਉਤਸ਼ਾਹਿਤ ਕਰਨ ਦੀ ਲੋੜ ਹੈ। ਨਵੀਂ ਪੀੜ੍ਹੀ ਨੂੰ ਵਿਗਿਆਨਕ ਗਿਆਨ ਦੀ ਲੋੜ ਹੈ ਜਿਹੜਾ ਵਿਗਿਆਨਕ ਵਿਧੀਆਂ ਰਾਹੀਂ ਹੀ ਦਿੱਤਾ ਜਾਣਾ ਚਾਹੀਦਾ ਹੈ। ਵਿਸ਼ਵਾਸ਼ ਅਤੇ ਸ਼ਰਧਾ ਆਧਾਰਿਤ ਗੱਲਾਂ ਨਵੀਂ ਪੀੜ੍ਹੀ ਨੂੰ ਨਹੀਂ ਖਿੱਚ ਸਕਣਗੀਆਂ।

**6. ਵਿਸ਼ਵ ਪੱਧਰੀ ਦਾਅਵੇਦਾਰੀ :–** ਲਿੰਗੂਆਪੈਕਸ ਪ੍ਰਾਈਜ ਆਪੇ ਨਹੀਂ ਮਿਲਦਾ। ਉਸ ਲਈ ਅਕਾਦਮਿਕ ਸੰਸਥਾਵਾਂ, ਅੰਤਰਰਾਸ਼ਟਰੀ ਭਾਸ਼ਾ ਮੰਚ, ਸੱਭਿਆਚਾਰਕ ਅਦਾਰੇ ਵਲੋਂ ਸੰਯੁਕਤ ਦਾਅਵਾ ਚਾਹੀਦਾ ਹੈ । ਅਜੇ ਪੰਜਾਬੀ ਪੱਖੋਂ ਇਹ ਗੰਭੀਰ ਕੋਸ਼ਿਸ਼ ਕਮਜ਼ੋਰ ਹੈ।

**ਸਿੱਟਾ :–** ਪੰਜਾਬੀ ਭਾਸ਼ਾ ਰੂਹਾਨੀ, ਸਾਹਿਤਿਕ ਅਤੇ ਲੋਕਧਾਰਕ ਤੌਰ ਤੇ ਲਿੰਗੂਆਪੈਕਸ ਦੇ ਪੂਰੇ ਹਾਣ ਦੀ ਹੈ। ਪਰ ਸੰਸਥਾਗਤ, ਅਕਾਦਮਿਕ ਅਤੇ ਅੰਤਰਰਾਸ਼ਟਰੀ ਪੱਧਰ ਤੇ ਅਜੇ ਹੋਰ ਮਿਹਨਤ ਚਾਹੀਦੀ ਹੈ। ਅਸੰਭਵ ਕੁਝ ਵੀ ਨਹੀਂ ਹੁੰਦਾ, ਜੇ ਸਰਕਾਰਾਂ, ਸਵੈ ਸੇਵੀ ਸੰਸਥਾਵਾਂ, ਲੇਖਕ ਵਿਦਵਾਨ ਅਤੇ ਆਮ ਲੋਕ ਰਲ ਮਿਲ ਕੇ ਕੋਸ਼ਿਸ਼ਾਂ ਕਰਨ ਤਾਂ ਅਸੀਂ ਹੌਲੀ ਹੌਲੀ ਪੰਜਾਬੀ ਨੂੰ ਹੋਰ ਵਿਕਸਿਤ ਕਰਕੇ ਇੰਨਾ ਉੱਚਾ ਲਿਜਾ ਸਕਦੇਂ ਹਾਂ ਜਿੱਥੇ ਲਿੰਗੂਆਪੈਕਸ ਪ੍ਰਾਈਜ ਵਰਗੇ ਪ੍ਰਾਈਜ ਆਪੇ ਹੀ ਭੱਜੇ ਆਉਣਗੇ।

# ਰਿਸ਼ਤਿਆਂ ਦਾ ਮਹੱਤਵ... !

ਰਿਸ਼ਤਿਆਂ ਦਾ ਬੜਾ ਮਹੱਤਵ ਹੈ। ਮਨੁੱਖ ਨੂੰ ਇੱਕ ਸਮਾਜਿਕ ਪ੍ਰਾਣੀ ਕਿਹਾ ਜਾਂਦਾ ਹੈ। ਉਹ ਸਮਾਜ ਦੇ ਬਿਨਾਂ ਨਹੀਂ ਜੀ ਸਕਦਾ। ਪਰਿਵਾਰਿਕ ਰਿਸ਼ਤਿਆਂ ਦੇ ਨਾਲ ਨਾਲ ਸਮਾਜਿਕ ਰਿਸ਼ਤਿਆਂ ਦਾ ਵੀ ਬਹੁਤ ਮਹੱਤਵ ਹੈ। ਇਹ ਸਾਡੀ ਸ਼ਖਸੀਅਤ ਦਾ ਵਿਕਾਸ ਵੀ ਕਰਦੇ ਹਨ। ਕੋਈ ਸਮਾਂ ਸੀ ਜਦੋਂ ਇੱਕ ਕੌਲੀ ਦੀ ਸਾਂਝ ਪਰਿਵਾਰਾਂ ਨੂੰ ਇੱਕ ਦੂਜੇ ਨਾਲ ਜੋੜਦੀ ਸੀ। ਆਪਣੇ ਘਰ ਬਣਾਈ ਸਬਜ਼ੀ ਇੱਕ ਕੌਲੀ ਵਿੱਚ ਪਾ ਕੇ ਗੁਆਂਢੀ ਨੂੰ ਦੇਣੀ ਇਹ ਇੱਕ ਆਮ ਵਰਤਾਰਾ ਸੀ। ਕਦੀ ਘਰੇ ਲੂਣ ਜਾਂ ਖੰਡ ਖਤਮ ਹੋ ਗਈ ਤਾਂ ਗੁਆਂਢੀ ਤੋਂ ਮੰਗ ਲੈਣੀ। ਆਲੇ ਦੁਆਲੇ ਵਿੱਚ ਕੋਈ ਚਾਚੀ ਲੱਗਦੀ ਸੀ ਕੋਈ ਮਾਸੀ। ਹਰ ਕਿਸੇ ਨੂੰ ਰਿਸ਼ਤੇ ਨਾਲ ਜੋੜਿਆ ਹੋਇਆ ਸੀ।

ਉਸ ਸਮੇਂ ਸਮਾਜਿਕ ਸਮੱਸਿਆਵਾਂ ਘੱਟ ਸਨ। ਬੱਚਿਆਂ ਵੱਲੋਂ ਖੁਦਕੁਸ਼ੀ ਦੀ ਗੱਲ ਤਾਂ ਕਦੇ ਸੁਣੀ ਹੀ ਨਹੀਂ ਸੀ। ਸੱਚ ਕਹੀਏ ਤਾਂ ਉਹਨਾਂ ਨੂੰ ਪਤਾ ਹੀ ਨਹੀਂ ਹੁੰਦਾ ਸੀ ਕਿ ਖੁਦਕੁਸ਼ੀ ਕੀ ਹੁੰਦੀ ਹੈ। ਬੱਚਾ ਸਮਾਜ ਦੀ ਨਿਗਰਾਨੀ ਵਿੱਚ ਪਲਦਾ ਸੀ। ਇਸ ਤਰ੍ਹਾਂ ਉਹ ਬਹੁਤ ਸਾਰੀਆਂ ਬੁਰਾਈਆਂ ਤੋਂ ਦੂਰ ਰਹਿੰਦਾ ਸੀ॥ ਪਰ ਅੱਜ ਅਸੀਂ ਆਪਣਾ ਇਹ ਸਮਾਜਿਕ ਤਾਣਾ ਖਤਮ ਕਰ ਦਿੱਤਾ ਹੈ। ਸਾਡੇ ਤੇ ਇਕੱਲਤਾ, ਆਜ਼ਾਦੀ ਤੇ ਪ੍ਰਾਈਵੇਸੀ ਭਾਰੂ ਹੈ। ਇਸ ਦਾ ਅਸੀਂ ਨਤੀਜਾ ਵੀ ਭੁਗਤ ਰਹੇ ਹਾਂ। ਬੱਚਿਆਂ ਵਿੱਚ ਮਨੋਵਿਗਿਆਨਿਕ ਸਮੱਸਿਆਵਾਂ ਇਸ ਆਜ਼ਾਦੀ ਦੀ ਹੀ ਦੇਣ ਹਨ॥ ਸਮਾਜ ਦਾ ਡਰ ਸਿਰ ਤੇ ਨਾ ਹੋਣ ਕਰਕੇ ਮਨੁੱਖ ਨੈਤਿਕ ਅਨੈਤਿਕ ਦਾ ਭੇਦ ਭੁੱਲ ਗਿਆ ਹੈ।

ਸਮਾਜ ਇੱਕ ਅਜਿਹਾ ਡੰਡਾ ਹੈ ਜਿਸ ਦਾ ਡਰ ਮਨੁੱਖ ਨੂੰ ਨੈਤਿਕਤਾ ਵੱਲ ਖਿੱਚਦਾ ਹੈ। ਪਰ ਹੁਣ ਅਸੀਂ ਸਿਰ ਤੋਂ ਉਹ ਡੰਡਾ ਚੁੱਕ ਲਿਆ ਹੈ। ਮੇਰੀ ਜ਼ਿੰਦਗੀ ਹੈ ਮੈਂ ਜੋ ਮਰਜ਼ੀ ਕਰਾਂ। ਇਸ ਇੱਕ ਵਾਕ ਨੇ ਸਾਨੂੰ ਤਬਾਹ ਕਰ ਦਿੱਤਾ ਹੈ। ਸਾਡਾ ਸਮਾਜਿਕ ਢਾਂਚਾ ਪੂਰੀ ਤਰ੍ਹਾਂ ਚਰਮਰਾ ਗਿਆ ਹੈ। ਸਮਾਜਿਕ ਢਾਂਚੇ ਦੇ ਬਿਖਰਨ ਦਾ ਮੁੱਖ ਕਾਰਨ ਪਰਿਵਾਰਾਂ ਦਾ ਬਿਖਰਨਾ ਹੈ। ਪਰਿਵਾਰ ਵਿੱਚ ਹਰ ਕੋਈ ਆਪਣੇ ਹਿਸਾਬ ਨਾਲ ਜਿਉਣਾ ਚਾਹੁੰਦਾ ਹੈ। ਕਿਸੇ ਨੂੰ ਕਿਸੇ ਕਿਸਮ ਦੀ ਕੋਈ ਦਖਲ ਅੰਦਾਜ਼ੀ ਪਸੰਦ ਨਹੀਂ। ਜਿੱਥੇ ਹਰ ਕੋਈ ਆਪਣੇ ਹਿਸਾਬ ਨਾਲ ਚੱਲਦਾ ਹੋਵੇ ਉੱਥੇ ਰਿਸ਼ਤਿਆਂ ਦਾ ਮਹੱਤਵ ਲਗਭਗ ਖਤਮ ਹੀ ਹੁੰਦਾ ਹੈ।



ਆਜ਼ਾਦੀ ਦੀ ਇਸ ਦੌੜ ਵਿੱਚ ਇਜਾਫਾ ਕਰਨ ਦੀ ਸਾਡੇ ਹੱਥ ਵਿੱਚ ਇੱਕ ਮੋਬਾਈਲ ਆ ਗਿਆ ਹੈ। ਇੱਕ ਅਜਿਹਾ ਹਥਿਆਰ ਜੋ ਸਾਨੂੰ ਕੋਲ ਬੈਠਿਆਂ ਤੋਂ ਦੂਰ ਕਰਦਾ ਹੈ ਤੇ ਦੂਰ ਬੈਠਿਆਂ ਦੇ ਨੇੜੇ ਕਰ ਦਿੰਦਾ ਹੈ। ਇੱਕ ਖੋਜ ਵਿੱਚ ਇਹ ਪਾਇਆ ਗਿਆ ਕਿ ਹੁਣ ਦੀ ਪੀੜੀ ਫੋਨ ਕਰਕੇ ਗੱਲ ਕਰਨ ਦੀ ਬਜਾਇ ਮੈਸੇਜ ਕਰਨਾ ਪਸੰਦ ਕਰਦੀ ਹੈ।

ਤੁਸੀਂ ਘਰ ਵਿੱਚ ਬੈਠੇ ਹੋ ਤੁਹਾਡਾ ਬੱਚਾ ਇਕਦਮ ਜਾ ਕੇ ਦਰਵਾਜ਼ਾ ਖੋਲਦਾ ਹੈ ਤੇ ਉੱਥੇ ਉਸਦਾ ਦੋਸਤ ਖੜਾ ਹੈ। ਤੁਸੀਂ ਹੈਰਾਨ ਹੁੰਦੇ ਹੋ ਕਿ ਘੰਟੀ ਤਾਂ ਵੱਜੀ ਹੀ ਨਹੀਂ ਨਾ ਫੋਨ ਦੀ ਨਾ ਦਰਵਾਜੇ ਦੀ। ਪਰ ਉਸ ਬੱਚੇ ਨੇ ਆਪਣੇ ਦੋਸਤ ਨੂੰ ਮੈਸੇਜ ਕੀਤਾ ਹੁੰਦਾ ਹੈ।

ਅਕਸਰ ਇਹ ਵੀ ਦੇਖਿਆ ਗਿਆ ਹੈ ਕਿ ਲੋਕ ਆਪਸ ਵਿੱਚ ਗੱਲਬਾਤ ਬਹੁਤ ਘੱਟ ਕਰ ਰਹੇ ਹਨ। ਪਰਿਵਾਰ ਵਿੱਚ ਜੇ ਚਾਰ ਜੀ ਹਨ ਤਾਂ ਚਾਰੋਂ ਹੀ ਆਪਣਾ ਆਪਣਾ ਕੋਈ ਨਾ ਕੋਈ ਕੰਮ ਕਰ ਰਹੇ ਹਨ। ਆਪਸੀ ਬਾਤਚੀਤ ਲਗਾਤਾਰ ਘਟਦੀ ਜਾ ਰਹੀ ਹੈ। ਇਸ ਪਿੱਛੇ ਦਾ ਮੁੱਖ ਕਾਰਨ ਇਹ ਹੈ ਕਿ ਅਸੀਂ ਆਪਣੇ ਆਪ ਨੂੰ ਮੋਬਾਈਲ ਕੰਪਿਊਟਰ ਲੈਪਟਾਪ ਇਹਨਾਂ ਦੇ ਵਿੱਚ ਇਨਾ ਗੁੰਮਗਾਰ ਲਿਆ ਹੈ ਕਿ ਸਾਡੀ ਸਾਰੀ ਦੁਨੀਆ ਇਹਨਾਂ ਵਿੱਚ ਹੀ ਸਿਮਟ ਕੇ ਰਹਿ ਗਈ ਹੈ। ਜੇਕਰ ਪਰਿਵਾਰ ਦਾ ਕੋਈ ਜੀ ਕਿਤੇ ਗਿਆ ਹੋਵੇ ਤਾਂ ਕੋਈ ਬਹੁਤਾ ਫਰਕ ਨਹੀਂ ਪੈਂਦਾ ਪਰ ਜੇਕਰ ਫੋਨ ਖਰਾਬ ਹੋ ਜਾਵੇ ਤਾਂ ਇੰਝ ਲੱਗਦਾ ਹੈ ਜਿਵੇਂ ਦੁਨੀਆਂ ਹੀ ਖਤਮ ਹੋ ਗਈ ਹੈ।

ਸਾਡੇ ਬੱਚੇ ਇੱਕ ਵਰਚੁਅਲ ਸਮਾਜ ਵਿੱਚ ਜੀ ਰਹੇ ਹਨ। ਉਸ ਵਰਚੁਅਲ ਸਮਾਜ ਵਿੱਚ ਜੋ ਉਹਨਾਂ ਨੂੰ ਭਰੋਸਿਆ ਜਾ ਰਿਹਾ ਹੈ ਉਹਨਾਂ ਨੂੰ ਉਹੀ ਜ਼ਿੰਦਗੀ ਦਾ ਸੱਚ ਲੱਗਦਾ ਹੈ। ਕਿਸੇ ਡਰਾਮੇ ਜਾਂ ਕਿਸੇ ਖੇਡ ਤੇ ਉਹ ਭਾਵਨਾਤਮਕ ਤੌਰ ਤੇ ਇੰਨੇ ਨਿਰਭਰ ਹੋ ਜਾਂਦੇ ਹਨ ਕਿ ਉਸ ਤੋਂ ਬਿਨਾਂ ਉਹਨਾਂ ਨੂੰ ਆਪਣੀ ਹੋਂਦ ਮਹਿਸੂਸ ਹੀ ਨਹੀਂ ਹੁੰਦੀ। ਉਹ ਜੋ ਦੇਖਦੇ ਹਨ ਉਹੀ ਸਮਝਦੇ ਹਨ ਤੇ ਉਸੇ ਤਰ੍ਹਾਂ ਜੀਣ ਲੱਗਦੇ ਹਨ। ਉਹਨਾਂ ਲਈ ਜ਼ਿੰਦਗੀ ਸਿਰਫ ਉਹ ਹੈ ਜੋ ਉਸ ਗੇਮ ਦਾ ਨਾਇਕ ਜੀ ਰਿਹਾ ਹੈ ਜਾਂ ਉਸ ਡਰਾਮੇ ਦਾ ਨਾਇਕ ਜਿਸ ਨੂੰ ਉਹ ਵੇਖ ਰਹੇ ਹਨ। ਜਦ ਕਿ ਅਸੀਂ ਜਾਣਦੇ ਹਾਂ ਕਿ ਜ਼ਿੰਦਗੀ ਇਸ ਤੋਂ ਬਹੁਤ ਅਲੱਗ ਹੈ।

ਤੁਸੀਂ ਸੋਚਣ ਦੀ ਕੋਸ਼ਿਸ਼ ਕਰੋ ਕਿ ਤੁਹਾਨੂੰ ਕਿੰਨੇ ਫੋਨ ਨੰਬਰ ਯਾਦ ਹਨ। ਇੱਕ ਸਮਾਂ ਸੀ ਜਦੋਂ ਸਾਨੂੰ ਹਰ ਕਿਸੇ ਦਾ ਨੰਬਰ ਜੁਬਾਨੀ ਯਾਦ ਹੁੰਦਾ ਸੀ। ਇਹ ਤਾਰ ਨਾਲ ਜੁੜੇ ਹੋਏ ਫੋਨ ਦੇ ਸਮੇਂ ਦੀ ਗੱਲ ਹੈ। ਅੱਜ ਸਾਡੀ ਸਾਰੀ ਜਾਣਕਾਰੀ ਫੋਨ ਵਿੱਚ ਹੈ। ਸਾਨੂੰ ਇੱਕ ਜਾਂ ਦੋ ਤੋਂ ਵੱਧ ਨੰਬਰ ਯਾਦ ਨਹੀਂ ਹੋਣਗੇ। ਅਸੀਂ ਤਾਂ ਆਪਣੇ ਪਾਸਵਰਡ ਵੀ ਉਸ ਫੋਨ ਵਿੱਚ ਸੇਵ ਕਰਕੇ ਰੱਖਦੇ ਹਾਂ। ਇਸ ਦਾ ਸਾਡੀ ਯਾਦ ਸ਼ਕਤੀ ਤੇ ਬਹੁਤ ਗਹਿਰਾ ਅਸਰ ਪੈ ਰਿਹਾ ਹੈ। ਮਨੁੱਖ ਦੀ ਮਾਨਸਿਕ ਸ਼ਕਤੀ ਘਟ ਰਹੀ ਹੈ।

ਅੱਜ ਹਰ ਸਮੱਸਿਆ ਦਾ ਹੱਲ ਮੋਬਾਈਲ ਹੀ ਲੱਗਦਾ ਹੈ। ਵ੍ਹਟਸਐਪ ਹੀ ਦੋਸਤੀ ਹੁੰਦੀ ਹੈ ਵਟਸਐਪ ਤੇ ਹੀ ਪਿਆਰ ਹੁੰਦਾ ਹੈ ਤੇ ਵਟਸਐਪ ਤੇ ਹੀ ਤੋੜ ਵਿਛੋੜਾ ਵੀ ਹੋ ਜਾਂਦਾ ਹੈ। ਇਸ ਮਸਨੂਈ ਕਿਸਮ ਦੇ ਪਿਆਰ ਵਿੱਚ ਪਾਤਰ ਵੀ ਮਸਨੂਈ ਹਨ। ਇਹ ਤਾਂ ਪਤਾ ਨਹੀਂ ਹੁੰਦਾ ਕਿ ਸਾਹਮਣੇ ਕੌਣ ਹੈ। ਜੋ ਉਹ ਆਪਣੇ ਬਾਰੇ ਦੱਸਦਾ ਹੈ ਉਸ ਨੂੰ ਹੀ ਸੱਚ ਮੰਨ ਕੇ ਉਸ ਨਾਲ ਗੱਲ ਕੀਤੀ ਜਾਂਦੀ ਹੈ। ਬਹੁਤ ਸਾਰੇ ਲੋਕ ਇਸ ਤਰ੍ਹਾਂ ਧੋਖਾ ਧੜੀ ਵੀ ਕਰਦੇ ਹਨ। ਨਾਜ਼ੁਕ ਦਿਲ ਵਾਲੇ ਇਸ ਜਾਲ ਵਿੱਚ ਉਲਝ ਜਾਂਦੇ ਹਨ ਤੇ ਕਈ ਵਾਰ ਆਪਣਾ ਮਾਨਸਿਕ ਸੰਤੁਲਨ ਜਾਂ ਜ਼ਿੰਦਗੀ ਗੁਆ ਬੈਠਦੇ ਹਨ।

ਨਕਫਲਿਕਸ ਜਾਂ ਵੈਬ ਸੀਰੀਜ਼ ਦਾ ਜਾਲ ਤੁਹਾਨੂੰ ਇੱਕ ਵੱਖਰੀ ਦੁਨੀਆਂ ਵਿੱਚ ਲੈ ਜਾਂਦਾ ਹੈ। ਬੱਚੇ ਜੋ ਦੇਖਦੇ ਹਨ ਉਸੇ ਨੂੰ ਹੀ ਸੱਚ ਮੰਨਦੇ ਹਨ। ਜਦੋਂ ਉਹ ਅਸਲ ਸਮਾਜ ਵਿੱਚ ਨਹੀਂ ਵਿਚਰਦੇ ਤਾਂ ਉਹਨਾਂ ਨੂੰ ਸਮਝ ਹੀ ਨਹੀਂ ਹੁੰਦੀ ਕਿ ਸਮਾਜ ਅਸਲ ਵਿੱਚ ਹੈ ਕੀ। ਉਹਨਾਂ ਨੂੰ ਸਿਰਫ ਉਹੀ ਸੱਚ ਲੱਗਦਾ ਹੈ ਜੋ ਉਹ ਵੇਖਦੇ ਹਨ। ਇਸੇ ਲਈ ਬੱਚਿਆਂ ਦੇ ਦੂਜਿਆਂ ਨਾਲ ਆਪਸੀ ਸੰਬੰਧ ਬਹੁਤੇ ਗੂੜੇ ਨਹੀਂ ਹੁੰਦੇ। ਅਜਿਹੇ ਇਕੱਲੇਪਣ ਦੀ ਸ਼ਿਕਾਰ ਜਦੋਂ ਕਿਸੇ ਨਾਲ ਸੰਬੰਧ ਵਿੱਚ ਪੈਂਦੇ ਹਨ ਤਾਂ ਉਸਨੂੰ ਸੰਭਾਲ ਨਹੀਂ ਪਾਉਂਦੇ। ਅਸਲ ਵਿੱਚ ਭਾਵਨਾਤਮਕ ਤਰੀਕੇ ਨਾਲ ਚੱਲਣਾ ਹੀ ਨਹੀਂ ਆਉਂਦਾ।

ਜਦੋਂ ਬੱਚੇ ਵੀਡੀਓ ਗੇਮ ਖੇਲਦੇ ਹਨ ਤਾਂ ਸਭ ਕੁਝ ਉਹਨਾਂ ਦੇ ਮੁਤਾਬਕ ਹੁੰਦਾ ਹੈ। ਨਿੱਕੇ ਬੱਚੇ ਹੀ ਵੀਡੀਓ ਗੇਮ ਖੇਡਣ ਲੱਗਦੇ ਹਨ। ਗੇਮ ਹਾਰਨ ਤੋਂ ਬਾਅਦ ਨਵੇਂ ਸਿਰ ਤੋਂ ਸ਼ੁਰੂ ਕਰਕੇ ਜਿੱਤਿਆ ਜਾ ਸਕਦਾ ਹੈ। ਇਸ ਤਰ੍ਹਾਂ ਬੱਚਾ ਆਪਣੇ ਹਿਸਾਬ ਨਾਲ ਸਭ ਕੁਝ ਨੂੰ ਕੰਟਰੋਲ ਕਰਨ ਦੀ ਕੋਸ਼ਿਸ਼ ਕਰਦਾ ਹੈ। ਉਸ ਨੂੰ ਇੰਜ ਮਹਿਸੂਸ ਹੁੰਦਾ ਹੈ ਕਿ ਜ਼ਿੰਦਗੀ ਇੱਕ ਵੀਡੀਓ ਗੇਮ ਦੀ ਤਰ੍ਹਾਂ ਹੈ। ਪਰ ਸੱਚਾਈ ਇਸ ਤੋਂ ਬਿਲਕੁਲ ਵੱਖਰੀ ਹੈ ਤੇ ਜਦੋਂ ਬੱਚੇ ਨੂੰ ਸੱਚ ਦਾ ਸਾਹਮਣਾ ਕਰਨਾ ਪੈਂਦਾ ਹੈ ਉਸ ਨੂੰ ਬਹੁਤ ਔਖਾ ਲੱਗਦਾ ਹੈ।



ਹਰਪ੍ਰੀਤ ਕੌਰ ਸੰਧੂ

ਮਾਂ ਬਾਪ ਰਿਸ਼ਤੇਦਾਰਾਂ ਤੋਂ ਦੂਰ ਰੱਖਦੇ ਹਨ ਆਪਣੇ ਬੱਚਿਆਂ ਨੂੰ। ਉਹ ਬੱਚਿਆਂ ਨੂੰ ਆਪਣੇ ਤੱਕ ਸੀਮਤ ਕਰ ਲੈਂਦੇ ਹਨ। ਸਮਾਜਿਕ ਰਿਸ਼ਤੇ ਬੰਦੇ ਦੀ ਬਹੁਤ ਵੱਡੀ ਜਰੂਰਤ ਹਨ। ਇਹ ਰਿਸ਼ਤੇ ਬੱਚੇ ਨੂੰ ਭਾਵਨਾਤਮਕ ਤੌਰ ਤੇ ਮਜਬੂਤ ਕਰਦੇ ਹਨ।

ਜਿਹੜੇ ਬੱਚੇ ਇੱਕ ਵੱਡੇ ਪਰਿਵਾਰ ਵਿੱਚ ਪਲਦੇ ਹਨ ਉਹ ਭਾਵਨਾਤਮਕ ਤੌਰ ਤੇ ਮਜਬੂਤ ਹੁੰਦੇ ਹਨ। ਉਹਨਾਂ ਵਿੱਚ ਕਿਸੇ ਕਿਸਮ ਦਾ ਡਰ ਬਹੁਤ ਘੱਟ ਹੁੰਦਾ ਹੈ। ਉਹ ਜ਼ਿੰਦਗੀ ਦੇ ਸਾਹਮਣਾ ਸੌਖੇ ਤਰੀਕੇ ਨਾਲ ਕਰਦੇ ਹਨ। ਛੋਟੇ ਪਰਿਵਾਰ ਵਿੱਚ ਰਹਿਣ ਵਾਲੇ ਬੱਚੇ ਆਪਣੇ ਆਪ ਵਿੱਚ ਹੀ ਸਿਮਟ ਕੇ ਰਹਿ ਜਾਂਦੇ ਹਨ। ਉਹਨਾਂ ਦੇ ਅੰਦਰ ਕਿਤੇ ਖਾਲੀਪਣ ਜਰੂਰ ਹੁੰਦਾ ਹੈ। ਸਮਾਜਿਕ ਰਿਸ਼ਤਿਆਂ ਦਾ ਨਿੱਘ ਮਨੁੱਖ ਨੂੰ ਮਜਬੂਤੀ ਦਿੰਦਾ ਹੈ। ਜਿਵੇਂ ਜਿਵੇਂ ਅਸੀਂ ਆਪਣੇ ਰਿਸ਼ਤਿਆਂ ਨਾਲੋਂ ਪਰਿਵਾਰਾਂ ਨਾਲੋਂ ਦੂਰ ਹੋ ਰਹੇ ਹਾਂ ਉਵੇਂ ਹੀ ਅਸੀਂ ਆਪਣੇ ਮਾਨਸਿਕ ਦਬਾਅ ਨੂੰ ਵਧਾ ਰਹੇ ਹਾਂ।

ਵੱਡੇ ਪਰਿਵਾਰ ਵਿੱਚ ਬੱਚੇ ਦੀ ਮਾਨਸਿਕ ਸੁਰੱਖਿਆ ਲਈ ਬਜ਼ੁਰਗ ਮੌਜੂਦ ਹੁੰਦੇ ਸਨ। ਹਾਣ ਦਿਆ ਨਾਲ ਖੇਡਣ ਲਈ ਪਰਿਵਾਰ ਦੇ ਹੋਰ ਬੱਚੇ ਮੌਜੂਦ ਹੁੰਦੇ ਸਨ। ਬੱਚੇ ਨੂੰ ਕਈ ਤਰ੍ਹਾਂ ਦੇ ਰਿਸ਼ਤਿਆਂ ਦਾ ਪਿਆਰ ਮਿਲਦਾ ਸੀ। ਪਿਆਰ ਮਨੁੱਖ ਦੀ ਬੁਨਿਆਦੀ ਜਰੂਰਤ ਹੈ। ਹੁਣ ਜਦੋਂ ਮਾਤਾ ਪਿਤਾ ਦੋਵੇਂ ਕੰਮ ਕਰਦੇ ਹਨ ਤਾਂ ਬੱਚੇ ਅਕਸਰ ਘਰ ਵਿੱਚ ਇਕੱਲੇ ਰਹਿੰਦੇ ਹਨ। ਅਜਿਹੇ ਵਿੱਚ ਬੱਚੇ ਜਾਂ ਤਾਂ ਨੌਕਰਾਂ ਤੇ ਨਿਰਭਰ ਹਨ ਜਾਂ ਲੈਪਟਾਪ ਮੋਬਾਈਲ ਤੇ ਕੰਪਿਊਟਰ ਤੇ। ਇਸ ਤਰ੍ਹਾਂ ਦੇ ਬੱਚੇ ਅਕਸਰ ਜ਼ਿੰਦਗੀ ਦਾ ਸਭ ਤੋਂ ਜਰੂਰੀ ਤੱਤ ਭਾਵਨਾਤਮਕ ਸੰਬੰਧ ਅਤੇ ਰਿਸ਼ਤਿਆਂ ਤੋਂ ਦੂਰ ਹੋਣ ਕਰਕੇ ਕਿਤੇ ਨਾ ਕਿਤੇ ਮਾਨਸਿਕ ਤੌਰ ਤੇ ਕਮਜ਼ੋਰ ਹੋ ਜਾਂਦੇ ਹਨ।

ਮਨੁੱਖ ਨੂੰ ਜੋ ਸੁਰੱਖਿਆ ਮਨੁੱਖ ਦੇ ਸਕਦਾ ਹੈ ਉਹ ਕੋਈ ਵੀ ਗੈਜਟ ਜਾਂ ਮਸ਼ੀਨ ਨਹੀਂ ਦੇ ਸਕਦੀ। ਇਸ ਗੱਲ ਨੂੰ ਸਮਝ ਲੈਣਾ ਬਹੁਤ ਜਰੂਰੀ ਹੈ ਕਿ ਅਸੀਂ ਸਾਰੇ ਸਮਾਜ ਰੂਪੀ ਇੱਕ ਵੱਡੇ ਪਰਿਵਾਰ ਦਾ ਹਿੱਸਾ ਹਾਂ। ਇਸ ਵਿੱਚ ਰਹਿ ਕੇ ਹੀ ਅਸੀਂ ਸੁਰੱਖਿਤ ਵੀ ਹਾਂ ਤੇ ਕਾਮਯਾਬ ਵੀ ਹਾਂ। ਜੇਕਰ ਅਸੀਂ ਆਪਣੀ ਨਵੀਂ ਪੀੜੀ ਨੂੰ ਮੋਬਾਈਲ ਦੀ ਕੈਦ ਚੋਂ ਕੱਢਣਾ ਹੈ ਤਾਂ ਸਾਨੂੰ ਰਿਸ਼ਤਿਆਂ ਦੀ ਲੋੜ ਪਵੇਗੀ। ਸਾਨੂੰ ਆਪਣੇ ਬੱਚੇ ਨੂੰ ਸਮਾਜਿਕ ਤੌਰ ਤੇ ਜੋੜਨਾ ਪਵੇਗਾ। ਜੇਕਰ ਹਜੇ ਵੀ ਅਸੀਂ ਇਹ ਨਾ ਸਮਝੇ ਤਾਂ ਸਾਡੀ ਆਉਣ ਵਾਲੀ ਪੀੜ੍ਹੀ ਬਹੁਤ ਸਾਰੀਆਂ ਪਰੇਸ਼ਾਨੀਆਂ ਦਾ ਸ਼ਿਕਾਰ ਹੋਵੇਗੀ। ਇਸ ਲਈ ਬਹੁਤ ਜਰੂਰੀ ਹੈ ਕਿ ਅਸੀਂ ਇੱਕ ਵਾਰ ਫਿਰ ਤੋਂ ਇਸ ਮੋਬਾਈਲ ਤੇ ਵੈਬ ਸੀਰੀਜ਼ ਦੇ ਜਾਲ ਚੋਂ ਨਿਕਲ ਕੇ ਅਸਲੀਅਤ ਦੀ ਦੁਨੀਆ ਵਿੱਚ ਵਿਚਰੀਏ। ਇਸ ਵਿੱਚ ਦਿਖਾਈ ਗਈ ਹਿੰਸਾ ਤੋਂ ਆਪਣੇ ਬੱਚੇ ਨੂੰ ਬਚਾਈਏ। ਆਪਣੇ ਬੱਚਿਆਂ ਵਿੱਚ ਸੁਰੱਖਿਆ ਦੀ ਭਾਵਨਾ ਪੈਦਾ ਕਰਨ ਲਈ ਉਹਨਾਂ ਨੂੰ ਪਰਿਵਾਰਿਕ ਰਿਸ਼ਤਿਆਂ ਦਾ ਮਹੱਤਵ ਸਮਝਾਈਏ।

# ਰੁੱਖ ਵੱਢਿਆ ਗਿਆ...



ਰੁੱਖ ਵੱਢਿਆ ਗਿਆ...ਪੰਖੇਰੂ ਉੱਡ ਗਏ..ਘੁੱਗੀ ਦਾ ਆਲ੍ਹਣਾ ਵੀ ਭੋਏਂ ਵਿਚ ਰੁਲ ਗਿਆ..ਕਿਸੇ ਤਰ੍ਹਾਂ ਬੋਟਾਂ ਨੂੰ ਲੈ ਦੂਜੇ ਪਿੰਡ ਪਰਵਾਸ ਕਰ ਗਈ...ਇੱਕ ਸੰਘਣੇ ਰੁੱਖ ਤੇ ਨਵਾਂ ਆਲ੍ਹਣਾ ਪਾ ਲਿਆ..ਪਰ ਵੱਢੇ ਹੋਏ ਨੂੰ ਦਿਲੋਂ ਵਿਸਾਰ ਨਾ ਸਕੀ...ਆਨੇ ਬਹਾਨੇ ਯਾਦ ਕਰਦੀ ਹੀ ਰਹਿੰਦੀ...ਕਦੇ ਕਦੇ ਦੋ ਚਾਰ ਹੰਝੂ ਵੀ ਕਿਰ ਜਾਂਦੇ...ਫੇਰ ਇੱਕ ਦਿਨ ਖੁਦ ਜਹਾਨੋਂ ਰਵਾਨਗੀ ਪਾ ਗਈ..!

ਵੱਡਾ ਤਾਂ ਸਭ ਕੁਝ ਭੁੱਲ ਗਿਆ ਪਰ ਨਿੱਕੇ ਨੇ ਮਾਂ ਵੀ ਯਾਦ ਰੱਖੀ ਤੇ ਕਿਰ ਗਏ ਉਸਦੇ ਹੰਝੂ ਵੀ...ਇਹ ਵੀ ਨਾ ਭੁੱਲਿਆ ਕੇ ਜੰਮਣ ਵਾਲੀ ਨੂੰ ਵੱਢੇ ਹੋਏ ਰੁੱਖ ਦਾ ਹੇਰਵਾ ਹੀ ਲੈ ਬੈਠਾ ਸੀ..!

ਇੱਕ ਦਿਨ ਵਜਦ ਵਿਚ ਆਇਆ ਵੱਡੇ ਨੂੰ ਆਖਣ ਲੱਗਾ ਚੱਲ ਪੁਰਾਣੇ ਪਿੰਡ ਗੇੜਾ ਮਾਰ ਕੇ ਆਈਏ..ਵੇਖੀਏ ਉਹ ਰੁੱਖ ਹੈ ਕੇ ਨਹੀਂ!

ਅੱਗੋਂ ਮਜਾਕ ਉਡਾਉਣ ਲੱਗਾ..ਕਿਹੜਾ ਪੁਰਾਣਾ ਪਿੰਡ..ਸਭ ਕੁਝ ਤੇ ਹੈ ਇਥੇ..ਦਾਣਾ ਪਾਣੀ ਮਾਹੌਲ ਠੰਡੀ ਛਾਂ..ਤੇ ਨਾਲ ਨਾ ਜਾਣ ਦੀ ਤਾਕੀਦ ਕਰਦਾ ਹੋਇਆ ਕਬੂਤਰਾਂ ਦੇ ਝੁੰਡ ਨਾਲ ਉੱਚੀਆਂ ਹਵਾਵਾਂ ਵੱਲ ਨੂੰ ਉਡਾਰੀ ਮਾਰ ਗਿਆ..!

ਨਿੱਕੇ ਨੇ ਕੁਝ ਸੋਚਿਆ..ਫੇਰ ਕੱਲਾ ਹੀ ਓਧਰ ਨੂੰ ਹੋ ਤੁਰਿਆ..ਅੱਗੇ ਟਾਹਣ ਦੇ ਸਿਖਰ ਤੇ ਕਰੂੰਬਲਾਂ ਫੁੱਟੀਆਂ ਪਈਆਂ ਸਨ..ਆਥਣ ਤੀਕਰ ਟੀਸੀ ਤੇ ਬੈਠ ਮਾਂ ਨੂੰ ਯਾਦ ਕੀਤਾ..ਫੇਰ ਮਗਰ ਲੱਭਣ ਆਏ ਵੱਡੇ ਭਰਾ ਨੂੰ ਆਖਣ ਲੱਗਾ ਤੂੰ ਵਾਪਿਸ ਪਰਤ ਜਾ..ਮੈਂ ਹੁਣ ਇਥੇ ਹੀ ਰਹੂੰ..!

ਵੱਡਾ ਆਖਣ ਲੱਗਾ ਧੁੱਪ ਛਾਂ ਮੀਂਹ ਹਨੇਰੀ ਝੱਖੜ ਤੂਫ਼ਾਨਾਂ ਤੋਂ ਕੌਣ ਬਚਾਊ..ਅੱਗੋਂ ਆਹੰਦਾ ਮਾਂ ਦੇ ਸੁਫਨਿਆਂ ਦੀ ਬੁੱਕਲ..!

ਕਿਸੇ ਸੰਘਰਸ਼ੀ ਬੀਬੀ ਦੀ ਦੱਸ ਪਈ..ਛੱਤਾਂ ਚੋਂਦੀਆਂ ਸਨ..ਮੁਰੰਮਤ ਵੇਲੇ ਨਿੱਕ ਸੁੱਕ ਸਾਂਭਣ ਲੱਗੇ..ਰਖਣੇ ਚੋਂ ਇੱਕ ਪੁਰਾਣੀ ਫੋਟੋ ਲੱਭੀ..ਮਾਤਾ ਨੂੰ ਪੁੱਛਿਆ ਬੇਬੇ ਤੇਰੇ ਤਿੰਨ ਪੁੱਤ ਸ਼ਹੀਦ ਹੋਏ..ਅੱਗੋਂ ਕੁਝ ਨਾ ਬੋਲੀ..ਸਿਰ ਦੇ ਲੀੜੇ ਨਾਲ ਫੋਟੋ ਤੋਂ ਘੱਟਾ ਪੂੰਝਿਆ ਤੇ ਆਖਣ ਲੱਗੀ ਆਹ ਵੇਖ ਚੋਥਾ ਪੈਰਾਂ ਵਿਚ ਲੰਮਾ ਪਿਆ..!

ਸੁਫਨਿਆਂ ਦੀ ਬੁੱਕਲ ਦਾ ਆਸਰਾ ਦੋਵੇਂ ਪਾਸੇ ਹੀ ਹੁੰਦਾ..ਕਦੇ ਪੁੱਤਰਾਂ ਨੂੰ ਤੇ ਕਦੇ ਮਾਂ ਨੂੰ..ਪਰ ਇਸ ਨੂੰ ਢੂੰਡ ਦੇਣ ਦਾ ਹੀਆ ਰੱਬ ਵੀ ਨਹੀਂ ਕਰਦਾ..ਕਿਓਂਕੇ ਉਹ ਹਰ ਪਾਸੇ ਨਹੀਂ ਸੀ ਵਿਚਰ ਸਕਦਾ..ਇਸੇ ਲਈ ਫੇਰ ਇੱਕ ਮਾਂ ਸਿਰਜ ਦਿੱਤੀ!

ਹਰਪ੍ਰੀਤ ਸਿੰਘ ਜਵੰਦਾ

# ਔਰਤਾਂ... !

ਔਰਤਾਂ ਇੱਕ ਉਲਝੇ ਹੋਏ ਆਦਮੀ ਨੂੰ ਪਿਆਰ ਕਰਦੀਆਂ ਹਨ। ਉਹ ਹਮੇਸ਼ਾ ਕਿਸੇ ਉਲਝੇ ਹੋਏ ਆਦਮੀ ਦੀ ਭਾਲ ਵਿੱਚ ਰਹਿੰਦੀਆਂ ਹਨ – ਕਿਸੇ ਅਜਿਹੇ ਦੀ ਜੋ ਥੋੜ੍ਹਾ ਪਾਗਲ, ਥੋੜ੍ਹਾ ਸਨਕੀ ਹੋਵੇ। ਕਿਉਂਕਿ ਪਾਗਲਪਨ ਵਿੱਚ ਇੱਕ ਆਕਰਸ਼ਣ ਹੁੰਦਾ ਹੈ; ਇੱਕ ਆਦਮੀ ਜੋ ਸਨਕੀ, ਉਲਝਿਆ ਹੋਇਆ ਹੁੰਦਾ ਹੈ, ਉਸ ਵਿੱਚ ਇੱਕ ਖਾਸ ਚੁੰਬਕਤਾ ਹੁੰਦੀ ਹੈ। ਉਹ ਸੰਭਾਵਨਾਵਾਂ ਨਾਲ ਭਰਿਆ ਹੁੰਦਾ ਹੈ, ਸੁਪਨਿਆਂ ਨਾਲ ਭਰਿਆ ਹੁੰਦਾ ਹੈ। ਔਰਤਾਂ ਸੁਪਨਸਾਜ ਨੂੰ ਪਿਆਰ ਕਰਦੀਆਂ ਹਨ।



ਅਤੇ ਆਦਮੀ? ਆਦਮੀ ਇੱਕ ਸਮਝਦਾਰ, ਸਥਿਰ ਔਰਤ ਨੂੰ ਪਿਆਰ ਕਰਦੇ ਹਨ– ਨਹੀਂ ਤਾਂ ਉਹ ਸੱਚਮੁੱਚ ਪਾਗਲ ਹੋ ਜਾਣ – ਉਹਨਾਂ ਨੂੰ ਧਰਤੀ 'ਤੇ ਟਿਕਾ ਕੇ ਰੱਖਣ ਲਈ। ਔਰਤ ਧਰਤੀ ਦਾ ਪ੍ਰਤੀਕ ਹੈ। ਆਦਮੀ ਨੂੰ ਔਰਤ ਦੀ ਲੋੜ ਹੈ ਕਿਉਂਕਿ ਉਸਦੇ ਆਪਣੇ ਵਜੂਦ ਵਿੱਚ ਜੜ੍ਹਾਂ ਨਹੀਂ ਹੁੰਦੀਆਂ। ਉਸਨੂੰ ਔਰਤ ਚਾਹੀਦੀ ਹੈ – ਉਹ ਗਰਮ ਧਰਤੀ, ਉਹ ਡੂੰਘੀ ਮਿੱਟੀ – ਜਿੱਥੇ ਉਹ ਆਪਣੀਆਂ ਜੜ੍ਹਾਂ ਫੈਲਾ ਸਕੇ ਅਤੇ ਧਰਤੀ ਨਾਲ ਜੁੜਿਆ ਰਹਿ ਸਕੇ। ਉਹ ਡਰਦਾ ਹੈ—ਉਸ ਕੋਲ਼ ਖੰਭ ਤਾਂ ਹਨ, ਪਰ ਜੜ੍ਹਾਂ ਨਹੀਂ। ਅਤੇ ਉਸਨੂੰ ਡਰ ਹੈ ਕਿ ਜੇਕਰ ਉਹ ਧਰਤੀ ਨੂੰ ਫੜ ਕੇ ਨਹੀਂ ਰੱਖਦਾ ਤਾਂ ਕਿਤੇ ਉਹ ਉੱਡ ਨਾ ਜਾਵੇ, ਅਨੰਤ ਅਸਮਾਨ ਵਿੱਚ ਅਲੋਪ ਨਾ ਹੋ ਜਾਵੇ, ਗਵਾਚ ਨਾ ਜਾਵੇ ਤੇ ਫਿਰ ਮੁੜਨਾ ਸੰਭਵ ਹੀ ਨਾ ਰਹੇ। ਇਹੀ ਡਰ ਆਦਮੀਆਂ ਨੂੰ ਔਰਤਾਂ ਪਿੱਛੇ ਦੁੜਾਉਂਦਾ ਹੈ ਅਤੇ ਔਰਤ ਕੋਲ਼ ਖੰਭ ਨਹੀਂ ਹੁੰਦੇ। ਉਸ ਕੋਲ਼ ਜੜ੍ਹਾਂ ਹੁੰਦੀਆਂ ਹਨ – ਡੂੰਘੀਆਂ ਜੜ੍ਹਾਂ; ਔਰਤ ਸ਼ੁੱਧ ਧਰਤੀ ਹੈ। ਅਤੇ ਉਸਨੂੰ ਡਰ ਹੈ ਕਿ ਜੇਕਰ ਉਹ ਇਕੱਲੀ ਰਹਿ ਗਈ ਤਾਂ ਉਹ ਕਦੇ ਵੀ ਅਗਿਆਤ ਵਿੱਚ ਉੱਡ ਨਹੀਂ ਸਕੇਗੀ। ਆਦਮੀ ਔਰਤ ਤੋਂ ਬਿਨਾਂ ਨਹੀਂ ਰਹਿ ਸਕਦਾ, ਕਿਉਂਕਿ ਫਿਰ ਉਹ ਆਪਣੀਆਂ ਜੜ੍ਹਾਂ ਗੁਆ ਦਿੰਦਾ ਹੈ। ਉਹ ਸਿਰਫ਼ ਇੱਕ ਅਵਾਰਾ ਬਣ ਜਾਂਦਾ ਹੈ। ਫਿਰ ਉਸਦਾ ਕਿਤੇ ਕੋਈ ਟਿਕਾਣਾ ਨਹੀਂ ਰਹਿੰਦਾ। ਜ਼ਰਾ ਉਸ ਆਦਮੀ ਨੂੰ ਦੇਖੋ ਜਿਸਦੀ ਜ਼ਿੰਦਗੀ ਵਿੱਚ ਕੋਈ ਔਰਤ ਨਹੀਂ ਹੈ: ਉਹ ਕਿਤੇ ਦਾ ਨਹੀਂ ਰਹਿੰਦਾ, ਉਸਦਾ ਕੋਈ ਘਰ ਨਹੀਂ ਹੁੰਦਾ, ਉਹ ਵਹਿੰਦਾ ਹੋਇਆ ਲਕੜੀ ਦਾ ਟੁਕੜਾ ਬਣ ਜਾਂਦਾ ਹੈ – ਲਹਿਰਾਂ ਉਸਨੂੰ ਜਿੱਥੇ ਮਰਜ਼ੀ ਲੈ ਜਾਂਦੀਆਂ ਹਨ – ਜਦੋਂ ਤੱਕ ਉਹ ਕਿਤੇ ਕਿਸੇ ਔਰਤ ਨਾਲ ਉਲਝ ਨਹੀਂ ਜਾਂਦਾ; ਫਿਰ ਘਰ ਦਾ ਜਨਮ ਹੁੰਦਾ ਹੈ।

ਖੋਜਕਰਤਾ ਕਹਿੰਦੇ ਹਨ ਕਿ 'ਘਰ' ਔਰਤ ਦੀ ਰਚਨਾ ਹੈ। ਜੇਕਰ ਆਦਮੀ ਇਕੱਲਾ ਰਹਿੰਦਾ ਤਾਂ ਨਾ ਤਾਂ ਘਰ ਹੁੰਦਾ ਅਤੇ ਨਾ ਹੀ ਸੱਭਿਅਤਾ।

ਔਰਤ ਤੋਂ ਬਿਨਾਂ ਆਦਮੀ ਇੱਕ ਭਟਕਿਆ ਹੋਇਆ ਯਾਤਰੀ ਹੈ, ਇੱਕ ਅਵਾਰਾ। ਇਸ ਲਈ ਦੇਰ–ਸਵੇਰ, ਉਸਨੂੰ ਜੜ੍ਹਾਂ ਜਮਾਉਣ ਦੀ ਜ਼ਰੂਰਤ ਪੈਂਦੀ ਹੈ। ਔਰਤ ਉਸਦੀ ਧਰਤੀ ਬਣ ਜਾਂਦੀ ਹੈ। ਜਦੋਂ ਤੱਕ ਆਦਮੀ ਆਪਣੇ ਅੰਦਰ ਕੁਝ ਅਜਿਹਾ ਨਹੀਂ ਲੱਭ ਲੈਂਦਾ ਜੋ ਉਸਦੀ ਧਰਤੀ ਬਣ ਸਕੇ, ਜਦੋਂ ਤੱਕ ਉਹ ਆਪਣੀ ਅੰਦਰੂਨੀ ਔਰਤ ਨੂੰ ਨਹੀਂ ਲੱਭ ਲੈਂਦਾ, ਓਦੋਂ ਤੱਕ ਉਸਨੂੰ ਬਾਹਰੀ ਔਰਤ ਦੀ ਭਾਲ ਕਰਨੀ ਹੀ ਪਵੇਗੀ।

— ਓਸ਼ੋ

